ਰਾਗੁ ਬਿਲਾਵਲੁ ਮਹਲਾ ੫ ਅਸਟਪਦੀ ਘਰੁ ੧੨ ੧ੴ ਸਤਿਗੁਰ ਪ੍ਰਸਾਦਿ ॥ ਉਪਮਾ ਜਾਤ ਨ ਕਹੀ ਮੇਰੇ ਪ੍ਰਭ ਕੀ, ਉਪਮਾ ਜਾਤ ਨ ਕਹੀ ॥ ਤਜਿ ਆਨ ਸਰਣਿ ਗਹੀ ॥੧॥ਰਹਾਉ॥ ਪ੍ਰਭ ਚਰਨ ਕਮਲ ਅਪਾਰ ॥ ਹਉ ਜਾਉ ਸਦ ਬਲਿਹਾਰ ॥ ਮਨਿ ਪ੍ਰੀਤਿ ਲਾਗੀ ਤਾਹਿ ॥ ਤਜਿ ਆਨ ਕਤਹਿ ਨ ਜਾਹਿ ॥੧॥ ਹਰਿ ਨਾਮ ਰਸਨਾ ਕਹਨ ॥ ਮਲ ਪਾਪ ਕਲਮਲ ਦਹਨ ॥ ਚੜਿ ਨਾਵ ਸੰਤ ਉਧਾਰਿ ॥ ਭੈ ਤਰੇ ਸਾਗਰ ਪਾਰਿ ॥੨॥ ਮਨਿ ਡੋਰਿ ਪ੍ਰੇਮ ਪਰੀਤਿ ॥ ਇਹ ਸੰਤ ਨਿਰਮਲ ਰੀਤਿ ॥ ਤਜਿ ਗਏ ਪਾਪ ਬਿਕਾਰ ॥ ਹਰਿ ਮਿਲੇ ਪ੍ਰਭ ਨਿਰੰਕਾਰ ॥੩॥ ਪ੍ਰਭ ਪੇਖੀਐ ਬਿਸਮਾਦ ॥ ਚਖਿ ਅਨਦ ਪੂਰਨ ਸਾਦ ॥ ਨਹ ਡੋਲੀਐ ਇਤ ਊਤ ॥ ਪ੍ਰਭ ਬਸੇ ਹਰਿ ਹਰਿ ਚੀਤ ॥੪॥ (ਹੇ ਭਾਈ!) ਮੇਰੇ ਪ੍ਰਭੂ ਦੀ ਉਪਮਾ (ਰਸਨਾ ਨਾਲ ਪੂਰੀ ਤਰ੍ਹਾਂ) ਕਹੀ ਨਹੀਂ ਜਾ ਸਕਦੀ ਅਤੇ ਨਾ ਹੀ (ਮਨ ਕਰਕੇ) ਪ੍ਰਭੂ ਦੀ ਉਪਮਾ ਕਹੀ ਜਾ ਸਕਦੀ ਹੈ (ਸੰਸਾਰੀ ਪੁਰਖਾਂ ਪਾਸੋਂ ਅਤੇ ਦੇਵੀ ਦੇਵਤਿਆਂ ਪਾਸੋਂ ਪ੍ਰਭੂ ਦੀ ਉਪਮਾ ਕਹੀ ਨਹੀਂ ਜਾ ਸਕਦੀ, ਉਸ ਦੀ ਉਪਮਾ ਦਾ ਕੋਈ ਅੰਤ ਨਹੀਂ)। ਮੈਂ ਹੋਰ (ਸਾਰੇ ਦੇਵੀ ਦੇਵਤਿਆਂ ਦੇ ਆਸਰੇ ਛਡ ਕੇ) ਪ੍ਰਭੂ ਦੀ ਸ਼ਰਣ ਫੜੀ ਹੈ।੧।ਰਹਾਉ।ਬੇਅੰਤ ਪ੍ਰਭੂ ਦੇ ਚਰਨਾਂ ਕਮਲਾਂ ਤੋਂ ਮੈਂ ਬਲਿਹਾਰ ਜਾਂਦਾ ਹਾਂ।ਮੇਰੇ ਮਨ ਵਿਚ ਉਨ੍ਹਾਂ (ਚਰਨਾਂ) ਦੀ ਪ੍ਰੀਤ ਲੱਗੀ ਹੋਈ ਹੈ।(ਪ੍ਰਭੂ ਦੇ ਚਰਨ ਕਮਲ) ਛਡ ਕੇ ਅਸੀਂ ਹੋਰ ਕਿ ਕਿਸੇ ਪਾਸੇ ਨਹੀਂ ਜਾਂਦੇ।੧।(ਹੇ ਭਾਈ!) ਜੀਭ ਨਾਲ ਪ੍ਰਭੂ ਦਾ ਨਾਮ ਉਚਾਰਦਿਆਂ ਪਾਪਾਂ ਦੀ ਮੈਲ ਅਤੇ ਪਾਪ ਸੜ ਜਾਂਦੇ ਹਨ।ਸੰਤਾਂ (ਵੱਲੋਂ ਬਖਸ਼ਿਸ਼ ਕੀਤੀ ਨਾਮ) ਦੀ ਬੇੜੀ ਤੇ ਚੜ੍ਹ ਕੇ ਤੂੰ ਅਪਣੇ ਆਪ ਦਾ ਉਧਾਰ ਕਰ ਲੈ।(ਜਿਹੜੇ ਜੀਵ ਇਸ ਬੇੜੀ ਤੇ ਚੜ੍ਹੇ ਹਨ, ਉਹ) ਭਵਜਲ ਤੋਂ ਤਰ ਕੇ ਪਾਰ ਹੋ ਗਏ ਹਨ।੨।(ਹੇ ਭਾਈ! ਸੰਤਾਂ ਦੇ) ਮਨ ਵਿਚ ਪ੍ਰੇਮ ਦੀ ਡੋਰੀ (ਲਗਾਤਾਰ ਲਿਵ) ਲੱਗੀ ਹੋਈ ਹੈ, (ਉਨ੍ਹਾਂ ਦੇ) ਤਨ ਦੀ ਪ੍ਰੀਤ ਵੀ ਪ੍ਰਭੂ ਨਾਲ ਲੱਗੀ ਹੋਈ ਹੈ।ਸੰਤਾਂ ਦੀ ਇਹ ਪਵਿਤ੍ਰ ਰੀਤ ਹੈ।(ਇਸ ਪ੍ਰੀਤ ਦੇ ਕਾਰਣ) ਪਾਪ ਅਤੇ ਵਿਕਾਰ (ਸੰਤਾਂ ਨੂੰ) ਛਡ ਗਏ ਹਨ।(ਅਜੇਹੇ ਸੰਤ) ਨਿਰਾਕਾਰ ਹਰੀ ਪ੍ਰਭੂ ਨੂੰ ਮਿਲ ਪਏ ਹਨ।੩।(ਹੇ ਭਾਈ!) ਪੂਰਨ ਅਨੰਦ ਸਰੂਪ ਪ੍ਰਭੂ ਦੇ ਨਾਮ ਦਾ ਰਸ ਚਖ ਕੇ ਪ੍ਰਭੂ ਦਾ ਦਰਸ਼ਨ ਦੇਖ ਸਕੀਦਾ ਹੈ, (ਉਸ ਦਾ ਦਰਸ਼ਨ) ਬਿਸਮਾਦ ਕਰ ਦੇਣ ਵਾਲਾ ਹੈ।(ਜਿਸ ਮਨੁੱਖ ਦੇ) ਚਿਤ ਵਿਚ ਹਰੀ ਪ੍ਰਭੂ ਵਸ ਜਾਂਦਾ ਹੈ, (ਉਹ) ਇੱਥੇ ਉਥੇ (ਲੋਕ ਪ੍ਰਲੋਕ ਵਿਚ) ਡੋਲਦਾ ਨਹੀਂ।੪।

ਪਦਾਰਥ = ਅਸਟਪਦੀ–ਅੱਠਾਂ ਪਦਿਆਂ ਵਾਲੀ ਬਾਣੀ।ਉਪਮਾ–ਵਡਿਆਈ।ਜਾਤ ਨ ਕਹੀ–ਕਹੀ ਨਹੀਂ ਜਾ ਸਕਦੀ।ਤਜਿ–ਛਡ ਕੇ।ਆਨ–ਹੋਰ ਦੇ (ਆਸਰੇ)।ਗਹੀ–ਮੈਂ ਫੜੀ ਹੈ।੧।ਰਹਾਉ।ਅਪਾਰ–ਬੇਅੰਤ।ਹਉ–ਮੈਂ।ਜਾਉ ਬਲਿਹਾਰ–ਸਦਕੇ ਜਾਂਦਾ ਹਾਂ।ਸਦ–ਸਦਾ।ਮਨਿ–ਮਨ ਵਿਚ।ਤਾਹਿ–ਉਨ੍ਹਾਂ (ਚਰਨਾਂ) ਦੀ।ਆਨ ਕਤਹਿ–ਹੋਰ ਕਿਸੇ ਪਾਸੇ।ਨ ਜਾਹਿ–ਨਹੀਂ ਜਾਂਦੇ।੧। ਰਸਨਾ–ਜੀਭ ਨਾਲ।ਕਹਨ–ਉਚਾਰਦਿਆਂ।ਮਲ ਪਾਪ–ਪਾਪਾਂ ਦੀ ਮੈਲ।ਚੜਿ–ਚੜ੍ਹ ਕੇ।ਨਾਵ–ਬੇੜੀ।ਉਧਾਰਿ–ਉਧਾਰ ਕਰ ਲੈ ।ਭੈ–ਭਵਜਲ (ਸੰਸਾਰ ਸਮੁੰਦਰ)।ਤਰੇ ਪਾਰਿ–ਤਰ ਕੇ ਪਾਰ ਹੋ ਗਏ।੨।ਨਿਰਮਲ ਰੀਤਿ–ਪਵਿਤ੍ਰ ਮਰਿਆਦਾ।ਡੋਰਿ–ਤਾਰ; ਲਗਨ।ਨਿਰੰਕਾਰ–ਅਕਾਰ (ਸ਼ਕਲ ਸੂਰਤ ਤੋਂ) ਰਹਿਤ ਪ੍ਰਭੂ।੩।ਪੇਖੀਐ–ਦੇਖ ਸਕੀਦਾ ਹੈ।ਬਿਸਮਾਦ–ਮਨ ਦੀ ਉਚੀ, ਰਸ ਭਰੀ ਅਨੰਦ ਦੇਣ ਵਾਲੀ ਅਵਸਥਾ, ਜਿਸ ਵਿਚ ਮਗਨ ਹੋਇਆ ਮਨ ਅਨੋਖਾ ਸਰੂਰ ਅਨੁਭਵ ਕਰਦਾ ਹੈ।ਚਖਿ–ਚਖ ਕੇ।ਸਾਦ–ਸੁਆਦ।ਨਹ ਡੋਲੀਐ–ਨਹੀਂ ਡੋਲਦਾ।ਇਤ–ਇਸ ਲੋਕ ਵਿਚ।ਉਤ–ਉਸ ਲੋਕ (ਪ੍ਰਲੋਕ) ਵਿਚ।ਚੀਤ–ਚਿੱਤ ਵਿਚ।੪।

ਤਿਨ੍ ਨਾਹਿ ਨਰਕ ਨਿਵਾਸੁ ॥ ਨਿਤ ਸਿਮਰਿ ਪ੍ਰਭ ਗੁਣਤਾਸੁ ॥ ਤੇ ਜਮੁ ਨ ਪੇਖਹਿ ਨੈਨ ॥ ਸੁਨਿ ਮੋਹੇ ਅਨਹਤ ਬੈਨ ॥੫॥ ਹਰਿ ਸਰਣਿ ਸੂਰ ਗੁਪਾਲ ॥ ਪ੍ਰਭ ਭਗਤ ਵਸਿ ਦਇਆਲ ॥ ਹਰਿ ਨਿਗਮ ਲਹਹਿ ਨ ਭੇਵ ॥ ਨਿਤ ਕਰਹਿ ਮੁਨਿ ਜਨ ਸੇਵ ॥੬॥ ਦੁਖ ਦੀਨ ਦਰਦ ਨਿਵਾਰ ॥ ਜਾ ਕੀ ਮਹਾ ਬਿਖੜੀ ਕਾਰ ॥ ਤਾ ਕੀ ਮਿਤਿ ਨ ਜਾਨੈ ਕੋਇ ॥ ਜਲਿ ਥਲਿ ਮਹੀਅਲਿ ਸੋਇ ॥੭॥ ਕਰਿ ਬੰਦਨਾ ਲਖ ਬਾਰ ॥ ਥਕਿ ਪਰਿਓ ਪ੍ਰਭ ਦਰਬਾਰ ॥ ਪ੍ਰਭ ਕਰਹੁ ਸਾਧੂ ਧੂਰਿ ॥ ਨਾਨਕ ਮਨਸਾ ਪੂਰਿ ॥੮॥੧॥ (ਹੇ ਭਾਈ! ਜਿਹੜੇ ਮਨੁੱਖ) ਹਰ ਰੋਜ ਗੁਣਾਂ ਦੇ ਖਜਾਨੇ ਪ੍ਰਭੂ ਦਾ ਸਿਮਰਨ ਕਰਦੇ ਹਨ, ਉਨ੍ਹਾਂ ਦਾ ਨਰਕਾਂ ਵਿਚ ਨਿਵਾਸ ਨਹੀਂ ਹੁੰਦਾ।(ਜੋ ਮਨੁੱਖ) ਗੁਰੂ ਦੇ ਨਾਸ਼ ਰਹਿਤ ਬਚਨ ਸੁਣ ਕੇ ਮੋਹੇ ਜਾਂਦੇ ਹਨ, ਉਹ (ਅੰਤ ਸਮੇਂ) ਅੱਖਾਂ ਨਾਲ ਜਮ ਨੂੰ ਨਹੀਂ ਦੇਖਦੇ (ਜਮਾਂ ਦੇ ਵਸ ਨਹੀਂ ਪੈਂਦੇ)।੫।(ਹੇ ਭਾਈ!) ਦਇਆ ਦਾ ਘਰ ਪ੍ਰਭੂ ਭਗਤਾਂ ਦੇ ਵਸ ਵਿਚ ਰਹਿੰਦਾ ਹੈ।(ਭਗਤ) ਹਰੀ ਗੁਪਾਲ ਦੀ ਸ਼ਰਣ ਵਿਚ ਪਏ ਰਹਿੰਦੇ ਹਨ।ਵੇਦ ਵੀ ਹਰੀ ਦਾ ਭੇਦ ਨਹੀਂ ਜਾਣ ਸਕਦੇ।ਰਿਸ਼ੀ ਮੁਨੀ ਲੋਕ ਹਰ ਰੋਜ (ਉਸ ਦੀ) ਸੇਵਾ ਭਗਤੀ ਕਰਦੇ ਹਨ।੬।ਜਿਸ ਪ੍ਰਭੂ ਦੀ ਸੇਵਾ ਭਗਤੀ ਦਾ ਕਰਮ ਕਰਨਾ ਬਹੁਤ ਔਖਾ ਹੈ।ਉਹ ਗਰੀਬਾਂ ਦੇ ਦੁਖ ਦਰਦ ਦੂਰ ਕਰਨ ਵਾਲਾ ਹੈ।ਉਸ ਪ੍ਰਭੂ ਦੀ ਮਰਿਆਦਾ ਨੂੰ ਕੋਈ ਨਹੀਂ ਜਾਣਦਾ।ਉਹ ਹੀ ਜਲਾਂ, ਵਿਚ, ਥਲਾਂ ਵਿਚ, ਧਰਤੀ ਅਤੇ ਅਕਾਸ਼

ਵਿਚ ਵਿਆਪਕ ਹੋ ਰਿਹਾ ਹੈ।੭।(ਹੇ ਭਾਈ!) ਮੈਂ ਥੱਕ ਹਾਰ ਕੇ ਪ੍ਰਭੂ ਦੇ ਦਰਬਾਰ ਵਿਚ ਆ ਪਿਆ ਹਾਂ ਅਤੇ (ਉਸ ਨੂੰ) ਲੱਖਾਂ ਵਾਰੀ ਬੰਦਨਾ ਕਰਦਾ ਹਾਂ।ਹੇ ਪ੍ਰਭੂ! ਨਾਨਕ ਦੀ ਮਨਸਾ ਪੂਰੀ ਕਰ, ਮੈਨੂੰ ਸਾਧੂਆਂ ਦੇ ਚਰਨਾਂ ਦੀ ਧੂੜ ਬਣਾ ਦਿਓ।੮।੧।

ਪਦਾਰਥ = ਤਿਨ੍–ਉਨ੍ਹਾਂ ਦਾ।ਨਾਹਿ–ਨਹੀਂ।ਨਿਤ–ਹਰ ਰੋਜ।ਗੁਣਤਾਸੁ–ਗੁਣਾਂ ਦਾ ਖਜਾਨਾ ਪ੍ਰਭੂ।ਤੇ–ਉਹ।ਨ ਪੇਖਹਿ–ਨਹੀਂ ਦੇਖਦੇ।ਨੈਨ–ਅੱਖਾਂ ਨਾਲ।ਸੁਨਿ–ਸੁਣ ਕੇ।ਮੋਹੇ–ਮੋਹਿਤ ਹੋ ਜਾਂਦੇ ਹਨ।ਅਨਹਤ ਬੈਨ–ਨਾਸ਼ ਰਹਿਤ ਬਚਨ; ਬਾਣੀ।੫।ਸੂਰ–ਸੂਰਵੀਰ।ਹਰਿ ਗੁਪਾਲ–ਪ੍ਰਿਥਵੀ ਦੀ ਪਾਲਣਾ ਕਰਨ ਵਾਲਾ ਹਰੀ।ਭਗਤ ਵਸਿ–ਭਗਤਾਂ ਦੇ ਵਸ ਵਿਚ।ਨਿਗਮ–ਵੇਦ।ਲਹਹਿ ਨ–ਨਹੀਂ ਜਾਣ ਸਕਦੇ; ਪਾ ਸਕਦੇ।ਭੇਵ–ਭੇਤ।ਕਰਹਿ ਸੇਵ–ਸੇਵਾ ਭਗਤੀ ਕਰਦੇ ਹਨ।ਮੁਨਿ ਜਨ–ਰਿਸ਼ੀ ਮੁਨੀ ਲੋਕ।੬। ਦੀਨ–ਗਰੀਬਾਂ ਦੇ।ਨਿਵਾਰ–ਦੂਰ ਕਰਨ ਵਾਲਾ।ਜਾ ਕੀ–ਜਿਸ ਦੀ।ਮਹਾ ਬਿਖੜੀ–ਬਹੁਤ ਔਖੀ।ਕਾਰ–ਸੇਵਾ ਭਗਤੀ ਦਾ ਕਰਮ ।ਤਾ ਕੀ–ਉਸ ਦੀ।ਮਿਤਿ–ਮਰਿਆਦਾ।ਜਲਿ–ਪਾਣੀਆਂ ਵਿਚ।ਥਲਿ–ਧਰਤੀ ਵਿਚ।ਮਹੀਅਲਿ–ਧਰਤੀ ਤੇ ਅਸਮਾਨ ਵਿਚਾਲੇ ਪੁਲਾੜ ਵਿਚ।ਸੋਇ–ਉਹ ਹੀ।੭।ਕਰਿ ਬੰਦਨਾ–ਨਮਸ਼ਕਾਰ ਕਰਦਾ ਹਾਂ।ਲਖ ਬਾਰ–ਲੱਖਾਂ ਵਾਰੀ।ਥਕਿ–ਥੱਕ ਹਾਰ ਕੇ।ਪਰਿਓ –ਆ ਪਿਆ ਹਾਂ।ਕਰਹੁ–ਕਰ (ਬਣਾ) ਦਿਓ।ਧੂਰਿ–ਚਰਨ ਧੂੜ।ਮਨਸਾ–ਮਨ ਦੀ ਇੱਛਾ।ਪੂਰਿ–ਪੂਰੀ ਕਰ।੮।੧।

ਬਿਲਾਵਲੁ ਮਹਲਾ ੫ ॥ ਪ੍ਰਭ ਜਨਮ ਮਰਨ ਨਿਵਾਰਿ ॥ ਹਾਰਿ ਪਰਿਓ ਦੁਆਰਿ ॥ ਗਹਿ ਚਰਨ ਸਾਧੂ ਸੰਗ ॥ ਮਨ ਮਿਸਟ ਹਰਿ ਹਰਿ ਰੰਗ ॥ (ਅਰਦਾਸ) ਹੇ ਪ੍ਰਭੂ! ਮੇਰਾ ਜਨਮ ਮਰਨ ਦੂਰ ਕਰ ਦੇਹ।ਮੈਂ ਹਾਰ ਕੇ ਤੇਰੇ ਦਰ ਤੇ ਆ ਪਿਆ ਹਾਂ।ਸਾਧੂਆਂ ਦਾ ਸੰਗ ਕਰਕੇ ਮੈਂ ਤੇਰੇ ਚਰਨ ਫੜੇ ਹਨ।ਹੇ ਹਰੀ! ਤੇਰਾ ਪ੍ਰੇਮ ਮੇਰੇ ਮਨ ਨੂੰ ਮਿੱਠਾ ਲਗਦਾ ਹੈ।

ਅੰਗ ੮੩੮ = ਕਰਿ ਦਇਆ ਲੇਹੁ ਲੜਿ ਲਾਇ ॥ ਨਾਨਕਾ ਨਾਮ ਧਿਆਇ ॥੧॥ ਦੀਨਾ ਨਾਥ ਦਇਆਲ ਮੇਰੇ ਸੁਆਮੀ, ਦੀਨਾ ਨਾਥ ਦਇਆਲ ॥ ਜਾਚਉ ਸੰਤ ਰਵਾਲ ॥੧॥ਰਹਾਉ॥ ਸੰਸਾਰੁ ਬਿਖਿਆ ਕੂਪ ॥ ਤਮ ਅਗਿਆਨ ਮੋਹਤ ਘੂਪ ॥ ਗਹਿ ਭੁਜਾ ਪ੍ਰਭ ਜੀ ਲੇਹੁ ॥ ਹਰਿ ਨਾਮੁ ਅਪੁਨਾ ਦੇਹੁ ॥ ਪ੍ਰਭ ਤੁਝ ਬਿਨਾ ਨਹੀ ਠਾਉ ॥ ਨਾਨਕਾ ਬਲਿ ਬਲਿ ਜਾਉ ॥੨॥ ਲੋਭਿ ਮੋਹਿ ਬਾਧੀ ਦੇਹ ॥ ਬਿਨੁ ਭਜਨ ਹੋਵਤ ਖੇਹ ॥ ਜਮ ਦੂਤ ਮਹਾ ਭਇਆਨ ॥ ਚਿਤ ਗੁਪਤ ਕਰਮਹਿ ਜਾਨ ॥ ਦਿਨ ਰੈਨਿ ਸਾਖਿ ਸੁਨਾਇ ॥ ਨਾਨਕਾ ਹਰਿ ਸਰਨਾਇ ॥੩॥ ਭੈ ਭੰਜਨਾ ਮੁਰਾਰਿ ॥ ਕਰਿ ਦਇਆ ਪਤਿਤ ਉਧਾਰਿ ॥ ਮੇਰੇ ਦੋਖ ਗਨੇ ਨ ਜਾਹਿ ॥ ਹਰਿ ਬਿਨਾ ਕਤਹਿ ਸਮਾਹਿ ॥ ਗਹਿ ਓਟ ਚਿਤਵੀ ਨਾਥ ॥ ਨਾਨਕਾ ਦੇ ਰਖੁ ਹਾਥ ॥੪॥ ਹਰਿ ਗੁਣ ਨਿਧੇ ਗੋਪਾਲ ॥ ਸਰਬ ਘਟ ਪ੍ਰਤਿਪਾਲ ॥ ਮਨਿ ਪ੍ਰੀਤਿ ਦਰਸਨ ਪਿਆਸ ॥ ਗੋਬਿੰਦ ਪੂਰਨ ਆਸ ॥ ਇਕ ਨਿਮਖ ਰਹਨੁ ਨ ਜਾਇ ॥ ਵਡਭਾਗਿ ਨਾਨਕ ਪਾਇ ॥੫॥ ਦਇਆ ਕਰਕੇ (ਮੈਨੂੰ ਅਪਣੇ) ਲੜ ਲਾ ਲੈ।(ਜਿਸ ਕਰਕੇ) ਨਾਨਕ ਤੇਰਾ ਨਾਮ ਧਿਆਉਂਦਾ ਰਹੇ।੧।ਹੇ ਗਰੀਬਾਂ ਦੇ ਮਾਲਕ! ਹੇ ਦਇਆ ਦੇ ਘਰ ਮੇਰੇ ਮਾਲਕ! ਹੇ ਗਰੀਬਾਂ ਦੇ ਮਾਲਕ! ਹੇ ਦਇਆ ਦੇ ਘਰ ਪ੍ਰਭੂ! ਮੈਂ ਤੇਰੇ ਸੰਤਾਂ ਦੀ ਚਰਨ ਧੂੜ ਮੰਗਦਾ ਹਾਂ।੧।ਰਹਾਉ।(ਹੇ ਪ੍ਰਭੂ! ਇਹ) ਸੰਸਾਰ ਵਿਸ਼ਿਆਂ ਦਾ ਖੂਹ ਹੈ।(ਪਦਾਰਥਾਂ ਅਤੇ ਮਾਇਆ ਤੇ ਜੋ) ਮੋਹਤ ਹੋਣਾ ਹੈ, (ਇਹੋ ਇਥੇ) ਅਗਿਆਨ ਦਾ ਘੁੱਪ ਹਨ੍ਹੇਰਾ ਹੈ।ਹੇ ਪ੍ਰਭੂ ਜੀ! (ਮੇਰੀ) ਬਾਂਹ ਫੜ ਕੇ (ਮੈਨੂੰ ਹਨ੍ਹੇਰੇ ਖੂਹ ਵਿਚੋਂ) ਬਚਾ ਲਵੋ।ਹੇ ਹਰੀ! ਮੈਨੂੰ ਅਪਣਾ ਨਾਮ ਦਿਓ।ਹੇ ਪ੍ਰਭੂ! ਤੇਰੇ ਬਿਨਾ (ਮੇਰਾ ਹੋਰ ਕੋਈ) ਆਸਰਾ ਨਹੀਂ।ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਪ੍ਰਭੂ! ਮੈਂ ਤੇਰੇ ਤੋਂ) ਮਨ ਅਤੇ ਸਰੀਰ ਕਰਕੇ ਬਲਿਹਾਰ ਜਾਂਦਾ ਹਾਂ।੨।(ਹੇ ਪ੍ਰਭੂ! ਮੇਰੀ) ਦੇਹ ਪਦਾਰਥਾਂ ਦੇ ਲੋਭ ਵਿਚ ਅਤੇ (ਸਬੰਧੀਆਂ ਦੇ) ਮੋਹ ਵਿਚ ਬੱਧੀ ਹੋਈ ਹੈ।(ਜੋ ਪ੍ਰਭੂ ਦੇ) ਭਜਨ ਤੋਂ ਬਿਨਾ ਮਿੱਟੀ ਹੁੰਦੀ ਜਾ ਰਹੀ ਹੈ।(ਧਰਮਰਾਜ ਦੇ) ਜਮਦੂਤ ਬੜੇ ਭਿਆਨਕ ਹਨ।ਚਿਤ੍ਰ ਗੁਪਤ (ਮੇਰੇ ਕੀਤੇ ਸਾਰੇ) ਕਰਮਾਂ ਨੂੰ ਜਾਣਦੇ ਹਨ।ਦਿਨ ਰਾਤ ਨੂੰ (ਜੋ ਵੀ ਕੰਮ ਕਰਦੇ ਹਾਂ, ਉਸ ਦੀ) ਗਵਾਹੀ ਧਰਮਰਾਜ ਨੂੰ ਸੁਣਾਉਂਦੇ ਹਨ।(ਇਸ ਲਈ) ਹੇ ਹਰੀ! ਨਾਨਕ ਤੇਰੀ ਸ਼ਰਣ ਵਿਚ ਆਇਆ ਹੈ।੩।ਹੇ ਭੈ ਨਾਸ਼ ਕਰਨ ਵਾਲੇ ਪ੍ਰਭੂ!।ਦਇਆ ਕਰਕੇ ਮੈਨੂੰ ਪਾਪੀ ਨੂੰ ਭਵਜਲ ਤੋਂ ਤਾਰ ਲੈ।ਮੇਰੇ ਦੋਸ਼ ਗਿਣੇ ਨਹੀਂ ਜਾ ਸਕਦੇ।ਹੇ ਹਰੀ! (ਮੇਰੇ ਪਾਪ) ਤੇਰੇ ਬਿਨਾ ਹੋਰ ਕਿਥੇ ਸਮਾ (ਬਖਸ਼ੇ ਜਾ) ਸਕਦੇ ਹਨ? ਹੇ ਮਾਲਕ! ਮੈਂ (ਮਨ ਵਿਚ) ਤੇਰੀ ਓਟ ਫੜੀ ਹੈ ਅਤੇ (ਸਰੀਰ ਵਿਚ ਵੀ ਤੇਰੀ) ਓਟ ਚਿਤਵੀ ਹੈ।ਨਾਨਕ ਨੂੰ ਅਪਣਾ ਹੱਥ ਦੇ ਕੇ ਰੱਖ ਲੈ।੪।ਹੇ ਧਰਤੀ ਦੀ ਪਾਲਣਾ ਕਰਨ ਵਾਲੇ! ਹੇ ਗੁਣਾਂ ਦੇ ਖਜਾਨੇ ਹਰੀ!।ਤੂੰ ਸਾਰੇ ਜੀਵਾਂ ਦੀ ਪਾਲਣਾ ਕਰਨ ਵਾਲਾ ਹੈਂ।ਮੇਰੇ ਮਨ ਵਿਚ ਤੇਰੀ ਪ੍ਰੀਤ ਹੈ ਅਤੇ ਤੇਰੇ ਦਰਸ਼ਨਾਂ ਦੀ ਪਿਆਸ ਹੈ।ਹੇ ਗੋਬਿੰਦ! ਮੇਰੀ ਆਸ ਪੂਰੀ ਕਰ।(ਤੇਰੇ ਬਿਨਾ ਮੇਰੇ ਤੋਂ) ਇਕ ਨਿਮਖ ਨਹੀਂ ਰਿਹਾ ਜਾਂਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਵੱਡੇ ਭਾਗਾਂ ਨਾਲ (ਕੋਈ ਵਿਰਲਾ ਮਨੁੱਖ ਤੇਰਾ ਮਿਲਾਪ) ਪ੍ਰਾਪਤ ਕਰਦਾ ਹੈ।੫।

ਪਦਾਰਥ = ਪ੍ਰਭ–ਹੇ ਪ੍ਰਭੂ!।ਨਿਵਾਰਿ–ਦੂਰ ਕਰ ਦੇਹ।ਹਾਰਿ–ਥੱਕ ਹਾਰ ਕੇ।ਪਰਿਓ ਦੁਆਰਿ–ਤੇਰੇ ਦਰ ਤੇ ਆ ਪਿਆ ਹਾਂ। ਗਹਿ–ਫੜ ਕੇ।ਮਿਸਟ–ਮਿੱਠਾ।ਰੰਗ–ਪ੍ਰੇਮ।ਕਰਿ–ਕਰ ਕੇ।ਲੇਹੁ ਲੜਿ ਲਾਇ–ਲੜ ਨਾਲ ਲਾ ਲੈ।੧।ਦੀਨਾ ਨਾਥ–ਹੇ ਗਰੀਬਾਂ ਦੇ ਮਾਲਕ!।ਦਇਆਲ–ਹੇ ਦਇਆ ਦੇ ਘਰ।ਸੁਆਮੀ–ਹੇ ਮਾਲਕ!।ਜਾਚਉ–ਮੈਂ ਮੰਗਦਾ ਹਾਂ।ਸੰਤ ਰਵਾਲ–ਸੰਤਾਂ ਦੀ ਚਰਨ ਧੂੜ।੧।ਰਹਾਉ।ਬਿਖਿਆ–ਵਿਸ਼ਿਆਂ ਦਾ; ਜਹਿਰ ਦਾ।ਕੂਪ–ਖੂਹ।ਤਮ ਘੂਪ–ਘੁੱਪ ਹਨ੍ਹੇਰਾ।ਮੋਹਤ–ਮੋਹਿਆ ਜਾਣਾ।ਗਹਿ–ਫੜ ਕੇ।ਭੁਜਾ–ਬਾਂਹ।ਠਾਉ–ਥਾਂ ਟਿਕਾਣਾ; ਆਸਰਾ।ਬਲਿ ਜਾਉ–ਕੁਰਬਾਨ ਜਾਂਦਾ ਹਾਂ।੨।ਲੋਭਿ–ਲੋਭ ਵਿਚ।ਮੋਹਿ–ਮੋਹ ਵਿਚ ।ਬਾਧੀ–ਬੰਨ੍ਹੀ ਹੋਈ ਹੈ।ਹੋਵਤ–ਹੁੰਦੀ ਜਾ ਰਹੀ ਹੈ।ਖੇਹ–ਮਿੱਟੀ।ਚਿਤ ਗੁਪਤ–ਪੁਰਾਣਾਂ ਅਨੁਸਾਰ ਧਰਮਰਾਜ ਦਾ ਇਕ ਮੁਣਸ਼ੀ, ਜੋ ਗੁਪਤ ਤਰੀਕੇ ਨਾਲ ਜੀਵਾਂ ਦੇ ਕਰਮਾਂ ਦਾ ਹਿਸਾਬ ਲਿਖਦਾ ਹੈ।ਮਹਾ ਭਇਆਨ–ਬਹੁਤ ਭਿਆਨਕ; ਬਹੁਤ ਡਰਉਣੇ। ਕਰਮਹਿ–ਕਰਮਾਂ ਨੂੰ।ਰੈਨਿ–ਰਾਤ।ਸਾਖਿ–ਗਵਾਹੀ।ਸੁਨਾਇ–ਸੁਣਾਉਂਦੇ ਹਨ।ਹਰਿ–ਹੇ ਹਰੀ!।ਸਰਨਾਇ–ਸਰਨ ਵਿਚ।੩। ਭੈ ਭੰਜਨਾ–ਹੇ ਡਰ ਨਾਸ਼ ਕਰਨ ਵਾਲੇ!।ਮੁਰਾਰਿ–ਹੇ ਮੁਰ ਦੈਂਤ ਨੂੰ ਮਾਰਨ ਵਾਲੇ ਪ੍ਰਭੂ!।ਪਤਿਤ–ਪਾਪੀ।ਉਧਾਰਿ–ਤਾਰ ਲੈ।ਗਨੇ ਨ ਜਾਹਿ–ਗਿਣੇ ਨਹੀਂ ਜਾ ਸਕਦੇ।ਕਤਹਿ–ਕਿੱਥੇ।ਸਮਾਹਿ–ਸਮਾ (ਬਖਸ਼ੇ ਜਾ) ਸਕਦੇ ਹਨ।ਗਹਿ–ਫੜੀ ਹੈ।ਚਿਤਵੀ–ਸੋਚੀ ਹੈ ।ਨਾਥ–ਹੇ ਮਾਲਕ!।ਦੇ ਹਾਥ–ਹੱਥ ਦੇ ਕੇ।੪।ਗੁਣ ਨਿਧੇ–ਹੇ ਗੁਣਾਂ ਦੇ ਖਜਾਨੇ!।ਗੋਪਾਲ–ਹੇ ਧਰਤੀ ਦੀ ਪਾਲਣਾ ਕਰਨ ਵਾਲੇ!।ਸਰਬ ਘਟ–ਸਾਰੇ ਜੀਵਾਂ ਦੀ।ਪ੍ਰਤਿਪਾਲ–ਪਾਲਣਾ ਕਰਨ ਵਾਲਾ।ਮਨਿ–ਮਨ ਵਿਚ।ਪੂਰਨ–ਪੂਰੀ ਕਰ।ਨਿਮਖ–ਅੱਖ ਝਮਕਣ ਜਿਤਨਾ ਸਮਾਂ।ਵਡ ਭਾਗਿ–ਵੱਡੇ ਭਾਗਾਂ ਨਾਲ।ਪਾਇ–ਪ੍ਰਾਪਤ ਕਰਦਾ ਹੈ।੫।

ਪ੍ਰਭ ਤੁਝ ਬਿਨਾ ਨਹੀ ਹੋਰ ॥ ਮਨਿ ਪ੍ਰੀਤਿ ਚੰਦ ਚਕੋਰ ॥ ਜਿਉ ਮੀਨ ਜਲ ਸਿਉ ਹੇਤੁ ॥ ਅਲਿ ਕਮਲ ਭਿੰਨੁ ਨ ਭੇਤੁ ॥ ਜਿਉ ਚਕਵੀ ਸੂਰਜ ਆਸ ॥ ਨਾਨਕ ਚਰਨ ਪਿਆਸ ॥੬॥ ਜਿਉ ਤਰੁਨਿ ਭਰਤ ਪਰਾਨ ॥ ਜਿਉ ਲੋਭੀਐ ਧਨੁ ਦਾਨੁ ॥ ਜਿਉ ਦੂਧ ਜਲਹਿ ਸੰਜੋਗੁ ॥ ਜਿਉ ਮਹਾ ਖੁਧਿਆਰਥ ਭੋਗੁ ॥ ਜਿਉ ਮਾਤ ਪੂਤਹਿ ਹੇਤੁ ॥ ਹਰਿ ਸਿਮਰਿ ਨਾਨਕ ਨੇਤ ॥੭॥ ਜਿਉ ਦੀਪ ਪਤਨ ਪਤੰਗ ॥ ਜਿਉ ਚੋਰੁ ਹਿਰਤ ਨਿਸੰਗ ॥ ਮੈਗਲਹਿ ਕਾਮੈ ਬੰਧੁ ॥ ਜਿਉ ਗ੍ਰਸਤ ਬਿਖਈ ਧੰਧੁ ॥ ਜਿਉ ਜੂਆਰ ਬਿਸਨੁ ਨ ਜਾਇ ॥ ਹਰਿ ਨਾਨਕ ਇਹੁ ਮਨੁ ਲਾਇ ॥੮॥ ਕੁਰੰਕ ਨਾਦੈ ਨੇਹੁ ॥ ਚਾਤ੍ਰਿਕੁ ਚਾਹਤ ਮੇਹੁ ॥ ਜਨ ਜੀਵਨਾ ਸਤਸੰਗਿ ॥ ਗੋਬਿੰਦੁ ਭਜਨਾ ਰੰਗਿ ॥ ਰਸਨਾ ਬਖਾਨੈ ਨਾਮੁ ॥ ਨਾਨਕ ਦਰਸਨ ਦਾਨੁ ॥੯॥ ਗੁਨ ਗਾਇ ਸੁਨਿ ਲਿਖਿ ਦੇਇ ॥ ਸੋ ਸਰਬ ਫਲ ਹਰਿ ਲੇਇ ॥ ਕੁਲ ਸਮੂਹ ਕਰਤ ਉਧਾਰੁ ॥ ਸੰਸਾਰੁ ਉਤਰਸਿ ਪਾਰਿ ॥ ਹਰਿ ਚਰਨ ਬੋਹਿਥ ਤਾਹਿ ॥ ਮਿਲਿ ਸਾਧ ਸੰਗਿ ਜਸੁ ਗਾਹਿ ॥ ਹਰਿ ਪੈਜ ਰਖੈ ਮੁਰਾਰਿ ॥ ਹਰਿ ਨਾਨਕ ਸਰਨਿ ਦੁਆਰਿ ॥੧੦॥੨॥ ਹੇ ਪ੍ਰਭੂ! ਤੇਰੇ ਬਿਨਾ ਮੈਨੂੰ ਹੋਰ ਕੋਈ ਪਿਆਰਾ ਨਹੀਂ ਹੈ।ਜਿਵੇਂ ਚਕੋਰ ਦੇ ਮਨ ਵਿਚ ਚੰਦ ਦੀ ਪ੍ਰੀਤ ਹੈ।ਜਿਵੇਂ ਮੱਛੀ ਦਾ ਪਾਣੀ ਨਾਲ ਪਿਆਰ ਹੈ।ਭੌਰਾ ਕਮਲ ਫੁੱਲ ਨਾਲੋਂ ਵੱਖਰਾ ਨਹੀਂ ਹੋਣਾ ਚਾਹੁੰਦਾ, ਨਾ ਵਿਥ ਚਾਹੁੰਦਾ ਹੈ।ਜਿਉਂ ਚਕਵੀ ਨੂੰ ਸੂਰਜ ਦੇ ਦਰਸ਼ਨ ਦੀ ਆਸ ਰਹਿੰਦੀ ਹੈ।ਤਿਵੇਂ ਨਾਨਕ ਨੂੰ ਤੇਰੇ ਚਰਨਾਂ ਦੀ ਪਿਆਸ ਹੈ।੬।ਜਿਵੇਂ ਜਵਾਨ ਇਸਤ੍ਰੀ ਨੂੰ ਅਪਣਾ ਪਤੀ ਪ੍ਰਾਣਾਂ ਵਾਂਗ ਪਿਆਰਾ ਹੁੰਦਾ ਹੈ।ਜਿਵੇਂ ਲੋਭੀ ਮਨੁੱਖ ਨੂੰ ਧਨ ਦਾਨ ਦਿਤਾ ਜਾਵੇ, ਤਾਂ ਖੁਸ਼ ਹੁੰਦਾ ਹੈ।ਜਿਵੇਂ ਦੁੱਧ ਦਾ ਪਾਣੀ ਨਾਲ ਮੇਲ ਹੈ।ਜਿਵੇਂ ਬਹੁਤ ਭੁੱਖ ਨਾਲ ਦੁਖੀ ਹੋਏ ਮਨੁੱਖ ਨੂੰ ਭੋਜਨ ਪਿਆਰਾ ਹੈ।ਜਿਵੇਂ ਮਾਂ ਦਾ ਪੁਤ੍ਰ ਨਾਲ ਪਿਆਰ ਹੈ।(ਇਸੇ ਤਰ੍ਹਾਂ) ਨਾਨਕ ਹਰ ਰੋਜ ਹਰੀ ਨੂੰ ਸਿਮਰਦਾ ਹੈ।੭।ਜਿਵੇਂ ਪਤੰਗੇ (ਪ੍ਰੇਮ ਦੇ ਕਾਰਣ) ਦੀਵੇ ਉਤੇ ਆ ਡਿਗਦੇ ਹਨ।ਜਿਵੇਂ ਚੋਰ ਨਿਸੰਗ ਹੋ ਕੇ (ਪਰਾਇਆ ਧਨ) ਚੁਰਾਉਂਦਾ ਹੈ।ਜਿਵੇਂ ਹਾਥੀ ਦਾ ਕਾਮ ਵਾਸ਼ਨਾ ਨਾਲ ਸਬੰਧ ਹੈ।ਜਿਵੇਂ ਵਿਸ਼ਈ ਮਨੁੱਖ ਨੂੰ (ਵਿਸ਼ਿਆਂ ਦਾ) ਧੰਧਾ ਫਸਾਈ ਰਖਦਾ ਹੈ।ਜਿਵੇਂ ਜੁਆਰੀਏ ਦੀ (ਜੂਆ ਖੇਡਣ ਦੀ) ਬੁਰੀ ਆਦਤ ਨਹੀਂ ਜਾਂਦੀ।ਤਿਵੇਂ ਹੇ ਹਰੀ! ਨਾਨਕ ਦੇ ਇਸ ਮਨ ਨੂੰ (ਅਪਣੇ ਚਰਨਾਂ ਨਾਲ) ਲਾਈ ਰੱਖ।੮।ਹਿਰਨ ਦਾ (ਘੰਟੇ ਦੀ) ਅਵਾਜ ਨਾਲ ਪਿਆਰ ਹੈ।ਪਪੀਹਾ (ਸ੍ਵਾਂਤੀ ਬੂੰਦ ਵਾਸਤੇ) ਮੀਂਹ ਚਾਹੁੰਦਾ ਹੈ।(ਤੇਰੇ) ਦਾਸਾਂ ਦਾ ਜਿਓਣਾ ਸਤਸੰਗਤ ਵਿਚ ਹੈ।(ਜਿਥੇ ਉਨ੍ਹਾਂ ਨੇ) ਗੋਬਿੰਦ ਨੂੰ ਪ੍ਰੇਮ ਨਾਲ ਸਿਮਰਨਾ ਹੁੰਦਾ ਹੈ।(ਉਨ੍ਹਾਂ ਦੀ) ਜੀਭ ਨਾਮ ਉਚਾਰਦੀ ਰਹਿੰਦੀ ਹੈ।(ਹੇ ਪ੍ਰਭੂ! ਇਸੇ ਤਰ੍ਹਾਂ) ਨਾਨਕ ਤੇਰੇ ਦਰਸ਼ਨ ਦੀ ਦਾਤ ਮੰਗਦਾ ਹੈ।੯।(ਜੋ ਮਨੁੱਖ) ਹਰੀ ਦੇ ਗੁਣ ਗਾ ਕੇ, ਸੁਣ ਕੇ ਅਤੇ ਲਿਖ ਕੇ (ਹੋਰਨਾਂ ਨੂੰ) ਦੇਂਦਾ ਹੈ।ਉਹ ਹਰੀ ਪਾਸੋਂ ਸਾਰੇ ਫਲ ਪਾ ਲੈਂਦਾ ਹੈ।ਅਤੇ (ਅਪਣੀ) ਸਾਰੀਆ ਕੁਲਾਂ ਦਾ ਉਧਾਰ ਕਰ ਲੈਂਦਾ ਹੈ।(ਉਹ ਆਪ ਵੀ) ਸੰਸਾਰ ਸਾਗਰ ਤੋਂ ਪਾਰ ਉਤਰ (ਲੰਘ) ਜਾਂਦਾ ਹੈ।ਹਰੀ ਦੇ ਚਰਨ ਉਨ੍ਹਾਂ (ਪੁਰਖਾਂ) ਵਾਸਤੇ (ਭਵਜਲ ਤੋਂ ਪਾਰ ਲੰਘਣ ਲਈ) ਜਹਾਜ ਹਨ।ਜੋ ਸਾਧ ਸੰਗਤ ਵਿਚ ਮਿਲ ਕੇ ਹਰੀ ਦਾ ਜਸ ਗਾਉਂਦੇ ਹਨ।ਪ੍ਰਭੂ ਉਨ੍ਹਾਂ

ਦੀ ਪੈਜ ਰਖਦਾ ਹੈ। ਹੇ ਹਰੀ! ਨਾਨਕ ਤੇਰੇ ਦਰ ਉਤੇ ਤੇਰੀ ਸ਼ਰਨ ਵਿਚ ਆਇਆ ਹੈ।੧੦।੨।

ਪਦਾਰਥ = ਪ੍ਰਭ–ਹੇ ਪ੍ਰਭੂ!। ਤੁਝ ਬਿਨਾ–ਤੇਰੇ ਬਿਨਾ। ਮਨਿ–ਮਨ ਵਿਚ। ਮੀਨ–ਮੱਛੀ। ਜਲ ਸਿਉ–ਪਾਣੀ ਨਾਲ। ਹੇਤੁ–ਪਿਆਰ। ਅਲਿ–ਭੌਰਾ। ਕਮਲ–ਕਮਲ ਫੁੱਲ। ਭਿੰਨੁ–ਵਖਰੇਵਾਂ। ਭੇਤੁ–ਫਰਕ; ਵਿੱਥ। ਚਰਨ–ਚਰਨਾਂ ਦੀ।੬। ਤਰੁਨਿ–ਜਵਾਨ ਇਸਤ੍ਰੀ। ਭਰਤ–ਪਤੀ। ਪਰਾਨ–ਜਿੰਦ ਜਾਨ। ਲੋਭੀਐ–ਲੋਭੀ ਮਨੁੱਖ ਨੂੰ। ਜਲਹਿ–ਪਾਣੀ ਨਾਲ। ਸੰਜੋਗੁ–ਮੇਲ ਜੋਲ। ਮਹਾ ਖੁਧਿਆਰਥ–ਬਹੁਤ ਭੁੱਖ ਨਾਲ ਦੁਖੀ ਹੋਏ ਮਨੁੱਖ ਨੂੰ। ਭੋਗੁ–ਭੋਜਨ। ਮਾਤ–ਮਾਂ। ਪੂਤਹਿ–ਪੁਤ੍ਰ ਨਾਲ। ਸਿਮਰਿ–ਸਿਮਰਦਾ ਹੈ। ਨੇਤ–ਹਰ ਰੋਜ; ਸਦਾ।੭। ਦੀਪ–ਦੀਵੇ ਉਤੇ। ਪਤਨ–ਡਿਗਦੇ ਹਨ। ਪਤੰਗ–ਭਮੱਕੜ। ਹਿਰਤ–ਚੁਰਾਉਂਦਾ ਹੈ। ਨਿਸੰਗ–ਬੇ ਝਿਝਕ ਹੋ ਕੇ; ਨਿਡਰ ਹੋ ਕੇ। ਮੈਗਲਹਿ–ਹਾਥੀ ਦਾ। ਕਾਮੈ–ਕਾਮ ਵਾਸ਼ਨਾ ਨਾਲ। ਬੰਧੁ–ਸਬੰਧ; ਮੇਲ। ਗ੍ਰਸਤ–ਫਸਾਈ ਰਖਦਾ ਹੈ। ਧੰਧੁ–(ਵਿਸ਼ਿਆਂ ਦਾ) ਧੰਧਾ। ਵਿਖਈ–ਵਿਸ਼ਈ ਮਨੁੱਖ। ਬਿਸਨੁ–ਬੁਰੀ ਆਦਤ। ਹਰਿ–ਹੇ ਹਰੀ!। ਲਾਇ। ਲਾਈ (ਜੋੜੀ) ਰੱਖ।੮। ਕੁਰੰਕ–ਹਿਰਨ। ਨਾਦੈ ਨੇਹੁ–ਅਵਾਜ ਨਾਲ ਪਿਆਰ ਹੈ। ਚਾਤ੍ਰਿਕੁ–ਪਪੀਹਾ। ਚਾਹਤ–ਚਾਹੁੰਦਾ ਹੈ। ਮੇਹੁ–ਮੀਂਹ। ਜਨ–ਦਾਸਾਂ ਦਾ। ਸਤਸੰਗਿ–ਸਤ ਸੰਗਤ ਵਿਚ। ਰੰਗਿ–ਪ੍ਰੇਮ ਨਾਲ। ਰਸਨਾ–ਜੀਭ। ਬਖਾਨੈ–ਉਚਾਰਦੀ ਹੈ। ਦਰਸਨ ਦਾਨੁ–ਦਰਸ਼ਨ ਦੀ ਦਾਤ।੯। ਗਾਇ–ਗਾ ਕੇ। ਸੁਨਿ–ਸੁਣ ਕੇ। ਲਿਖਿ ਦੇਇ–ਲਿਖ ਕੇ ਦੇਂਦਾ ਹੈ। ਸੋ–ਉਹ (ਮਨੁੱਖ)। ਸਰਬ–ਸਾਰੇ। ਲੇਇ–ਪਾ ਲੈਂਦਾ ਹੈ। ਕੁਲ ਸਮੂਹ–ਸਾਰੇ ਖਾਨਦਾਨ ਦਾ। ਕਰਤ ਉਧਾਰੁ–ਪਾਰ ਉਤਾਰਾ ਕਰ ਲੈਂਦਾ ਹੈ। ਉਤਰਸਿ ਪਾਰਿ–ਪਾਰ ਲੰਘ ਜਾਂਦਾ ਹੈ। ਬੋਹਿਥ–ਜਹਾਜ। ਤਾਹਿ–ਉਨ੍ਹਾਂ ਵਾਸਤੇ। ਗਾਹਿ–ਗਾਉਂਦੇ ਹਨ। ਪੈਜ–ਇੱਜਤ। ਮੁਰਾਰਿ–ਹੰਕਾਰ ਨੂੰ ਮਾਰਨ ਵਾਲਾ ਪ੍ਰਭੂ। ਦੁਆਰਿ–ਦਰ ਉਤੇ।੧੦।੨।

ਬਿਲਾਵਲੁ ਮਹਲਾ ੧ ਥਿਤੀ ਘਰੁ ੧੦ ਜਤਿ ੴ ਸਤਿਗੁਰ ਪ੍ਰਸਾਦਿ ॥ ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥ ਅਗਮ ਅਗੋਚਰੁ ਰੂਪੁ ਨ ਰੇਖਿਆ ॥ ਖੋਜਤ ਖੋਜਤ ਘਟਿ ਘਟਿ ਦੇਖਿਆ ॥ ਜੋ ਦੇਖਿ ਦਿਖਾਵੈ, ਤਿਸ ਕਉ ਬਲਿ ਜਾਈ ॥ ਗੁਰ ਪਰਸਾਦਿ ਪਰਮ ਪਦੁ ਪਾਈ ॥੧॥ (ਇਸ ਬਾਣੀ ਵਿਚ ਗੁਰੂ ਜੀ ਨੇ ਤਿਥਾਂ ਦੁਆਰਾ ਕਰਮ ਕਾਂਡੀ ਲੋਕਾਂ ਦਾ ਭਰਮ ਦੂਰ ਕਰਕੇ ਇਕ ਪ੍ਰਭੂ ਦੀ ਸੇਵਾ ਭਗਤੀ ਦਾ ਉਪਦੇਸ਼ ਦਿਤਾ ਹੈ)। ਪਹਿਲੀ ਤਿਥ (ਰਾਹੀਂ ਇਹ ਉਪਦੇਸ਼ ਦਿਤਾ ਹੈ ਕਿ) ਪ੍ਰਮਾਤਮਾ ਇਕ ਹੈ, (ਉਹ) ਅਪਣੇ ਵਰਗਾ ਆਪ ਹੀ ਹੈ (ਉਸ ਵਰਗਾ ਹੋਰ ਕੋਈ ਨਹੀਂ)। ਉਹ ਮੌਤ ਰਹਿਤ ਹੈ, ਜੋਨੀਆਂ ਤੋਂ ਰਹਿਤ ਹੈ, ਉਸ ਦੀ ਕੋਈ ਜਾਤ ਨਹੀਂ ਅਤੇ ਨਾ ਹੀ (ਉਸ ਨੂੰ ਮਾਇਆ ਆਦਿ ਦਾ ਕੋਈ) ਬੰਧਨ ਹੈ। ਉਹ ਪਹੁੰਚ ਤੋਂ ਪਰੇ ਹੈ, ਇੰਦ੍ਰੀਆਂ ਦੀ ਪਹੁੰਚ ਤੋਂ ਵੀ ਪਰੇ ਹੈ, ਉਸ ਦੀ ਕੋਈ ਸ਼ਕਲ ਤੇ ਚਿੰਨ੍ਹ ਨਹੀਂ ਹੈ। ਖੋਜਦਿਆਂ ਖੋਜਦਿਆ ਮੈਂ ਉਸ ਨੂੰ ਘਟ ਘਟ ਵਿਚ ਵਸਦਾ ਦੇਖਿਆ ਹੈ। ਜਿਹੜਾ ਗੁਰੂ (ਆਪ ਉਸ ਨੂੰ ਘਟ ਘਟ ਵਿਚ ਵਸਦਾ) ਦੇਖ ਕੇ ਹੋਰਨਾਂ ਨੂੰ ਵੀ ਦਿਖਾਉਂਦਾ ਹੈ, ਮੈਂ ਉਸ ਤੋਂ ਬਲਿਹਾਰ ਜਾਂਦਾ ਹਾਂ। ਗੁਰੂ ਦੀ ਕ੍ਰਿਪਾ ਨਾਲ (ਗੁਰੂ ਅਨੁਸਾਰੀ ਮਨੁੱਖ) ਪਰਮਪਦ ਪਾ ਲੈਂਦਾ ਹੈ।੧।

ਅੰਗ ੮੩੯ = ਕਿਆ ਜਪੁ ਜਾਪਉ ਬਿਨੁ ਜਗਦੀਸੈ ॥ ਗੁਰ ਕੈ ਸਬਦਿ ਮਹਲੁ ਘਰੁ ਦੀਸੈ ॥੧॥ਰਹਾਉ॥ ਦੂਜੈ ਭਾਇ ਲਗੇ ਪਛੁਤਾਣੇ ॥ ਜਮ ਦਰਿ ਬਾਧੇ ਆਵਣ ਜਾਣੇ ॥ ਕਿਆ ਲੈ ਆਵਹਿ, ਕਿਆ ਲੇ ਜਾਹਿ ॥ ਸਿਰਿ ਜਮਕਾਲੁ ਸਿ ਚੋਟਾ ਖਾਹਿ ॥ ਬਿਨੁ ਗੁਰ ਸਬਦ ਨ ਛੂਟਸਿ ਕੋਇ ॥ ਪਾਖੰਡ ਕੀਨੈ ਮੁਕਤਿ ਨ ਹੋਇ ॥੨॥ ਆਪੇ ਸਚੁ ਕੀਆ ਕਰ ਜੋੜਿ ॥ ਅੰਡਜ ਫੋੜਿ ਜੋੜਿ ਵਿਛੋੜਿ ॥ ਧਰਤਿ ਅਕਾਸੁ ਕੀਏ ਬੈਸਣ ਕਉ ਥਾਉ ॥ ਰਾਤਿ ਦਿਨੰਤੁ ਕੀਏ ਭਉ ਭਾਉ ॥ ਜਿਨਿ ਕੀਏ ਕਰਿ ਵੇਖਣਹਾਰਾ ॥ ਅਵਰੁ ਨ ਦੂਜਾ ਸਿਰਜਣਹਾਰਾ ॥੩॥ ਤ੍ਰਿਤੀਆ ਬ੍ਰਹਮਾ ਬਿਸਨੁ ਮਹੇਸਾ ॥ ਦੇਵੀ ਦੇਵ ਉਪਾਏ ਵੇਸਾ ॥ ਜੋਤੀ ਜਾਤੀ ਗਣਤ ਨ ਆਵੈ ॥ ਜਿਨਿ ਸਾਜੀ ਸੋ ਕੀਮਤਿ ਪਾਵੈ ॥ ਕੀਮਤਿ ਪਾਇ ਰਹਿਆ ਭਰਪੂਰਿ ॥ ਕਿਸੁ ਨੇੜੈ ਕਿਸੁ ਆਖਾ ਦੂਰਿ ॥੪॥ (ਹੇ ਭਾਈ!) ਜਗਤ ਦੇ ਮਾਲਕ ਪ੍ਰਭੂ ਤੋਂ ਬਿਨਾ ਮੈਂ ਕਿਸ ਦਾ ਜਾਪ ਜਪਾਂ? ਗੁਰੂ ਦੇ ਸ਼ਬਦ ਦੁਆਰਾ ਪ੍ਰਭੂ ਦਾ ਸਰੂਪ ਤੇ (ਉਸ ਦਾ) ਘਰ ਦਿਸ ਪੈਂਦਾ ਹੈ।੧।ਰਹਾਉ। ਦੂਜੀ ਥਿਤ ਦੁਆਰਾ ਉਪਦੇਸ਼ ਹੈ ਕਿ (ਜਿਹੜੇ ਮਨੁੱਖ ਪ੍ਰਭੂ ਨੂੰ ਛਡ ਕੇ) ਦੂਜੇ ਭਾਵ ਵਿਚ ਲੱਗੇ ਹਨ, (ਉਹ ਅੰਤ ਨੂੰ) ਪਛਤਾਉਂਦੇ ਹਨ। (ਅਜੇਹੇ ਮਨੁੱਖ) ਜਮਾਂ ਦੇ ਦਰ ਉਤੇ ਬੱਧੇ ਹੋਏ ਹਨ ਅਤੇ ਜੰਮਣ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ। ਉਹ ਕੀ ਲੈ ਕੇ ਆਉਂਦੇ ਹਨ ਅਤੇ ਕੀ ਲੈ ਕੇ ਜਾਂਦੇ ਹਨ? (ਸੰਸਾਰ ਵਿਚ ਖਾਲੀ ਆਉਂਦੇ ਹਨ ਤੇ ਇਥੋਂ ਖਾਲੀ ਚਲੇ ਜਾਂਦੇ ਹਨ। ਉਨ੍ਹਾਂ ਦੇ) ਸਿਰ ਉਤੇ ਜਮਕਾਲ ਖੜਾ ਰਹਿੰਦਾ ਹੈ ਅਤੇ ਉਹ (ਜਮਾਂ ਦੀਆਂ) ਚੋਟਾਂ ਖਾਂਦੇ ਰਹਿੰਦੇ ਹਨ। ਗੁਰੂ ਦੇ ਸ਼ਬਦ ਤੋਂ ਬਿਨਾ ਕੋਈ ਵੀ ਮਨੁੱਖ (ਜਮਾਂ ਦੀ ਮਾਰ ਤੋਂ) ਛੁਟ ਨਹੀਂ ਸਕਦਾ। ਕੀਤੇ ਹੋਏ ਪਖੰਡ ਨਾਲ ਮੁਕਤੀ ਪ੍ਰਾਪਤ ਨਹੀਂ ਹੁੰਦੀ।੨। (ਅੱਗੇ ਸੰਸਾਰ ਦੀ ਉਤਪਤੀ ਦਸਦੇ ਹਨ) ਪ੍ਰਭੂ ਆਪ ਸੱਚ ਸਰੂਪ ਹੈ ਅਤੇ (ਉਸ ਨੇ) ਮਿੱਟੀ ਆਦਿ ਤੱਤਾਂ ਨੂੰ

ਜੋੜ ਕੇ ਸੰਸਾਰ ਪੈਦਾ ਕੀਤਾ ਹੈ; ਹੱਥ ਜੋੜ ਕੇ (ਅਪਣੇ ਉਦਮ ਨਾਲ) ਰਚਨਾ ਰਚੀ ਹੈ।(ਉਸ ਨੇ) ਅੰਡੇ ਦੀ ਸ਼ਕਲ ਵਾਲੇ ਜਗਤ ਦੇ ਗੋਲਾਕਾਰ ਨੂੰ ਤੋੜ ਕੇ ਦੋ ਹਿੱਸੇ (ਧਰਤੀ ਤੇ ਅਕਾਸ਼) ਕੀਤੇ ਅਤੇ ਦੋਹਾਂ ਦੇ ਸਿਰੇ ਮਿਲਾ ਕੇ ਵਿਚਕਾਰੋਂ ਇਕ ਦੂਜੇ ਤੋਂ ਵਖਰੇ ਕਰ ਦਿਤੇ (ਭਾਵ ਵਿਚਾਲੇ ਪੁਲਾੜ ਬਣਾ ਦਿਤਾ।ਇਸ ਤਰ੍ਹਾਂ ਉਸ ਨੇ) ਧਰਤੀ ਤੇ ਅਕਾਸ਼ ਬਣਾ ਕੇ ਜੀਵਾਂ ਦੇ ਰਹਿਣ ਲਈ ਥਾਂ ਬਣਾਏ ਹਨ।ਫਿਰ ਰਾਤ ਤੇ ਦਿਨ ਬਣਾਏ ਅਤੇ ਜੀਵਾਂ ਅੰਦਰ ਡਰ ਤੇ ਪਿਆਰ ਪੈਦਾ ਕੀਤੇ।ਜਿਸ ਪ੍ਰਭ ਨੇ ਜੀਵ ਪੈਦਾ ਕੀਤੇ ਹਨ, (ਉਹ ਹੀ ਉਨ੍ਹਾਂ ਨੂੰ) ਪੈਦਾ ਕਰਕੇ ਦੇਖਣ (ਸੰਭਾਲ ਕਰਨ) ਵਾਲਾ ਹੈ।(ਉਸ ਤੋਂ ਬਿਨਾ ਬ੍ਰਹਮੰਡ ਨੂੰ) ਪੈਦਾ ਕਰਨ ਵਾਲਾ ਹੋਰ ਕੋਈ ਨਹੀਂ ਹੈ।੩।ਤੀਜੀ ਥਿਤ ਦੁਆਰਾ ਦਸਦੇ ਹਨ ਕਿ ਪ੍ਰਭੂ ਨੇ ਬ੍ਰਹਮਾ, ਵਿਸ਼ਨੂੰ ,ਸ਼ਿਵ ਅਤੇ (ਤੇਤੀ ਕਰੋੜ) ਦੇਵੀ ਦੇਵਤਿਆਂ ਦੇ ਸਰੂਪ ਪੈਦਾ ਕੀਤੇ ਹਨ।ਪ੍ਰਭੂ ਨੇ ਜੋ ਸ੍ਰਿਸਟੀ ਪੈਦਾ ਕੀਤੀ ਹੈ, ਉਸ ਦੀ ਗਿਣਤੀ ਨਹੀਂ ਹੋ ਆਉਂਦੀ; ਜੋਤ ਵਾਲੀਆਂ ਹਸਤੀਆਂ (ਗਿਆਨ ਦਾ ਚਾਨਣ ਦੇਣ ਵਾਲੀਆਂ ਇਤਨੀਆਂ ਹਨ ਕਿ ਉਨ੍ਹਾਂ ਦੀ) ਗਿਣਤੀ ਨਹੀਂ ਹੋ ਸਕਦੀ।ਜਿਸ ਨੇ ਇਹ ਸਾਜੀ ਹੈ, ਉਹ ਹੀ (ਇਸ ਦੀ) ਕੀਮਤ ਪਾ ਸਕਦਾ ਹੈ।ਪ੍ਰਭੂ ਆਪ ਹੀ ਸ੍ਰਿਸਟੀ ਦੀ ਕੀਮਤ ਪਾ ਕੇ (ਇਸ ਵਿਚ) ਵਿਆਪਕ ਹੋ ਰਿਹਾ ਹੈ।ਕਿਸ ਨੂੰ ਪ੍ਰਭੂ ਦੇ ਨੇੜੇ ਆਖਾਂ, ਕਿਸ ਨੂੰ ਪ੍ਰਭੂ ਤੋਂ ਦੂਰ ਆਖਾਂ (ਉਹ ਸਭ ਦੇ ਅੰਦਰ ਵਸਦਾ ਹੈ)।੪।

ਪਦਾਰਥ = ਥਿਤੀ–ਥਿਤਾਂ (ਚੰਦ੍ਰਮਾ ਦੇ ਘਟਣ ਵਧਣ ਦੇ ਹਿਸਾਬ ਅਨੁਸਾਰ ਦਿਨਾਂ ਦੀਆਂ ਤਰੀਕਾਂ।ਪੂਰਨਮਾਸੀ ਵਾਲੇ ਦਿਨ ਚੰਦ ਨਾਲ ਸਬੰਧਤ ਮਹੀਨਾ ਪੂਰਾ ਹੋ ਜਾਂਦਾ ਹੈ, ਅੱਗੇ ਫਿਰ ਨਵਾਂ ਮਹੀਨਾ ਸ਼ੁਰੂ ਹੁੰਦਾ ਹੈ)।ਜਤਿ–ਛੰਦ ਦੀ ਇਕ ਚਾਲ; ਥਿਤਾਂ ਦਾ ਸਮਦਾਇ; ਤਬਲੇ ਨਾਲ ਸਬੰਧਤ ਇਕ ਗਤਿ ਦਾ ਨਾਮ ਹੈ; ਤਬਲਾ ਵਜਾਉਣ ਦਾ ਇਕ ਤਰੀਕਾ; ਸੰਗੀਤ ਦੀ ਲੈ ਤਾਲ ਦੀ ਧਾਰਨਾ; ਮਿਰਦੰਗ ਦੇ ਬੋਲ ਦਾ ਜਿਥੇ ਵਿਸਰਾਮ ਹੋਵੇ, ਉਸ ਦਾ ਨਾਮ ਵੀ ਯਤਿ ਹੈ।ਏਕਮ–ਚੰਦ ਦੇ ਮਹੀਨੇ ਦੀ ਪਹਿਲੀ ਤਰੀਕ।ਏਕੰਕਾਰੁ–ਇਕ ਪ੍ਰਮਾਤਮਾ।ਨਿਰਾਲਾ–ਅਨੋਖਾ; ਅਦਭੁਤ (ਜਿਸ ਵਰਗਾ ਹੋਰ ਕੋਈ ਨਹੀਂ)।ਅਮਰੁ–ਮੌਤ ਰਹਿਤ।ਅਜੋਨੀ–ਜੋਨੀਆਂ ਤੋਂ ਰਹਿਤ।ਜਾਲਾ–ਬੰਧਨ; ਜੰਜਾਲ।ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਰੂਪੁ–ਸ਼ਕਲ; ਅਕਾਰ।ਰੇਖਿਆ–ਚਿੰਨ੍ਹ; ਨਿਸ਼ਾਨ।ਘਟਿ ਘਟਿ–ਹਰੇਕ ਸਰੀਰ ਵਿਚ।ਤਿਸ ਕਉ–ਉਸ ਤੋਂ।ਬਲਿ ਜਾਈ–ਕੁਰਬਾਨ ਜਾਂਦਾ ਹਾਂ।ਗੁਰ ਪਰਸਾਦਿ–ਗੁਰੂ ਦੀ ਕਿਰਪਾ ਨਾਲ।ਪਰਮ ਪਦੁ–ਸਭ ਤੋਂ ਉਚੀ ਪਦਵੀ।ਪਾਈ–ਪਾ ਲੈਂਦੇ ਹਨ।੧।ਕਿਆ–ਕਿਸ ਦਾ; ਕਿਹੜਾ।ਜਾਪ ਜਪਉ–ਮੈਂ ਜਾਪ ਜਪਾਂ।ਬਿਨੁ ਜਗਦੀਸੈ–ਜਗਤ ਦੇ ਮਾਲਕ ਤੋਂ ਬਿਨਾ।ਮਹਲੁ–ਪ੍ਰਭੂ ਦਾ ਸਰੂਪ।ਘਰੁ–ਟਿਕਾਣਾ।ਦੀਸੈ–ਦਿਸ ਪੈਂਦਾ ਹੈ।੧।ਰਹਾਉ।ਦੂਜੈ ਭਾਇ–ਦ੍ਵੈਤ ਭਾਵ (ਪ੍ਰਭੂ ਤੋਂ ਬਿਨਾ ਕਿਸੇ ਦੂਜੇ ਦੇ ਪ੍ਰੇਮ) ਵਿਚ।ਜਮ ਦਰਿ–ਜਮਾਂ ਦੇ ਦਰ ਉਤੇ।ਬਾਧੇ–ਬੰਨ੍ਹੇ ਹੋਏ ਹਨ।ਆਵਣ ਜਾਣੇ–ਜੰਮਦੇ ਮਰਦੇ ਹਨ।ਕਿਆ ਲੈ–ਕੀ ਲੈ ਕੇ।ਆਵਹਿ–ਆਉਂਦੇ ਹਨ। ਜਾਹਿ–ਜਾਂਦੇ ਹਨ।ਸਿਰਿ–ਸਿਰ ਉਤੇ।ਜਮ ਕਾਲੁ–ਕਾਲ ਕਰਨ ਵਾਲਾ ਜਮ।ਸਿ–ਉਹ।ਖਾਹਿ–ਖਾਂਦੇ ਹਨ।ਨ ਛੁਟਸਿ–ਛੁਟਦਾ ਨਹੀਂ।ਕੋਇ–ਕੋਈ ਵੀ।ਪਾਖੰਡਿ ਕੀਨੈ–ਕੀਤੇ ਹੋਏ ਪਖੰਡ ਨਾਲ।੨।ਆਪੇ–ਆਪ ਹੀ।ਸਚੁ–ਸੱਚ ਸਰੂਪ ਪ੍ਰਭੂ।ਕੀਆ–ਪੈਦਾ ਕੀਤਾ।ਕਰ ਜੋੜਿ–ਹੱਥ ਜੋੜ ਕੇ (ਅਪਣੇ ਉਦਮ ਨਾਲ); ਮਿੱਟੀ ਆਦਿ ਤੱਤਾਂ ਨੂੰ ਜੋੜ ਕੇ।ਅੰਡਜ–ਅੰਡੇ ਦੀ ਸ਼ਕਲ ਵਾਲਾ ਬ੍ਰਹਮੰਡ।ਫੋੜਿ–ਤੋੜ ਕੇ।ਜੋੜਿ ਵਿਛੋੜਿ–ਜੋੜ ਕੇ ਫਿਰ ਵੱਖਰੇ ਕਰ ਦਿਤੇ।ਕੀਏ–ਪੈਦਾ ਕੀਤੇ।ਬੈਸਣ ਕਉ–ਰਹਿਣ ਵਾਸਤੇ। ਦਿਨੰਤੁ–ਦਿਨ।ਭਉ–ਡਰ।ਭਾਉ–ਪ੍ਰੇਮ।ਜਿਨਿ–ਜਿਸ ਨੇ।ਕਰਿ–ਪੈਦਾ ਕਰਕੇ।ਵੇਖਣਹਾਰਾ–ਸੰਭਾਲ ਕਰਨ ਵਾਲਾ।ਅਵਰੁ–ਹੋਰ ਕੋਈ।ਸਿਰਜਣਹਾਰਾ–ਪੈਦਾ ਕਰਨ ਵਾਲਾ।੩।ਤ੍ਰਿਤੀਆ–ਤੀਜੀ ਥਿੱਤ।ਮਹੇਸਾ–ਸ਼ਿਵ ਜੀ।ਦੇਵੀ ਦੇਵ–ਦੇਵੀਆਂ ਅਤੇ ਦੇਵਤੇ। ਉਪਾਏ–ਪੈਦਾ ਕੀਤੇ।ਵੇਸਾ–ਸਰੂਪ।ਜੋਤੀ–ਪ੍ਰਭੂ ਨੇ; ਚਾਨਣ ਵਾਲੀਆਂ।ਜਾਤੀ–ਪੈਦਾ ਕੀਤੀ ਹੈ; ਜਾਤਾਂ; ਹਸਤੀਆਂ।ਗਣਤ–ਗਿਣਤੀ।ਸਾਜੀ–ਪੈਦਾ ਕੀਤੀ।ਸੋ–ਉਹ।ਕੀਮਤਿ–ਮੁੱਲ; ਕਦਰ।ਰਹਿਆ ਭਰਪੂਰਿ–ਵਿਆਪਕ ਹੋ ਰਿਹਾ ਹੈ।੪।

ਚਉਥਿ ਉਪਾਏ ਚਾਰੇ ਬੇਦਾ ॥ ਖਾਣੀ ਚਾਰੇ ਬਾਣੀ ਭੇਦਾ ॥ ਅਸਟ ਦਸਾ ਖਟੁ ਤੀਨਿ ਉਪਾਏ ॥ ਸੋ ਬੂਝੈ ਜਿਸੁ ਆਪਿ ਬੁਝਾਏ ॥ ਤੀਨਿ ਸਮਾਵੈ ਚਉਥੈ ਵਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੫॥ ਪੰਚਮੀ ਪੰਚ ਭੂਤ ਬੇਤਾਲਾ ॥ ਆਪਿ ਅਗੋਚਰੁ ਪੁਰਖੁ ਨਿਰਾਲਾ ॥ ਇਕਿ ਭ੍ਰਮਿ ਭੂਖੇ ਮੋਹ ਪਿਆਸੇ ॥ ਇਕਿ ਰਸੁ ਚਾਖਿ ਸਬਦਿ ਤ੍ਰਿਪਤਾਸੇ ॥ ਇਕਿ ਰੰਗਿ ਰਾਤੇ, ਇਕਿ ਮਰਿ ਧੂਰਿ ॥ ਇਕਿ ਦਰਿ ਘਰਿ, ਸਾਚੈ ਦੇਖਿ ਹਦੂਰਿ ॥੬॥ ਝੂਠੇ ਕਉ ਨਾਹੀ ਪਤਿ ਨਾਉ ॥ ਕਬਹੁ ਨ ਸੂਚਾ ਕਾਲਾ ਕਾਉ ॥ ਪਿੰਜਰਿ ਪੰਖੀ ਬੰਧਿਆ ਕੋਇ ॥ ਛੇਰੀਂ ਭਰਮੈ ਮੁਕਤਿ ਨ ਹੋਇ ॥ ਤਉ ਛੂਟੈ ਜਾ ਖਸਮੁ ਛਡਾਏ ॥ ਗੁਰਮਤਿ ਮੇਲੇ ਭਗਤਿ ਦ੍ਰਿੜਾਏ ॥੭॥ ਖਸਟੀ ਖਟੁ ਦਰਸਨ ਪ੍ਰਭ ਸਾਜੇ ॥ ਅਨਹਦ ਸਬਦੁ ਨਿਰਾਲਾ ਵਾਜੇ ॥ ਜੇ ਪ੍ਰਭ ਭਾਵੈ ਤਾ ਮਹਲਿ ਬੁਲਾਵੈ ॥ ਸਬਦੇ ਭੇਦੇ ਤਉ

ਪਤਿ ਪਾਵੈ ॥ ਕਰਿ ਕਰਿ ਵੇਸ ਖਪਹਿ ਜਲਿ ਜਾਵਹਿ ॥ ਸਾਚੈ ਸਾਚੇ ਸਾਚਿ ਸਮਾਵੈ ॥੮॥ ਚੌਥੀ ਥਿਤ ਦੁਆਰਾ ਉਪਦੇਸ਼ ਹੈ ਕਿ ਪ੍ਰਭੂ ਨੇ ਚਾਰ ਵੇਦ ਪੈਦਾ ਕੀਤੇ। ਚਾਰ ਖਾਣੀਆਂ ਅਤੇ (ਉਨ੍ਹਾਂ ਖਾਣੀਆਂ ਵਿਚ ਪੈਦਾ ਹੋਏ ਜੀਵਾਂ ਦੀਆਂ) ਚਾਰ ਬਾਣੀਆਂ (ਵੱਖੋ ਵਖਰੀਆਂ ਬੋਲੀਆਂ) ਦੇ ਭੇਦ ਪੈਦਾ ਕੀਤੇ ਹਨ। ਅਠਾਰਾਂ ਪੁਰਾਣ, ਛੇ ਸ਼ਾਸਤ੍ਰ ਅਤੇ ਤਿੰਨ ਗੁਣ ਪੈਦਾ ਕੀਤੇ। (ਇਸ ਭੇਦ ਨੂੰ) ਉਹ ਮਨੁੱਖ ਸਮਝ ਸਕਦਾ ਹੈ, ਜਿਸ ਨੂੰ ਪ੍ਰਭੂ ਆਪ ਸਮਝਾਵੇ। ਜਿਹੜਾ ਮਨੁੱਖ ਤਿੰਨ ਗੁਣਾਂ ਨੂੰ ਮੇਟ ਕੇ ਚੌਥੀ (ਸਹਿਜ) ਅਵਸਥਾ ਵਿਚ ਜਾ ਵਸਦਾ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ ਅਸੀਂ ਉਸ ਦੇ ਦਾਸ ਹਾਂ।੫। ਪੰਜਵੀਂ ਥਿਤ ਦੁਆਰਾ ਉਪਦੇਸ਼ ਹੈ ਕਿ ਪੰਜ ਭੂਤਕ (ਪੰਜਾਂ ਤੱਤਾਂ ਤੋਂ ਬਣੇ) ਜੀਵ ਭੂਤਨੇ ਬਣੇ ਹੋਏ ਹਨ। ਪਰ ਆਪ ਉਹ ਪ੍ਰਭੂ ਇੰਦੀਆਂ ਦੀ ਪਹੁੰਚ ਤੋਂ ਪਰੇ ਅਤੇ (ਪੰਜਾਂ ਤੱਤਾਂ ਦੇ ਅਸਰ ਤੋਂ) ਨਿਰਲੇਪ ਪੁਰਖ ਹੈ। ਕਈ ਜੀਵ ਭਰਮ ਕਰਕੇ (ਪਦਾਰਥਾਂ ਦੇ) ਭੁੱਖੇ ਤੇ ਮੋਹ ਕਰਕੇ (ਭੋਗਾਂ ਦੇ) ਪਿਆਸੇ ਰਹਿੰਦੇ ਹਨ। ਕਈ ਜੀਵ ਨਾਮ ਰਸ ਚਖ ਕੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਰੱਜੇ ਹੋਏ ਹਨ। ਕਈ ਜੀਵ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਹੋਏ ਹਨ ਅਤੇ ਕਈ (ਨਾਮ ਹੀਣ ਜੀਵ) ਮਰ ਕੇ ਮਿੱਟੀ ਹੋ ਰਹੇ ਹਨ। ਕਈ ਜੀਵ ਅਪਣੇ ਹਿਰਦੇ ਘਰ ਅੰਦਰ ਹੀ ਸੱਚੇ ਹਰੀ ਨੂੰ ਪ੍ਰਤੱਖ ਦੇਖਦੇ ਹਨ।੬। (ਹੇ ਭਾਈ!) ਝੂਠੇ ਮਨੁੱਖ ਨੂੰ ਇੱਜਤ ਤੇ ਨੇਕ ਨਾਮੀ ਨਹੀਂ ਮਿਲਦੀ (ਉਸ ਦਾ ਨਾਮ ਨਿਸ਼ਾਨ ਨਹੀਂ ਰਹਿੰਦਾ। ਕਾਲਾ ਕਾਂ ਕਦੇ ਸੁੱਚਾ ਨਹੀਂ ਹੋ ਸਕਦਾ (ਕਿਉਂਕਿ ਉਹ ਗੂੰਹ ਖਾਂਦਾ ਹੈ, ਝੂਠਾ ਮਨੁੱਖ ਪਵਿਤ੍ਰ ਨਹੀਂ ਹੁੰਦਾ। ਜਿਵੇਂ) ਕੋਈ ਪੰਛੀ ਪਿੰਜਰੇ ਵਿਚ ਬੰਨ੍ਹਿਆ ਹੁੰਦਾ ਹੈ। (ਉਹ ਪਿੰਜਰੇ ਦੇ) ਛੇਕਾਂ ਅੰਦਰ ਘੁੰਮਦਾ ਫਿਰਦਾ ਹੈ (ਪਿੰਜਰੇ ਵਿਚੋਂ ਮੂੰਹ ਤੇ ਪੌਂਚੇ ਬਾਹਰ ਕੱਢਦਾ ਹੈ, ਪਰ ਉਸ ਦਾ) ਛੁਟਕਾਰਾ ਨਹੀਂ ਹੁੰਦਾ। (ਉਹ) ਤਾਂ ਛੁਟ ਸਕਦਾ ਹੈ, ਜੇ ਮਾਲਕ ਛਡਾਵੇ (ਜੀਵ ਮਾਇਆ ਦੇ ਬੰਧਨਾਂ ਵਿਚ ਤਦ ਛੁਟਦਾ ਹੈ, ਜਦ ਮਾਲਕ ਪ੍ਰਭੂ ਛਡਾਵੇ। ਪ੍ਰਭੂ ਜੀਵ ਨੂੰ) ਗੁਰੂ ਦੀ ਮੱਤ ਰਾਹੀਂ ਭਗਤੀ ਦ੍ਰਿੜ ਕਰਾ ਕੇ (ਅਪਣੇ ਨਾਲ) ਮਿਲਾ ਲੈਂਦਾ ਹੈ।੭। ਛੇਵੀਂ ਥਿਤ ਦੁਆਰਾ ਉਪਦੇਸ਼ ਹੈ ਕਿ ਛੇ ਭੇਖਾਂ ਵਾਲੇ ਸਾਧੂ ਪ੍ਰਭੂ ਨੇ ਹੀ ਬਣਾਏ ਹਨ; ਹਰੀ ਨੂੰ ਮਿਲਣ ਵਾਸਤੇ ਛੇ ਭੇਖ ਬਣੇ ਸਨ। (ਪਰ) ਅਨਹਦ ਸ਼ਬਦ (ਆਤਮ ਮਡਲ ਦਾ ਸੰਗੀਤ ਇਨ੍ਹਾਂ ਭੇਖਾਂ ਤੋਂ) ਵੱਖਰਾ ਵਜਦਾ ਹੈ। ਜੇ ਜੀਵ ਪ੍ਰਭੂ ਨੂੰ ਚੰਗਾ ਲੱਗੇ, ਤਾਂ (ਉਸ ਨੂੰ ਅਪਣੇ) ਮਹਿਲ ਵਿਚ ਬੁਲਾ ਲੈਂਦਾ ਹੈ। (ਜੇ ਜੀਵ ਅਪਣੇ ਮਨ ਨੂੰ) ਗੁਰੂ ਦੇ ਸ਼ਬਦ ਨਾਲ ਵਿੰਨ੍ਹ ਲਵੇ (ਕਠੋਰ ਸੁਭਾਵ ਨੂੰ ਕੋਮਲ ਬਣਾ ਲਵੇ; ਸੰਕਲਪਾਂ ਵਿਕਲਪਾਂ ਨੂੰ ਰੋਕ ਲਵੇ), ਤਾਂ (ਉਹ ਪ੍ਰਭੂ ਦੇ ਦਰਬਾਰ ਵਿਚ) ਇੱਜਤ ਪਾਉਂਦਾ ਹੈ। (ਭੇਖੀ ਮਨੁੱਖ ਕਈ ਤਰ੍ਹਾਂ ਦੇ) ਭੇਖ ਕਰ ਕਰ ਕੇ ਖਪਦੇ ਰਹਿੰਦੇ ਹਨ ਅਤੇ ਤ੍ਰਿਸ਼ਨਾ ਦੀ ਅੱਗ ਵਿਚ ਸੜ ਜਾਂਦੇ ਹਨ। ਸੱਚੇ ਮਨੁੱਖ ਸੱਚੇ ਨਾਮ ਦੇ ਸਿਮਰਨ ਦੁਆਰਾ ਸੱਚੇ ਪ੍ਰਭੂ ਵਿਚ ਸਮਾ ਜਾਂਦੇ ਹਨ।੮।

ਪਦਾਰਥ = ਚਉਥਿ–ਚੌਥੀ ਥਿਤ। ਉਪਾਏ–ਪੈਦਾ ਕੀਤੇ। ਚਾਰੇ ਬੇਦਾ–ਚਾਰ ਵੇਦ (ਰਿਗ, ਸ਼ਾਮ, ਜੁਜੁਰ ਅਤੇ ਆਥਰਬਣ)। ਖਾਣੀ ਚਾਰੇ–ਚਾਰ ਖਾਣੀਆਂ (ਅੰਡਜ, ਸੇਤਜ, ਜੇਰਜ ਤੇ ਉਤਭੁਜ)। ਬਾਣੀ–ਚਾਰ ਬਾਣੀਆਂ (ਪਰਾ, ਪਸੰਤੀ, ਮਧਮਾ ਤੇ ਬੈਖਰੀ)। ਭੇਦਾ –ਭੇਦ; ਵੱਖ ਵੱਖ। ਅਸਟ ਦਸਾ–ਅਠਾਰਾਂ ਪੁਰਾਣ। ਖਟ–ਛੇ (ਸਾਂਖ, ਜੋਗ, ਨਿਆਇ, ਵੈਸ਼ੇਸ਼ਿਕ, ਮੀਮਾਂਸਾ ਤੇ ਵੇਦਾਂਤ) ਸ਼ਾਸਤ੍ਰ। ਤੀਨਿ–ਤਿੰਨ (ਰਜੋ, ਸਤੋ ਤੇ ਤਮੋ) ਗੁਣ। ਸੋ–ਉਹ। ਸਮਾਵੈ–ਮਿਟਾ ਦੇਵੇ। ਚਉਥੈ–ਚੌਥੈ ਪਦ (ਸਹਿਜ ਅਵਸਥਾ) ਵਿਚ। ਪ੍ਰਣਵਤਿ –ਆਖਦਾ ਹੈ। ਹਮ–ਅਸੀਂ। ਤਾ ਕੇ–ਉਸ ਦੇ।੫। ਪੰਚਮੀ–ਪੰਜਵੀ ਥਿਤ। ਪੰਚ ਭੂਤ–ਪੰਜਾਂ ਤੱਤਾਂ ਤੋਂ ਪੈਦਾ ਹੋਏ ਜੀਵ। ਬੇਤਾਲਾ– ਭੂਤਨੇ (ਮਨੁੱਖੀ ਜੀਵਨ ਤੋਂ ਖੁੰਝੇ ਹੋਏ ਜੀਵ)। ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੇ ਪਰੇ। ਪੁਰਖੁ–ਸਰਬ ਵਿਆਪਕ ਪ੍ਰਭੂ। ਨਿਰਾਲਾ– ਨਿਰਲੇਪ। ਇਕਿ–ਕਈ ਜੀਵ। ਭ੍ਰਮਿ–ਭਰਮ ਕਰਕੇ। ਰਸੁ–ਨਾਮ ਰਸ। ਚਾਖਿ–ਚੱਖ ਕੇ। ਸਬਦਿ–ਸ਼ਬਦ ਵਿਚ ਜੁੜ ਕੇ। ਤ੍ਰਿਪਤਾਸੇ –ਰੱਜੇ ਹੋਏ ਹਨ। ਰੰਗਿ ਰਾਤੇ–ਪ੍ਰੇਮ ਰੰਗ ਵਿਚ ਰੰਗੇ ਹਨ। ਮਰਿ–ਮਰ ਕੇ। ਧੂਰਿ–ਮਿੱਟੀ। ਦਰਿ ਘਰਿ–ਹਿਰਦੇ ਅੰਦਰ। ਸਾਚੈ–ਸੱਚੇ ਪ੍ਰਭੂ ਨੂੰ। ਹਦੂਰਿ–ਪ੍ਰਤੱਖ।੬। ਝੂਠੇ ਕਉ–ਝੂਠੇ ਮਨੁੱਖ ਨੂੰ। ਪਤਿ–ਇੱਜਤ। ਨਾਉ–ਨੇਕ ਨਾਮੀ। ਕਬਹੁ–ਕਦੇ ਵੀ। ਸੂਚਾ–ਸੁੱਚਾ। ਕਾਉ–ਕਾਂ। ਪਿੰਜਰਿ–ਪਿੰਜਰੇ ਵਿਚ। ਬੰਧਿਆ–ਬੰਨ੍ਹਿਆ (ਕੈਦ ਕੀਤਾ) ਹੋਇਆ। ਛੇਰੀਂ–ਛੇਕਾਂ ਅੰਦਰ। ਭਰਮੇ–ਘੁੰਮਦਾ ਫਿਰਦਾ ਹੈ। ਮੁਕਤਿ–ਅਜਾਦ; ਛੁਟਕਾਰਾ। ਤਉ–ਤਦ। ਜਾ–ਜਦ। ਖਸਮੁ–ਮਾਲਕ। ਗੁਰਮਤਿ–ਗੁਰੂ ਦੀ ਮੱਤ ਰਾਹੀਂ। ਮੇਲੇ–ਮਿਲਾ ਲੈਂਦਾ ਹੈ। ਦ੍ਰਿੜਾਏ–ਹਿਰਦੇ ਵਿਚ ਪੱਕੀ ਤਰ੍ਹਾਂ ਟਿਕਾ ਕੇ।੭। ਖਸਟੀ–ਛੇਵੀ ਥਿਤ। ਖਟੁ ਦਰਸਨ–ਛੇ ਭੇਖਾਂ ਵਾਲੇ ਸਾਧੂ (ਜੋਗੀ, ਬੋਧੀ, ਸਰੇਵੜੇ, ਸੰਨਿਆਸੀ, ਜੰਗਮ ਤੇ ਬੈਰਾਗੀ)। ਸਾਜੇ–ਬਣਾਏ। ਅਨਹਦ ਸਬਦੁ–ਆਤਮ ਮੰਡਲ ਦਾ ਸੰਗੀਤ (ਜੋ ਬਿਨਾ ਵਜਾਏ ਅਪਣੇ ਆਪ ਵਜਦਾ ਹੈ)। ਨਿਰਾਲਾ–ਵੱਖਰਾ। ਭਾਵੈ–ਚੰਗਾ ਲੱਗੇ। ਮਹਲਿ–ਅਪਣੀ ਹਜੂਰੀ ਵਿਚ। ਸਬਦੇ ਭੇਦੇ–ਸ਼ਬਦ ਨਾਲ ਵਿੰਨ੍ਹ ਲਵੇ। ਤਉ–ਤਾਂ। ਵੇਸ–ਧਾਰਮਕ ਪਹਿਰਾਵਾ। ਖਪਹਿ–ਖਪਦੇ ਹਨ। ਜਲਿ ਜਾਵਹਿ–ਤ੍ਰਿਸ਼ਨਾ ਜਾਂ ਈਰਖਾ ਦੀ ਅੱਗ ਵਿਚ ਸੜ ਜਾਂਦੇ

ਹਨ। ਸਾਚੈ-ਸੱਚੇ ਨਾਮ ਦੁਆਰਾ। ਸਾਚੇ-ਸੱਚੇ ਮਨੁੱਖ। ਸਾਚਿ ਸਮਾਵਹਿ-ਸੱਚੇ ਪ੍ਰਭੂ ਵਿਚ ਸਮਾ (ਮਿਲ) ਜਾਂਦੇ ਹਨ। ੮।

ਸਪਤਮੀ ਸਤੁ ਸੰਤੋਖੁ ਸਰੀਰਿ ॥ ਸਾਤ ਸਮੁੰਦ ਭਰੇ ਨਿਰਮਲ ਨੀਰਿ ॥ ਮਜਨੁ ਸੀਲੁ ਸਚੁ ਰਿਦੈ ਵੀਚਾਰਿ ॥ ਗੁਰ ਕੈ ਸਬਦਿ ਪਾਵੈ ਸਭਿ ਪਾਰਿ ॥ ਮਨਿ ਸਾਚਾ, ਮੁਖਿ ਸਾਚਉ ਭਾਇ ॥ ਸਚੁ ਨੀਸਾਣੈ ਠਾਕ ਨ ਪਾਇ ॥੯॥ ਅਸਟਮੀ ਅਸਟ ਸਿਧਿ ਬੁਧਿ ਸਾਧੈ ॥ ਸਚੁ ਨਿਹਕੇਵਲੁ ਕਰਮਿ ਅਰਾਧੈ ॥ ਪਉਣ ਪਾਣੀ ਅਗਨਿ ਬਿਸਰਾਉ ॥ ਤਹੀ ਨਿਰੰਜਨੁ ਸਾਚੋ ਨਾਉ ॥ ਤਿਸੁ ਮਹਿ ਮਨੂਆ ਰਹਿਆ ਲਿਵ ਲਾਇ ॥ ਪ੍ਰਣਵਤਿ ਨਾਨਕੁ ਕਾਲੁ ਨ ਖਾਇ ॥੧੦॥ ਨਾਉ ਨਉਮੀ, ਨਵੇ ਨਾਥ ਨਵ ਖੰਡਾ ॥ ਘਟਿ ਘਟਿ ਨਾਥੁ ,ਮਹਾ ਬਲਵੰਡਾ ॥ ਆਈ ਪੂਤਾ ਇਹੁ ਜਗੁ ਸਾਰਾ ॥ ਪ੍ਰਭ ਆਦੇਸੁ ਆਦਿ ਰਖਵਾਰਾ ॥ ਸੱਤਵੀਂ ਤਿੱਥ ਰਾਹੀਂ ਉਪਦੇਸ਼ ਹੈ ,ਜੇ ਸਰੀਰ ਵਿਚ ਸਤ ਸੰਤੋਖ ਆਦਿ ਗੁਣ ਹੋਣ। ਅਤੇ (ਸਰੀਰ ਦੇ ਅੰਦਰ) ਪੰਜੇ ਗਿਆਨ ਇੰਦ੍ਰੇ ,ਮਨ ਤੇ ਬੁੱਧੀ (ਸੱਤੇ ਸਮੁੰਦਰ) ਨਾਮ ਰੂਪ ਨਿਰਮਲ ਜਲ ਨਾਲ ਭਰੇ ਹੋਣ। ਨੇਕ ਸੁਭਾਵ ਧਾਰਨ ਕਰਨ ਦਾ ਇਸ਼ਨਾਨ ਕੀਤਾ ਹੋਵੇ, ਸੱਚੇ ਪ੍ਰਭੂ ਨੂੰ ਹਿਰਦੇ ਵਿਚ ਵਿਚਾਰਦਾ ਹੋਵੇ। (ਅਜੇਹਾ ਮਨੁੱਖ) ਗੁਰੂ ਦੇ ਸ਼ਬਦ ਦੁਆਰਾ ਸਾਰੇ ਜੀਵਾਂ ਨੂੰ (ਭਵਜਲ ਵਿਚੋਂ) ਪਾਰ ਲੰਘਾ ਦਿੰਦਾ ਹੈ। ਜਿਸ ਦੇ ਮਨ ਵਿਚ ਸੱਚਾ ਪ੍ਰਭੂ ਹੈ ਅਤੇ ਪ੍ਰੇਮ ਨਾਲ ਮੂੰਹ ਦੁਆਰਾ ਸੱਚੇ ਪ੍ਰਭੂ ਦਾ ਨਾਮ ਸਿਮਰਦਾ ਹੈ। ਉਸ ਨੂੰ ਸੱਚ ਰੂਪ ਪਰਵਾਨਾ ਮਿਲ ਜਾਂਦਾ ਹੈ, ਜਿਸ ਕਰਕੇ ਉਸ ਨੂੰ ਹਰੀ ਦੀ ਦਰਗਾਹ ਵਿਚ ਜਾਣ ਤੋਂ (ਕਿਸੇ ਵੱਲੋਂ) ਰੋਕ ਨਹੀਂ ਪੈਂਦੀ। ੯। ਅੱਠਵੀ ਥਿੱਤ ਦਾ ਇਹ ਉਪਦੇਸ਼ ਹੈ (ਕਿ ਜੋ ਮਨੁੱਖ) ਅਠਾਂ ਸਿਧੀਆਂ ਵਾਲੀ ਬੁੱਧੀ ਉਤੇ ਕਾਬੂ ਰੱਖਦਾ ਹੈ (ਮਨ ਨੂੰ ਕਰਾਮਾਤੀ ਤਾਕਤਾਂ ਵੱਲ ਜਾਣ ਨਹੀਂ ਦੇਂਦਾ)। ਅਤੇ ਸੱਚੇ ਤੇ ਨਿਰਲੇਪ ਪ੍ਰਭੂ ਨੂੰ ਸ਼ੁੱਭ ਕਰਮਾਂ ਰਾਹੀਂ ਸਿਮਰਦਾ ਹੈ। ਹਵਾ, ਪਾਣੀ ਤੇ ਅੱਗ ਦੇ ਸੁਭਾਵ (ਰਜੋ, ਸਤੋ ਤੇ ਤਮੋ ਗੁਣਾਂ) ਨੂੰ ਭੁਲਾ ਦੇਂਦਾ ਹੈ। ਤਾਂ ਉਥੇ ਹੀ (ਉਸ ਦੇ ਦਿਲ ਵਿਚ) ਨਿਰਲੇਪ ਤੇ ਸੱਚਾ ਨਾਮ ਵਸਦਾ ਹੈ। ਉਸ ਨਾਮ ਵਿਚ (ਜਿਸ ਮਨੁੱਖ ਦਾ ਮਨ) ਲਿਵ ਲਾਈ ਰਖਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਫਿਰ ਉਸ ਮਨੁੱਖ ਨੂੰ) ਕਾਲ ਨਹੀਂ ਖਾਂਦਾ (ਜਮਾਂ ਤੋਂ ਬਚ ਜਾਂਦਾ ਹੈ)। ੧੦। ਨੌਮੀ ਥਿਤ ਦਾ ਉਪਦੇਸ਼ ਹੈ ਕਿ ਨੌਂ ਨਾਥ ਅਤੇ ਧਰਤੀ ਦੇ ਨੌਂ ਖੰਡਾਂ ਦੇ ਜੀਵ ਪ੍ਰਭੂ ਦਾ ਨਾਮ ਜਪਦੇ ਹਨ। ਹਰੇਕ ਜੀਵ ਦਾ ਉਹ ਪ੍ਰਭੂ ਬਹੁਤ ਤਾਕਤ ਵਾਲਾ ਮਾਲਕ ਹੈ। ਇਹ ਸਾਰਾ ਜਗਤ ਮਾਇਆ ਦਾ ਪੁਤ੍ਰ ਹੈ; ਇਹ ਸਾਰਾ ਜਗਤ ਮਾਤਾ ਰੂਪ ਪ੍ਰਭੂ ਦਾ ਪੁਤ੍ਰ ਹੈ। ਪ੍ਰਭੂ ਨੂੰ ਨਮਸ਼ਕਾਰ ਹੈ, ਜੋ ਆਦਿ ਕਾਲ ਤੋਂ ਸਭ ਦਾ ਰਖਵਾਲਾ ਹੈ।

ਅੰਗ ੮੪੦ = ਆਦਿ ਜੁਗਾਦੀ ਹੈ ਭੀ ਹੋਗੁ ॥ ਓਹੁ ਅਪਰੰਪਰੁ ਕਰਣੈ ਜੋਗੁ ॥੧੧॥ ਦਸਮੀ ਨਾਮੁ ਦਾਨੁ ਇਸਨਾਨੁ ॥ ਅਨਦਿਨੁ ਮਜਨੁ ,ਸਚਾ ਗੁਣ ਗਿਆਨੁ ॥ ਸਚਿ ਮੈਲੁ ਨ ਲਾਗੈ, ਭ੍ਰਮੁ ਭਉ ਭਾਗੈ ॥ ਬਿਲਮੁ ਨ ਤੂਟਸਿ ਕਾਚੈ ਤਾਗੈ ॥ ਜਿਉ ਤਾਗਾ ਜਗੁ ਏਵੈ ਜਾਣਹੁ ॥ ਅਸਥਿਰੁ ਚੀਤੁ ,ਸਾਚਿ ਰੰਗੁ ਮਾਣਹੁ ॥੧੨॥ ਉਹ ਜਗਤ ਦੇ ਪ੍ਰਭੂ ਆਦਿ ਤੋਂ ਹੈ, ਜੁਗਾਂ ਦੇ ਅਰੰਭ ਤੋਂ ਹੈ, ਹੁਣ ਵੀ ਹੈ ਅਤੇ ਅੱਗੋਂ ਵੀ ਹੋਵੇਗਾ। ਉਹ ਪ੍ਰਭੂ ਪ੍ਰਕਿਰਤੀ ਦੇ ਪਾਰਾਵਾਰ ਤੋਂ ਪਰੇ ਹੈ ਅਤੇ ਸਭ ਕੁਛ ਕਰਨ ਦੇ ਸਮਰੱਥ ਹੈ। ੧੧। ਦਸਵੀਂ ਥਿੱਤ ਦਾ ਉਪਦੇਸ਼ ਹੈ ਕਿ ਪ੍ਰਭੂ ਦਾ ਨਾਮ ਜਪੋ, ਇਸ਼ਨਾਨ ਕਰੋ (ਸਰੀਰ ਤੇ ਮਨ ਨੂੰ ਪਵਿਤ੍ਰ ਰੱਖੋ ਅਤੇ ਧਰਮ ਦੀ ਕਿਰਤ ਕਰਕੇ) ਦਾਨ ਕਰੋ {ਗੁਰਮੁਖਿ ਨਾਮੁ ਦਾਨੁ ਇਸਨਾਨੁ ੯੪੨}। ਹਰੀ ਦੇ ਗੁਣਾਂ ਦਾ ਸੱਚਾ ਗਿਆਨ ਪ੍ਰਾਪਤ ਕਰਨਾ ਹਰ ਰੋਜ ਦਾ ਇਸ਼ਨਾਨ ਸਮਝੋ। ਸੱਚੇ ਪ੍ਰਭੂ ਵਿਚ ਜੁੜਿਆਂ (ਮਨ ਨੂੰ) ਮੈਲ ਨਹੀਂ ਲਗਦੀ ਅਤੇ ਭਰਮ ਤੇ ਡਰ ਵੀ ਨੱਸ ਜਾਂਦੇ ਹਨ। (ਸਰੀਰ ਰੂਪ) ਕੱਚੇ ਧਾਗੇ ਨੂੰ ਟੁੱਟਦਿਆਂ ਦੇਰ ਨਹੀਂ ਲਗਦੀ। ਜਿਵੇਂ ਕੱਚਾ ਧਾਗਾ (ਛੇਤੀ ਟੁੱਟ ਜਾਂਦਾ) ਹੈ, ਇਸੇ ਤਰ੍ਹਾਂ ਜਗਤ ਨੂੰ (ਨਾਸ਼ਵੰਤ) ਜਾਣੋ। (ਅਪਣੇ) ਚਿੱਤ ਨੂੰ ਸੱਚੇ ਪ੍ਰਭੂ ਵਿਚ ਟਿਕਾਓ ਅਤੇ ਸੱਚ ਦੁਆਰਾ ਆਤਮਕ ਅਨੰਦ ਮਾਣੋ। ੧੨।

ਪਦਾਰਥ = ਸਪਤਮੀ-ਸੱਤਵੀਂ ਥਿੱਤ। ਸਤ-ਨੇਕੀ; ਦਾਨ; ਸੇਵਾ। ਸਰੀਰਿ-ਸਰੀਰ ਵਿਚ। ਸਾਤ ਸਮੁੰਦਰ-ਸੱਤ ਸਮੁੰਦਰ (ਅੰਦਰ ਦੇ ਅਨੁਭਵੀ ਚਸ਼ਮੇ, ਪੰਜ ਗਿਆਨ ਇੰਦ੍ਰੇ ,ਮਨ ਤੇ ਬੁੱਧੀ)। ਨਿਰਮਲ ਨੀਰਿ-(ਨਾਮ ਰੂਪ) ਪਵਿਤ੍ਰ ਪਾਣੀ ਨਾਲ। ਸਚੁ-ਸੱਚੇ ਪ੍ਰਭੂ ਨੂੰ। ਮਜਨੁ-ਇਸ਼ਨਾਨ। ਰਿਦੈ-ਹਿਰਦੇ ਵਿਚ। ਵੀਚਾਰਿ-ਵਿਚਾਰਦਾ ਹੋਵੇ। ਸਬਦਿ-ਸ਼ਬਦ ਰਾਹੀਂ। ਪਾਵੈ ਪਾਰਿ-ਪਾਰ ਲੰਘਾ ਦੇਂਦਾ ਹੈ। ਮਨਿ-ਮਨ ਵਿਚ। ਮੁਖਿ-ਮੂੰਹ ਵਿਚ। ਸਾਚਉ-ਸੱਚਾ ਪ੍ਰਭੂ। ਭਾਇ-ਪ੍ਰੇਮ ਨਾਲ। ਨੀਸਾਣੈ-ਪਰਵਾਨਾ (ਰਾਹਦਾਰੀ, ਵੀਜ਼ਾ)। ਠਾਕ-ਰੋਕ। ਨ ਪਾਇ-ਨਹੀਂ ਪੈਂਦੀ। ੯। ਅਸਟ ਸਿਧਿ-ਅੱਠ ਸਿਧੀਆਂ (ਕਰਾਮਾਤੀ ਤਾਕਤਾਂ)। ਬੁਧਿ-ਬੁੱਧੀ (ਅਕਲ)। ਸਾਧੈ-ਕਾਬੂ ਵਿਚ ਰੱਖੇ। ਨਿਹਕੇਵਲ-ਨਿਰਲੇਪ; ਪਵਿਤ੍ਰ। ਕਰਮਿ-ਸ਼ੁੱਭ ਕਰਮਾਂ ਰਾਹੀਂ; (ਰੱਬ ਦੀ) ਮੇਹਰ ਨਾਲ। ਅਰਾਧੈ-ਸਿਮਰਦਾ ਹੈ। ਪਉਣ ਪਾਣੀ ਅਗਨੀ-ਹਵਾ, ਪਾਣੀ ਤੇ ਅੱਗ ਦਾ (ਸਤੋ, ਰਜੋ ਤੇ ਤਮੋ ਗੁਣਾਂ ਵਾਲਾ) ਸੁਭਾਵ। ਬਿਸਰਾਉ-ਭੁਲਾ ਦੇਂਦਾ ਹੈ। ਤਹੀ-ਉਥੇ ਹੀ; ਉਸ ਦੇ (ਦਿਲ ਵਿਚ)। ਨਿਰੰਜਨੁ-ਨਿਰਲੇਪ। ਸਾਚੋ ਨਾਉ-ਸੱਚਾ ਨਾਮ। ਤਿਸੁ ਮਹਿ-ਉਸ ਵਿਚ। ਮਨੂਆ-

ਮਨ। ਰਹਿਆ ਲਿਵ ਲਾਇ–ਲਿਵ ਲਾਈ ਰਖਦਾ ਹੈ। ਪ੍ਰਣਵਤਿ–ਆਖਦਾ ਹੈ। ਕਾਲੁ–ਮੌਤ।੧੦। ਨਉਮੀ–ਨੌਮੀ ਥਿਤ। ਨਵੇ ਨਾਥ –ਜੋਗੀਆਂ ਦੇ ਨੌਂ ਨਾਥ (ਮਛਿੰਦਰ ਨਾਥ, ਗੋਰਖ ਨਾਥ, ਚਰਪਟ ਨਾਥ, ਮੰਗਲ ਨਾਥ, ਘੁੱਘੂ ਨਾਥ, ਭਰਥਰੀ ਨਾਥ, ਗੋਪੀ ਨਾਥ, ਈਸ਼ਰ ਨਾਥ ਅਤੇ ਚੰਬਾ ਨਾਥ)। ਨਵ ਖੰਡਾ–ਧਰਤੀ ਦੇ ਨੌਂ ਹਿੱਸੇ (ਸਾਰੀ ਧਰਤੀ ਦੇ ਜੀਵ)। ਘਟਿ ਘਟਿ–ਹਰੇਕ ਸਰੀਰ ਵਿਚ। ਮਹਾ ਬਲਵੰਡਾ–ਮਹਾਂ ਬਲੀ। ਆਈ–ਮਾਤਾ; ਮਾਇਆ। ਪੂਤਾ–ਪੁਤ੍ਰ (ਸੰਤਾਨ)। ਜਗੁ–ਜਗਤ। ਆਦੇਸ–ਨਮਸ਼ਕਾਰ। ਆਦਿ–ਮੁੱਢ ਤੋਂ। ਰਖਵਾਰਾ–ਰਖਵਾਲਾ। ਜੁਗਾਦੀ–ਜੁਗਾਂ ਦੇ ਸ਼ੁਰੂ ਤੋਂ। ਹੈ ਭੀ–ਹੁਣ ਵੀ ਹੈ। ਹੋਗੁ–ਅੱਗੇ ਨੂੰ ਵੀ ਮੌਜੂਦ ਰਹੇਗਾ। ਅਪਰੰਪਰ–ਪਰੇ ਤੋਂ ਪਰੇ। ਕਰਣੈ ਜੋਗੁ–ਸਭ ਕੁਛ ਕਰਨ ਦੇ ਸਮਰੱਥ।੧੧। ਦਸਮੀ–ਦਸਮੀ ਥਿੱਤ। ਅਨਦਿਨੁ–ਹਰ ਰੋਜ। ਮਜਨੁ–ਇਸ਼ਨਾਨ। ਸਚਿ–ਸੱਚੇ ਪ੍ਰਭੂ ਵਿਚ ਜੁੜਿਆਂ। ਭ੍ਰਮੁ–ਭਰਮ। ਭਉ–ਡਰ। ਭਾਗੈ–ਨੱਸ ਜਾਂਦਾ ਹੈ। ਬਿਲਮੁ–ਦੇਰ। ਤੂਟਸਿ–ਟੁੱਟਦਿਆਂ। ਕਾਚੈ ਤਾਗੈ–ਕੱਚੇ ਧਾਗੇ ਨੂੰ। ਏਵੈ–ਇਸੇ ਤਰ੍ਹਾਂ। ਅਸਥਿਰੁ–ਟਿਕਾਉ। ਸਾਚਿ–ਸੱਚੇ ਦੁਆਰਾ। ਰੰਗੁ ਮਾਣਹੁ–ਅਨੰਦ ਮਾਣੋ।੧੨।

ਏਕਾਦਸੀ ਇਕੁ ਰਿਦੈ ਵਸਾਵੈ ॥ ਹਿੰਸਾ ਮਮਤਾ ਮੋਹੁ ਚੁਕਾਵੈ ॥ ਫਲੁ ਪਾਵੈ ਬ੍ਰਤੁ ਆਤਮ ਚੀਨੈ ॥ ਪਾਖੰਡਿ ਰਾਚਿ ਤਤੁ ਨਹੀ ਬੀਨੈ ॥ ਨਿਰਮਲੁ ਨਿਰਾਹਾਰ ਨਿਹਕੇਵਲੁ ॥ ਸੂਚੈ ਸਾਚੇ ਨਾ ਲਾਗੈ ਮਲੁ ॥੧੩॥ ਜਹ ਦੇਖਉ ਤਹ ਏਕੋ ਏਕਾ ॥ ਹੋਰਿ ਜੀਅ ਉਪਾਏ ਵੇਕੋ ਵੇਕਾ ॥ ਫਲੋਹਾਰ ਕੀਏ ਫਲੁ ਜਾਇ ॥ ਰਸ ਕਸ ਖਾਏ ਸਾਦੁ ਗਵਾਇ ॥ ਕੂੜੈ ਲਾਲਚਿ ਲਪਟੈ ਲਪਟਾਇ ॥ ਛੂਟੈ ਗੁਰਮੁਖਿ ਸਾਚੁ ਕਮਾਇ ॥੧੪॥ ਦੁਆਦਸਿ ਮੁਦ੍ਰਾ ਮਨੁ ਅਉਧੂਤਾ ॥ ਅਹਿਨਿਸਿ ਜਾਗੈ ਕਬਹਿ ਨ ਸੂਤਾ ॥ ਜਾਗਤੁ ਜਾਗਿ ਰਹੈ ਲਿਵ ਲਾਇ ॥ ਗੁਰ ਪਰਚੈ ਤਿਸੁ ਕਾਲੁ ਨ ਖਾਇ ॥ ਅਤੀਤ ਭਏ ਮਾਰੇ ਬੈਰਾਈ ॥ ਪ੍ਰਣਵਤਿ ਨਾਨਕ ਤਹ ਲਿਵ ਲਾਈ ॥੧੫॥ ਦੁਆਦਸੀ ਦਇਆ ਦਾਨੁ ਕਰਿ ਜਾਣੈ ॥ ਬਾਹਰਿ ਜਾਤੋ ਭੀਤਰਿ ਆਣੈ ॥ ਬਰਤੀ ਬਰਤ ਰਹੈ ਨਿਹਕਾਮ ॥ ਅਜਪਾ ਜਾਪੁ ਜਪੈ ਮੁਖਿ ਨਾਮ ॥ ਤੀਨਿ ਭਵਣ ਮਹਿ ਏਕੋ ਜਾਣੈ ॥ ਸਭਿ ਸੁਚਿ ਸੰਜਮ ਸਾਚੁ ਪਛਾਣੈ ॥੧੬॥ ਇਕਾਦਸੀ ਥਿੱਤ ਦੁਆਰਾ ਦਸਦੇ ਹਨ ਕਿ (ਜੋ ਮਨੁੱਖ) ਇਕ ਪ੍ਰਭੂ ਨੂੰ ਹਿਰਦੇ ਵਿਚ ਵਸਾ ਲਵੇ। (ਉਹ) ਹਿੰਸਾ, ਮਾਇਆ ਦੀ ਮਮਤਾ ਤੇ ਮੋਹ ਛਡ ਦਿੰਦਾ ਹੈ। (ਉਹ ਅਪਣੇ) ਆਤਮਾ ਨੂੰ ਜਾਨਣ ਰੂਪ ਵਰਤ ਰਖਦਾ ਹੈ ਅਤੇ ਗਿਆਨ ਰੂਪ ਫਲ ਪ੍ਰਾਪਤ ਕਰ ਲੈਂਦਾ ਹੈ। (ਪਰ) ਪਖੰਡ ਵਿਚ ਲੱਗਾ ਹੋਇਆ ਮਨੁੱਖ ਪ੍ਰਭੂ ਨੂੰ ਨਹੀਂ ਦੇਖ ਸਕਦਾ। ਪ੍ਰਭੂ ਨਿਰਮਲ, ਖਾਣ ਪੀਣ ਦੀ ਲੋੜ ਨਾ ਰੱਖਣਾ ਵਾਲਾ ਅਤੇ ਨਿਰਲੇਪ ਹੈ। (ਇਹੋ ਜਿਹੇ) ਸੁੱਚੇ ਹਰੀ ਵਿਚ ਜੁੜ ਕੇ ਜੋ ਮਨੁੱਖ ਸੱਚੇ ਹੋਏ ਹਨ, ਉਨ੍ਹਾਂ ਨੂੰ (ਵਿਸ਼ੇ ਵਿਕਾਰਾਂ ਦੀ) ਮੈਲ ਨਹੀਂ ਲਗਦੀ।੧੩। ਜਿੱਥੇ ਮੈਂ ਦੇਖਦਾ ਹਾਂ, ਉਥੇ ਇਕੋ ਇਕ ਪ੍ਰਮਾਤਮਾ ਹੀ (ਦਿਸਦਾ) ਹੈ। ਹੋਰ ਭਾਂਤ ਭਾਂਤ ਦੇ ਜੀਵ (ਪ੍ਰਭੂ ਨੇ) ਪੈਦਾ ਕੀਤੇ ਹਨ। (ਕਈ ਮਨੁੱਖ ਇਕਾਦਸੀ ਦੇ ਵਰਤ ਸਮੇਂ ਅੰਨ ਛਡ ਕੇ ਕੇਵਲ) ਫਲਾਂ ਦਾ ਅਹਾਰ ਕਰਦੇ ਹਨ, (ਪਰ ਵਰਤ ਦਾ ਅਸਲ) ਫਲ ਚਲੇ ਜਾਂਦਾ ਹੈ (ਫਲ ਨਹੀਂ ਮਿਲਦਾ। ਕਈ ਮਨੁੱਖ) ਸੁਆਦੀ ਚੀਜਾਂ ਖਾਂਦੇ ਹਨ, (ਪਰ ਉਹ ਆਤਮ ਅਨੰਦ ਦਾ) ਸੁਆਦ ਗਵਾ ਲੈਂਦੇ ਹਨ। (ਕਿਉਂਕਿ ਇਹ ਦੋਵੇਂ ਤਰ੍ਹਾਂ ਦੇ ਲੋਕ) ਝੂਠੇ ਲੋਭ ਵਿਚ ਫਸੇ ਹੁੰਦੇ ਹਨ ਅਤੇ ਹੋਰਨਾਂ ਨੂੰ ਫਸਾਉਂਦੇ ਹਨ। (ਝੂਠੇ ਲਾਲਚ ਤੋਂ ਉਹ ਮਨੁੱਖ) ਛੁੱਟ ਸਕਦਾ ਹੈ, ਜੋ ਗੁਰੂ ਦੁਆਰਾ ਸੱਚੇ ਪ੍ਰਭੂ ਦੇ ਨਾਮ ਸਿਮਰਨ ਦੀ ਕਮਾਈ ਕਰਦਾ ਹੈ।੧੪। ਬਾਰਾਂ ਭੇਖਾਂ ਦੇ ਚਿੰਨ੍ਹਾਂ ਤੋਂ (ਜਿਸ ਮਨੁੱਖ ਦਾ) ਮਨ ਉਪਰਾਮ ਹੋ ਗਿਆ ਹੈ। ਉਹ ਦਿਨ ਰਾਤ ਗਿਆਨ ਅਵਸਥਾ ਵਿਚ ਜਾਗਦਾ ਰਹਿੰਦਾ ਹੈ ਅਤੇ ਕਦੇ ਵੀ ਅਵਿਦਿਆ ਦੀ ਨੀਂਦ ਵਿਚ ਨਹੀਂ ਸੌਂਦਾ। ਜੋ ਜਾਗਣ (ਗਿਆਨ ਅਵਸਥਾ) ਵਾਲਾ ਮਨੁੱਖ ਪ੍ਰਭੂ ਨਾਲ ਲਿਵ ਲਾ ਕੇ ਜਾਗ ਰਿਹਾ ਹੈ। ਗੁਰੂ ਦੇ ਉਪਦੇਸ਼ ਵਿਚ ਪਰਚੇ ਉਸ ਮਨੁੱਖ ਨੂੰ ਕਾਲ ਨਹੀਂ ਖਾਂਦਾ (ਜਨਮ ਮਰਣ ਤੋਂ ਮੁਕਤ ਹੋ ਜਾਂਦਾ ਹੈ। ਉਹ) ਅਸਲ ਤਿਆਗੀ ਹੋਏ ਹਨ, (ਕਿਉਂਕਿ ਉਸ ਨੇ) ਕਾਮਾਦਿਕ ਵੈਰੀ ਮਾਰ ਲਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਮਨੁੱਖ ਨੇ ਉਸ ਪ੍ਰਭੂ ਨਾਲ ਲਿਵ ਲਾਈ ਹੋਈ ਹੈ।੧੫। ਬਾਹਰਵੀਂ ਥਿਤ ਦਾ ਉਪਦੇਸ਼ ਹੈ ਕਿ (ਜੋ ਮਨੁੱਖ) ਦਇਆ ਤੇ ਦਾਨ ਕਰਨਾ ਜਾਣਦਾ ਹੈ। ਅਤੇ ਬਾਹਰ ਵੱਲ ਦੌੜਦੇ ਜਾਂਦੇ ਮਨ ਨੂੰ ਅਪਣੇ ਅੰਦਰ ਵੱਲ ਮੋੜ ਲੈ ਆਉਂਦਾ ਹੈ (ਅੰਤਰਮੁਖੀ ਬਿਰਤੀ ਕਰਦਾ ਹੈ)। ਜੋ ਵਰਤ ਰੱਖਣਾ ਵਾਲਾ ਮਨੁੱਖ ਨਿਸ਼ਕਾਮ ਰਹਿੰਦਾ ਹੈ, (ਉਸ ਦਾ ਏਹੋ) ਸ੍ਰੇਸ਼ਟ ਵਰਤ ਹੈ। (ਉਹ ਜੋ) ਮੂੰਹ ਨਾਲ ਨਾਮ ਜਪਦਾ ਹੈ, (ਉਹ ਮਨ ਵਿਚ) ਅਜਪਾ ਜਾਪ ਵੀ ਜਪਦਾ ਹੈ। (ਉਹ) ਤਿੰਨਾਂ ਭਵਨਾਂ ਵਿਚ ਇਕੋ ਪ੍ਰਭੂ ਨੂੰ ਵਿਆਪਕ ਜਾਣਦਾ ਹੈ। (ਜੋ ਮਨੁੱਖ) ਸਚੇ ਪ੍ਰਭੂ ਨੂੰ ਪਛਾਣ ਲੈਂਦਾ ਹੈ, (ਮਾਨੋ ਉਸ ਨੇ) ਸੁੱਚ ਸੰਜਮ ਆਦਿ ਸਾਰੇ ਕਰਮ ਕਰ ਲਏ ਹਨ।੧੬।

ਪਦਾਰਥ = ਏਕਾਦਸੀ–ਗਿਆਰਵੀਂ ਥਿਤ। ਇਕੁ–ਇਕ ਪ੍ਰਭੂ ਨੂੰ। ਰਿਦੈ–ਹਿਰਦੇ ਵਿਚ। ਹਿੰਸਾ–ਦਇਆ ਹੀਣ। ਮਮਤਾ–ਅਪਣੱਤ (ਮੇਰਾਪਣ)। ਚੁਕਾਵੈ–ਦੂਰ ਕਰਦਾ ਹੈ। ਆਤਮ ਚੀਨੈ–ਅਪਣੇ ਆਪ ਨੂੰ ਜਾਣ ਲੈਂਦਾ ਹੈ। ਬ੍ਰਤੁ–ਵਰਤ। ਪਾਖੰਡਿ ਰਾਚਿ–ਪਖੰਡ

ਵਿਚ ਲਗ ਕੇ। ਤਤੁ–ਪ੍ਰਭੂ ਨੂੰ। ਨਹੀ ਬੀਨੈ–ਦੇਖ ਨਹੀਂ ਸਕਦਾ। ਨਿਰਮਲੁ–ਮੈਲ ਰਹਿਤ (ਪਵਿਤ੍ਰ)। ਨਿਰਾਹਾਰੀ–ਖਾਣ ਪੀਣ ਦੀ ਲੋੜ ਤੋਂ ਰਹਿਤ। ਨਿਹਕੇਵਲੁ–ਨਿਰਲੇਪ। ਸੂਚੈ–ਪਵਿਤ੍ਰ ਪ੍ਰਭੂ ਵਿਚ। ਸਾਚੇ–ਸੱਚੇ ਪ੍ਰਭੂ ਦਾ ਰੂਪ ਹੋਏ ਮਨੁੱਖ। ਮਲੁ–ਮੈਲ।੧੩। ਜਹ–ਜਿੱਥੇ। ਦੇਖਉ–ਮੈਂ ਦੇਖਦਾ ਹਾਂ। ਤਹ–ਉਥੇ। ਏਕੋ ਏਕਾ–ਇਕੋ ਇਕ ਪ੍ਰਭੂ। ਹੋਰਿ ਜੀਅ–ਹੋਰ ਸਾਰੇ ਜੀਵ। ਵੇਕੋ ਵੇਕਾ–ਭਾਂਤ ਭਾਂਤ ਦੇ। ਫਲੋਹਾਰ ਕੀਏ–ਫਲਾਂ ਦਾ ਅਹਾਰ ਕਰਦੇ ਹਨ। ਫਲੁ ਜਾਇ–ਫਲ ਜਾਂਦਾ ਰਹਿੰਦਾ ਹੈ। ਰਸ ਕਸ–ਸੁਆਦਾਂ ਵਾਲੀਆਂ ਚੀਜਾਂ। ਖਾਏ–ਖਾਂਦੇ ਹਨ। ਸਾਦੁ–ਸੁਆਦ। ਗਵਾਇ–ਗਵਾ ਲੈਂਦੇ ਹਨ। ਕੂੜੈ ਲਾਲਚਿ–ਝੂਠੇ ਲਾਲਚ ਵਿਚ। ਲਪਟੈ–ਫਸੇ ਰਹਿੰਦੇ ਹਨ। ਲਪਟਾਇ–ਹੋਰਨਾਂ ਨੂੰ ਫਸਾਉਂਦੇ ਹਨ। ਗੁਰਮੁਖਿ–ਗੁਰੂ ਦੁਆਰਾ। ਸਾਚੁ ਕਮਾਇ–ਸੱਚੇ ਪ੍ਰਭੂ ਦੇ ਨਾਮ ਸਿਮਰਨ ਦੀ ਕਮਾਈ ਕਰਦਾ ਹੈ।੧੪। ਦੁਆਦਸਿ ਮੁਦ੍ਰਾ–ਭੇਖਾਂ ਦੇ ੧੨ ਚਿੰਨ੍ਹ (ਪੰਜ ਚਿੰਨ੍ਹ ਬ੍ਰਹਮਚਾਰੀ ਦੇ) ਜਨੇਊ, ਮੁੰਜ ਦੀ ਤੜਾਗੀ, ਮ੍ਰਿਗਛਾਲਾ, ਕਰਮੰਡਲ ਤੇ ਸ਼ਿਖਾ। (ਤਿੰਨ ਚਿੰਨ੍ਹ ਵੈਸ਼ਨੂਆਂ ਦੇ) ਤਿਲਕ, ਕੰਠੀ ਤੇ ਤੁਲਸੀ ਮਾਲਾ। (ਦੋ ਚਿੰਨ੍ਹ ਸ਼ੈਵਾਂ ਦੇ) ਰੁਦ੍ਰਾਖਸ਼ ਮਾਲਾ ਤੇ ਤ੍ਰਿਪੁੰਡ (ਮੱਥੇ ਉਤੇ ਪਾਈਆਂ ਸੁਆਹ ਦੀਆਂ ਤਿੰਨ ਲਕੀਰਾਂ। ਇਕ ਚਿੰਨ੍ਹ ਜੋਗੀਆਂ ਦਾ) ਮੁੰਦਰਾਂ। (ਇਕ ਚਿੰਨ੍ਹ ਸੰਨਿਆਸੀਆਂ ਦਾ) ਤ੍ਰਿਦੰਡ (ਤਿੰਨ ਚੀਜਾਂ ਨਾਲ ਬਣਨ ਕਰਕੇ ਇਸਦਾ ਨਾਮ ਤ੍ਰਿਦੰਡ ਹੈ – ਸੋਟਾ, ਚਾਰ ਉਂਗਲ ਦੀ ਲੀਰ ਅਤੇ ਕਾਲੀ ਗਾਂ ਦੀ ਉਨ ਦੀ ਰੱਸੀ, ਰੱਸੀ ਨਾਲ ਸੋਟੇ ਦੇ ਸਿਰੇ ਤੇ ਲੀਰ ਬੰਨ੍ਹੀ ਜਾਂਦੀ ਹੈ)। ਅਉਧੂਤਾ–ਤਿਆਗੀ। ਅਹਿ–ਦਿਨ। ਨਿਸਿ–ਰਾਤ। ਜਾਗਹਿ –ਜਾਗਦੇ ਹਨ। ਜਾਗਿ–ਜਾਗ ਕੇ। ਲਿਵ ਲਾਇ–ਸੁਰਤ ਜੋੜ ਕੇ। ਗੁਰ ਪਰਚੈ–ਗੁਰੂ ਦੇ ਉਪਦੇਸ਼ ਵਿਚ ਪਰਚ ਜਾਂਦਾ ਹੈ। ਕਾਲੁ–ਮੌਤ। ਅਤੀਤ ਭਏ–ਤਿਆਗੀ ਹੋਏ ਹਨ। ਬੈਰਾਈ–ਕਾਮਾਦਿਕ ਬੈਰੀ। ਪ੍ਰਣਵਤਿ–ਆਖਦਾ ਹੈ। ਤਹ–ਉਸ (ਪ੍ਰਭੂ ਨਾਲ)।੧੫। ਦੁਆਦਸੀ–ਬਾਹਰਵੀਂ ਥਿਤ। ਕਰਿ ਜਾਣੈ–ਕਰਨਾ ਜਾਣਦਾ ਹੈ। ਬਾਹਰਿ ਜਾਤੋ–ਬਾਹਰ ਜਾਂਦੇ ਮਨ ਨੂੰ। ਭੀਤਰਿ ਆਣੈ–ਅੰਦਰ ਲੈ ਆਉਂਦਾ ਹੈ। ਬਰਤੀ–ਵਰਤ ਰੱਖਣ ਵਾਲਾ। ਬਰਤ–ਵਰਤ। ਨਿਹਕਾਮ–ਇੱਛਾ ਰਹਿਤ। ਅਜਪਾ ਜਾਪੁ–ਜੀਭ ਅਤੇ ਸੁਆਸਾਂ ਤੋਂ ਬਿਨਾ ਚਿਤ ਬਿਰਤੀ ਨਾਲ ਕੀਤਾ ਜਾਪ। ਮੁਖਿ–ਮੂੰਹ ਨਾਲ। ਤੀਨਿ ਭਵਣ ਮਹਿ–ਤਿੰਨਾਂ ਭਵਨਾਂ ਵਿਚ। ਏਕੋ–ਇਕ ਪ੍ਰਭੂ ਨੂੰ ਹੀ। ਸੰਜਮ–ਇੰਦ੍ਰੀਆਂ ਨੂੰ ਕਾਬੂ ਕਰਨ ਦਾ ਜਤਨ। ਸੁਚਿ–ਸਰੀਰਕ ਪਵਿਤ੍ਰਤਾ। ਸਾਚੁ–ਸਚਾ ਪ੍ਰਭੂ।੧੬।

ਤੇਰਸਿ ਤਰਵਰ ਸਮੁਦ ਕਨਾਰੈ ॥ ਅੰਮ੍ਰਿਤੁ ਮੂਲੁ ਸਿਖਰਿ ਲਿਵ ਤਾਰੈ ॥ ਡਰ ਡਰਿ ਮਰੈ ਨ ਬੂਡੈ ਕੋਇ ॥ ਨਿਡਰੁ ਬੂਡਿ ਮਰੈ ਪਤਿ ਖੋਇ ॥ ਡਰ ਮਹਿ ਘਰੁ ,ਘਰ ਮਹਿ ਡਰੁ ਜਾਣੈ ॥ ਤਖਤਿ ਨਿਵਾਸੁ ਸਚੁ ਮਨਿ ਭਾਣੈ ॥੧੭॥ ਚਉਦਸਿ ਚਉਥੇ ਥਾਵਹਿ ਲਹਿ ਪਾਵੈ ॥ ਰਾਜਸ ਤਾਮਸ ਸਤ ਕਾਲ ਸਮਾਵੈ ॥ ਸਸੀਅਰ ਕੈ ਘਰਿ ਸੂਰੁ ਸਮਾਵੈ ॥ ਜੋਗ ਜੁਗਤਿ ਕੀ ਕੀਮਤਿ ਪਾਵੈ ॥ ਚਉਦਸਿ ਭਵਨ ਪਾਤਾਲ ਸਮਾਏ ॥ ਖੰਡ ਬ੍ਰਹਮੰਡ ਰਹਿਆ ਲਿਵ ਲਾਇ ॥੧੮॥ ਅਮਾਵਸਿਆ ਚੰਦੁ ਗੁਪਤੁ ਗੈਣਾਰਿ ॥ ਬੂਝਹੁ ਗਿਆਨੀ ਸਬਦੁ ਬੀਚਾਰਿ ॥ ਸਸੀਅਰੁ ਗਗਨਿ ਜੋਤਿ ਤਿਹੁ ਲੋਈ ॥ ਕਰਿ ਕਰਿ ਵੇਖੈ ਕਰਤਾ ਸੋਈ ॥ ਗੁਰ ਤੇ ਦੀਸੈ, ਸੋ ਤਿਸ ਹੀ ਮਾਹਿ ॥ ਮਨਮੁਖਿ ਭੂਲੇ ਆਵਹਿ ਜਾਹਿ ॥੧੯॥ ਘਰੁ ਦਰੁ ਥਾਪਿ ਥਿਰੁ ਥਾਨਿ ਸੁਹਾਵੈ ॥ ਆਪੁ ਪਛਾਣੈ ਜਾ ਸਤਿਗੁਰੁ ਪਾਵੈ ॥ ਜਹ ਆਸਾ ਤਹ ਬਿਨਸਿ ਬਿਨਾਸਾ ॥ ਫੂਟੈ ਖਪਰੁ ਦੁਬਿਧਾ ਮਨਸਾ ॥ ਮਮਤਾ ਜਾਲ ਤੇ ਰਹੈ ਉਦਾਸਾ ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸਾ ॥੨੦॥੧॥ ਤੇਰ੍ਹਵੀਂ ਥਿਤ ਦੁਆਰਾ ਆਖਦੇ ਹਨ ਕਿ ਮਨੁੱਖ ਦਾ ਜੀਵਨ ਸਮੁੰਦਰ ਦੇ ਕਿਨਾਰੇ ਤੇ ਖੜ੍ਹੇ ਦਰੱਖਤ ਵਾਂਗ ਹੈ (ਜੋ ਸਮੁੰਦਰ ਦੀਆਂ ਲਹਿਰਾਂ ਨਾਲ ਛੇਤੀ ਉਖੜ ਕੇ ਗਿਰ ਸਕਦਾ ਹੈ। ਪਰ ਉਸ ਦਰੱਖਤ ਦੀ) ਜੜ੍ਹ ਅਮਰ ਹੋ ਸਕਦੀ ਹੈ, ਜਿਸ ਦੀ ਚੋਟੀ ਲਿਵ ਤਾਰ ਨਾਲ ਬੱਧੀ ਰਹੇ ਭਾਵ ਜਿੰਦਗੀ ਅਮਰ ਹੋ ਸਕਦੀ ਹੈ, ਜੇ ਮਨ ਨੂੰ ਅਤੁੱਟ ਲਗਨ ਵਿਚ ਜੋੜੀ ਰਖੀਏ (ਸ਼ਬਦਾਰਥ); ਮ੍ਰਿਤੂ ਰਹਿਤ ਪ੍ਰਮਾਤਮਾ, ਜੋ ਸਭ ਦਾ ਮੂਲ ਹੈ ਤੇ ਸਭ ਦੇ ਸਿਖਰ ਤੇ ਹੈ, (ਜੋ ਮਨੁੱਖ ਉਸ ਪ੍ਰਭੂ ਨਾਲ) ਲਿਵ ਲਾਉਂਦਾ ਹੈ, (ਉਹ ਅਪਣੇ ਆਪ ਨੂੰ ਭਵਜਲ ਤੋਂ) ਤਾਰ ਲੈਂਦਾ ਹੈ। ਜੋ ਮਨੁੱਖ ਪ੍ਰਭੂ ਦੇ ਡਰ ਨਾਲ ਡਰ ਕੇ ਜੀਵਤ ਭਾਵ ਤੋਂ ਮਰਦਾ ਹੈ, (ਅਜੇਹਾ) ਕੋਈ ਵੀ ਮਨੁੱਖ ਭਵਜਲ ਵਿਚ ਡੁਬਦਾ ਨਹੀਂ। (ਜੋ ਮਨੁੱਖ ਰੱਬ ਦੇ) ਡਰ ਤੋਂ ਰਹਿਤ ਹੈ, (ਉਹ ਅਪਣੀ) ਇੱਜਤ ਗਵਾ ਕੇ ਭਵਜਲ ਵਿਚ ਡੁਬ ਮਰਦਾ ਹੈ। (ਜੋ ਮਨੁੱਖ) ਰੱਬ ਦੇ ਡਰ ਵਿਚ ਅਪਣੇ ਸਰੀਰ ਨੂੰ ਰਖਦਾ ਹੈ ਅਤੇ ਹਿਰਦੇ ਘਰ ਵਿਚ ਰੱਬ ਦੇ ਡਰ ਨੂੰ ਜਾਣਦਾ ਹੈ (ਰੱਬ ਦੇ ਡਰ ਕਰਕੇ ਮਾੜੇ ਕੰਮ ਨਹੀਂ ਕਰਦਾ। ਉਸ ਨੂੰ) ਸੱਚਾ ਪ੍ਰਭੂ ਮਨ ਵਿਚ ਪਿਆਰਾ ਲਗਦਾ ਹੈ, (ਜਿਸ ਕਰਕੇ ਉਹ ਮਨੁੱਖ) ਰੱਬ ਦੇ ਤਖਤ ਉਤੇ ਨਿਵਾਸ ਕਰਦਾ ਹੈ (ਰੱਬ ਨਾਲ ਇਕ ਮਿਕ ਹੋ ਜਾਂਦਾ ਹੈ)।੧੭। ਚੌਦਵੀਂ ਥਿਤ ਦੁਆਰਾ ਆਖਦੇ ਹਨ ਕਿ (ਜੋ ਮਨੁੱਖ) ਚੌਥੇ ਪਦ ਦੇ ਥਾਂ ਨੂੰ ਜਾਣ ਕੇ ਪ੍ਰਾਪਤ ਕਰਦਾ ਹੈ। ਅਤੇ ਤਿੰਨਾਂ ਗੁਣਾਂ ਤੇ ਤਿੰਨੇ ਕਾਲਾਂ ਨੂੰ ਦੂਰ ਕਰਦਾ ਹੈ। (ਉਸ ਦੇ ਹਿਰਦੇ ਰੂਪ) ਚੰਦ ਦੇ ਘਰ ਵਿਚ ਸੂਰਜ ਆ ਸਮਾਉਂਦਾ ਹੈ ਭਾਵ ਅਗਿਆਨ

ਮੱਤ ਵਿਚ ਗੁਰੂ ਦੇ ਗਿਆਨ ਦਾ ਚਾਨਣ ਆ ਵਸਦਾ ਹੈ {ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ ੯੪੩}; ਸ਼ਾਤੀ ਦੇ ਘਰ ਵਿਚ ਮਨ ਦੀ ਤਪਸ਼ ਮਿਟ ਜਾਂਦੀ ਹੈ। ਉਹ ਪ੍ਰਭੂ ਨਾਲ ਜੁੜਨ ਦੀ ਜੁਗਤੀ ਦੀ ਕੀਮਤ ਪਾ ਲੈਂਦਾ ਹੈ। ਉਹ ਉਸ ਪ੍ਰਭੂ ਵਿਚ ਲਿਵ ਲਾਉਂਦਾ ਹੈ, ਜੋ ਪਤਾਲਾਂ ਦੇ ਸਮੇਤ ਚੌਦਾਂ ਭਵਨਾਂ ਤੇ ਖੰਡਾਂ ਬ੍ਰਹਮੰਡਾਂ ਵਿਚ ਸਮਾ ਰਿਹਾ ਹੈ।੧੮। ਜਿਵੇਂ ਮੱਸਿਆ ਵਾਲੀ ਰਾਤ ਨੂੰ ਅਕਾਸ਼ ਵਿਚ ਚੰਦ ਗੁਪਤ ਰਹਿੰਦਾ ਹੈ (ਤਿਵੇਂ ਹਰੀ ਹਰੇਕ ਜੀਵ ਦੇ ਅੰਦਰ ਗੁਪਤ ਹੈ, ਦਿਸਦਾ ਨਹੀਂ)। ਹੇ ਗਿਆਨਵਾਨ ਪੁਰਖੋ ! ਗੁਰੂ ਦੇ ਸ਼ਬਦ ਨੂੰ ਵਿਚਾਰ ਕੇ ਇਸ ਭੇਤ ਨੂੰ ਸਮਝੋ। ਜਿਵੇਂ ਚੰਦ ਅਕਾਸ਼ ਵਿਚ ਸਦਾ ਰਹਿੰਦਾ ਹੈ ਅਤੇ ਉਸ ਦਾ ਪ੍ਰਕਾਸ਼ ਤਿੰਨਾਂ ਲੋਕਾਂ ਵਿਚ ਹੁੰਦਾ ਹੈ (ਤਿਵੇਂ ਪ੍ਰਮਾਤਮਾ ਦੀ ਜੋਤ ਸਾਰੇ ਖੰਡਾਂ ਬ੍ਰਹਮੰਡਾਂ ਵਿਚ ਪਸਰ ਰਹੀ ਹੈ)। ਉਹ ਕਰਤਾਰ ਸਾਰੇ ਜੀਵਾਂ ਨੂੰ ਪੈਦਾ ਕਰ ਕਰਕੇ (ਉਨ੍ਹਾਂ ਨੂੰ) ਦੇਖਦਾ (ਸੰਭਾਲਦਾ) ਹੈ। (ਜਿਸ ਜੀਵ ਨੂੰ) ਗੁਰੂ ਦੀ ਕ੍ਰਿਪਾ ਨਾਲ ਪ੍ਰਭੂ ਦਿਸ ਪੈਂਦਾ ਹੈ, ਉਹ ਉਸ ਵਿਚ ਹੀ ਸਮਾ ਜਾਂਦਾ ਹੈ। (ਪਰ ਰੱਬ ਤੋਂ) ਭੁੱਲੇ ਹੋਏ ਮਨਮੁਖ ਲੋਕ ਆਉਂਦੇ ਜਾਂਦੇ (ਜੰਮਦੇ ਮਰਦੇ) ਰਹਿੰਦੇ ਹਨ।੧੯। (ਜੋ ਮਨੁੱਖ) ਪ੍ਰਭੂ ਦੇ ਦਰ ਘਰ ਨੂੰ ਅਪਣਾ ਟਿਕਾਣਾ ਬਣਾ ਕੇ ਉਸ ਅਸਥਾਨ ਵਿਚ ਟਿਕ ਜਾਂਦਾ ਹੈ, (ਉਸ ਦਾ ਜੀਵਨ) ਸੋਹਣਾ ਬਣ ਜਾਂਦਾ ਹੈ। ਜਦੋਂ ਉਹ ਮਨੁੱਖ ਸਤਿਗੁਰੂ ਨੂੰ ਪ੍ਰਾਪਤ ਕਰਦਾ ਹੈ, ਤਾਂ ਅਪਣੇ ਆਪ ਨੂੰ ਪਛਾਣ ਲੈਂਦਾ ਹੈ। ਜਿਸ (ਮਨੁੱਖ ਦੇ ਅੰਦਰ) ਆਸਾ ਤ੍ਰਿਸ਼ਨਾ ਹੈ, ਉਥੇ ਬਿਨਾਸ ਹੀ ਬਿਨਾਸ ਹੈ। ਦੁਬਿਧਾ ਤੇ ਵਾਸ਼ਨਾ ਵਾਲਾ ਸਰੀਰ ਰੂਪ ਭਾਂਡਾ ਟੁੱਟ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਉਸ ਮਨੁੱਖ ਦਾ ਦਾਸ ਹਾਂ। ਜੋ ਮਮਤਾ ਦੇ ਜਾਲ ਤੋਂ ਉਦਾਸ ਰਹਿੰਦਾ ਹੈ।

ਦੂਜਾ ਅਰਥ = ਜਿੱਥੇ (ਪਹਿਲਾਂ ਹਿਰਦੇ ਵਿਚ ਦੁਨੀਆਂ ਵਾਲੀਆਂ) ਆਸਾਂ ਟਿਕੀਆਂ ਹੋਈਆਂ ਸਨ, ਉਥੇ (ਜਦੋਂ ਆਸਾ) ਨਾਸ਼ ਹੋ ਜਾਂਦੀ ਹੈ, ਤਾਂ ਉਹ ਹਿਰਦਾ ਆਸਾ ਤੋਂ ਬਿਨਾ ਆਸ ਵਾਲਾ ਹੋ ਜਾਂਦਾ ਹੈ। ਤਦ ਦੁਬਿਧਾ ਤੇ ਮਨ ਦੀਆਂ ਵਾਸ਼ਨਾਵਾਂ ਦਾ ਭਾਂਡਾ ਫੁੱਟ ਜਾਂਦਾ ਹੈ। (ਫਿਰ ਉਹ ਮਨੁੱਖ) ਮਮਤਾ ਦੇ ਜਾਲ ਤੋਂ ਉਪਰਾਮ ਰਹਿੰਦਾ ਹੈ (ਕਿਸੇ ਪਦਾਰਥ ਜਾਂ ਸਬੰਧੀ ਦਾ ਮੋਹ ਨਹੀਂ ਰਹਿੰਦਾ)। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ (ਅਜੇਹੇ) ਉਸ ਮਨੁੱਖ ਦਾ ਦਾਸ ਹਾਂ।੨੦।੧।

ਪਦਾਰਥ = ਤੇਰਸਿ–ਤੇਰ੍ਹਵੀ ਥਿਤ। ਤਰਵਰ–ਦਰੱਖਤ। ਸਮੁਦ ਕਨਾਰੈ–ਸਮੁੰਦਰ ਦੇ ਕਿਨਾਰੇ ਉਤੇ। ਅੰਮ੍ਰਿਤੁ ਮੂਲੁ–ਸਭ ਦਾ ਮੁੱਢ ਮ੍ਰਿਤੂ ਤੋਂ ਰਹਿਤ ਪ੍ਰਭੂ। ਸਿਖਰਿ–ਸਿਖਰ ਤੇ; ਉਚਾ; ਸ਼੍ਰੋਮਣੀ। ਲਿਵ–ਸੁਰਤ ਜੋੜਦਾ ਹੈ। ਤਾਰੇ–ਤਾਰ ਲੈਂਦਾ ਹੈ। ਡਰ–ਡਰ ਨਾਲ। ਡਰਿ–ਡਰ ਕੇ। ਮਰੈ–ਮਰਦਾ ਹੈ। ਨ ਬੂਡੈ–ਡੁਬਦਾ ਨਹੀਂ। ਨਿਡਰੁ–ਡਰ ਰਹਿਤ। ਬੂਡਿ–ਡੁਬ ਕੇ। ਪਤਿ ਖੋਇ–ਇੱਜਤ ਗਵਾ ਕੇ। ਡਰ ਮਹਿ–ਡਰ ਵਿਚ। ਘਰੁ–ਸਰੀਰ ਘਰ। ਘਰ ਮਹਿ–ਹਿਰਦੇ ਘਰ ਵਿਚ। ਤਖਤਿ–ਤਖਤ ਉਤੇ। ਸਚੁ–ਸੱਚਾ ਪ੍ਰਭੂ। ਮਨਿ ਭਾਣੈ–ਮਨ ਵਿਚ ਪਿਆਰਾ ਲਗਦਾ ਹੈ।੧੭। ਚਉਦਸਿ–ਚੌਦਵੀਂ ਥਿਤ। ਚਉਥੇ ਥਾਵਹਿ–ਚੌਥੇ ਥਾਂ ਨੂੰ (ਮਾਇਆ ਦੇ ਤਿੰਨ ਗੁਣਾਂ ਦੇ ਪ੍ਰਭਾਵ ਤੋਂ ਉਪਰ ਤੁਰੀਆਵਸਥਾ)। ਲਹਿ ਪਾਵੈ–ਜਾਣ ਕੇ ਪਾ ਲੈਂਦਾ ਹੈ। ਰਾਜਸ–ਰਜੋ ਗੁਣ (ਵੱਡਾ ਹੋਣ ਦੀ ਇੱਛਾ)। ਤਾਮਸ–ਤਮੋ ਗੁਣ (ਗੁੱਸਾ, ਈਰਖਾ ਤੇ ਅਗਿਆਨਤਾ ਵਾਲਾ ਜੀਵਨ)। ਸਤ–ਸਤੋ ਗੁਣ (ਦੁਖ ਸੁਖ ਤੋਂ ਉਪਰ ਤਿਆਗ ਵਾਲਾ ਜੀਵਨ)। ਕਾਲ ਸਮਾਵੈ–ਤਿੰਨ (ਭੂਤ, ਵਰਤਮਾਨ ਤੇ ਭਵਿਖ) ਕਾਲਾਂ ਨੂੰ ਮੁਕਾ ਦੇਂਦਾ ਹੈ। ਸਸੀਅਰ–ਚੰਦ। ਕੈ ਘਰਿ–ਦੇ ਘਰ ਵਿਚ। ਸੂਰੁ–ਸੂਰਜ। ਜੋਗ ਜੁਗਤਿ–ਰੱਬ ਨਾਲ ਜੁੜਨ ਦਾ ਢੰਗ। ਚਉਦਸਿ ਭਵਨ–ਚੌਦਾਂ ਭਵਨਾਂ (ਸੱਤ ਅਕਾਸ਼ ਤੇ ਸੱਤ ਪਤਾਲ) ਵਿਚ। ਸਮਾਏ–ਸਮਾ ਰਿਹਾ ਹੈ। ਲਿਵ ਲਾਏ–ਸੁਰਤ ਜੋੜਦਾ ਹੈ।੧੮। ਅਮਾਵਸਿਆ–ਮਸਿਆ (ਦੀ ਰਾਤ) ਨੂੰ। ਗੁਪਤੁ–ਲੁਕਿਆ ਹੋਇਆ। ਗੈਣਾਰਿ–ਅਕਾਸ਼ ਵਿਚ। ਬੂਝਹੁ–ਸਮਝੋ। ਗਿਆਨੀ–ਹੇ ਗਿਆਨਵਾਨ ਪੁਰਖੋ !। ਬੀਚਾਰਿ–ਵਿਚਾਰ ਕੇ। ਗਗਨਿ–ਅਕਾਸ਼ ਵਿਚ। ਜੋਤਿ–ਚਾਨਣ। ਤਿਹੁ ਲੋਈ–ਤਿੰਨਾਂ ਲੋਕਾਂ (ਸਾਰੇ ਬ੍ਰਹਮੰਡ) ਵਿਚ। ਕਰਿ ਕਰਿ–ਪੈਦਾ ਕਰ ਕਰਕੇ। ਵੇਖੈ–ਦੇਖਦਾ (ਸੰਭਾਲਦਾ) ਹੈ। ਕਰਤਾ ਸੋਈ–ਉਹ ਕਰਤਾਰ ਹੀ। ਤੇ–ਤੋਂ; ਨਾਲ। ਦੀਸੈ–ਦਿਸਦਾ ਹੈ। ਸੋ–ਉਹ। ਤਿਸ ਹੀ ਮਾਹਿ–ਉਸ (ਪ੍ਰਭੂ) ਵਿਚ ਹੀ। ਭੂਲੇ–(ਰੱਬ ਤੋਂ) ਭੁੱਲੇ ਹੋਏ। ਆਵਹਿ ਜਾਹਿ–ਜੰਮਦੇ ਮਰਦੇ ਰਹਿੰਦੇ ਹਨ।੧੯। ਥਾਪਿ–ਬਣਾ ਕੇ। ਥਿਰੁ–ਟਿਕ ਜਾਂਦਾ ਹੈ। ਥਾਨਿ–ਸਥਾਨ ਵਿਚ। ਸੁਹਾਵੈ–ਸੋਭਦਾ ਹੈ; ਸੋਹਣਾ ਬਣ ਜਾਂਦਾ ਹੈ। ਆਪੁ–ਅਪਣੇ ਆਪ ਨੂੰ। ਜਾ–ਜਦੋਂ। ਪਾਵੈ–ਪ੍ਰਾਪਤ ਕਰਦਾ ਹੈ। ਜਹ–ਜਿੱਥੇ; ਜਿਸ ਵਿਚ। ਤਹ–ਉਥੇ। ਬਿਨਸਿ ਬਿਨਾਸਾ–ਵਿਨਾਸ ਹੀ ਵਿਨਾਸ; (ਆਸਾ) ਨਾਸ਼ ਹੋ ਕੇ ਬਿਨਾ ਆਸ ਤੋਂ ਹੋ ਜਾਂਦਾ ਹੈ। ਫੂਟੈ–ਟੁੱਟ ਜਾਂਦਾ ਹੈ। ਖਪਰੁ–ਭਾਂਡਾ। ਦੁਬਿਧਾ–ਦੁਐਤ ਭਾਵ। ਮਨਸਾ–ਮਨ ਦੀਆਂ ਵਾਸ਼ਨਾਵਾਂ। ਮਮਤਾ–ਅਪਣੱਤ; ਮੇਰਾਪਣ। ਉਦਾਸ–ਉਪਰਾਮ। ਪ੍ਰਣਵਤਿ–ਆਖਦਾ ਹੈ। ਹਮ–ਮੈਂ। ਤਾ ਕੇ–ਉਸ (ਮਨੁੱਖ) ਦੇ। ਦਾਸਾ–ਦਾਸ।੨੦।੧।

ਵਿਆਖਿਆ = ਗੁਰੂ ਜੀ ਨੇ ਥਿੱਤਾਂ ਰਾਹੀਂ ਕਰਮ ਕਾਂਡੀ ਲੋਕਾਂ ਦਾ ਭਰਮ ਦੂਰ ਕਰਕੇ ਮਨੁੱਖ ਨੂੰ ਵਾਹਿਗੁਰੂ ਨਾਲ ਜੁੜਨ ਦਾ

ਕਲਿਆਣਕਾਰੀ ਉਪਦੇਸ਼ ਦਿਤਾ ਹੈ। ਥਿਤਾਂ ਦਾ ਹਿਸਾਬ ਚੰਦ੍ਰਮਾ ਦੇ ਉਤਰਾ ਚੜ੍ਹਾ ਨਾਲ ਹੈ, ਚੰਦ੍ਰਮਾ ਦੇ ਹਿਸਾਬ ਨਾਲ ਗਿਣੀਆਂ ਜਾਣ ਵਾਲੀਆਂ ਹਨ੍ਹੇਰ ਪੱਖ ਤੇ ਚਾਨਣ ਪੱਖ ਦੀਆਂ ਤਰੀਕਾਂ। ਚਾਨਣ ਪੱਖ ਦੇ ੧੫ ਦਿਨ ਹਨ, ਚਾਨਣ ਪੱਖ ਦਾ ਅਖੀਰਲਾ ਦਿਨ ਪੁੰਨਿਆ ਜਾਂ ਪੂਰਨਮਾਸੀ ਕਹਾਉਂਦਾ ਹੈ। ਇਸੇ ਤਰ੍ਹਾਂ ਹਨ੍ਹੇਰ ਪੱਖ ਦੇ ਵੀ ੧੫ ਦਿਨ ਹਨ, ਇਸ ਪੱਖ ਦੇ ਅਖੀਰਲੇ ਦਿਨ ਨੂੰ ਮੱਸਿਆ ਕਹੀਦਾ ਹੈ। ਗਉੜੀ ਰਾਗ ਵਿਚ ਅੰਗ ੩੪੩ ਤੇ 'ਰਾਗੁ ਗਉੜੀ ਥਿਤੰੀ ਕਬੀਰ ਜੀ ਕੰੀ' ਦਰਜ ਹੈ, ਜਿਸ ਦੇ ੧੬ ਬੰਦ ਹਨ। ਅੰਗ ੨੯੬ ਤੇ ਸ੍ਰੀ ਗੁਰੂ ਅਰਜਨ ਦੇਵ ਦੀ ਰਚਿਤ ਬਾਣੀ 'ਥਿਤੀ ਗਉੜੀ ਮਹਲਾ ੫' ਦੇ ਸਿਰਲੇਖ ਹੇਠ ਦਰਜ ਹੈ, ਜਿਸ ਵਿਚ ੧੭ ਸਲੋਕ ਤੇ ੧੭ ਪਉੜੀਆਂ ਹਨ।

ਨਿਮਨ ਲਿਖਤ ਵਾਰ ਸਤ ਬਾਣੀ ਵੀ ਬਾਰਹ ਮਾਹ ਵਾਂਗ ਹੈ, ਜਿਸ ਵਿਚ ਹਰ ਇਕ ਦਿਨ ਨੂੰ ਲੈ ਕੇ ਦਸਿਆ ਹੈ ਕਿ ਮਨੁੱਖ ਨੂੰ ਹਰੀ ਆਪ ਹੀ ਅਪਣੇ ਨਾਲ ਜੋੜਦਾ ਹੈ। ਪਰ ਇਹ ਗੱਲ ਗੁਰੂ ਪਾਸੋਂ ਸਮਝ ਆਉਂਦੀ ਹੈ। ਤਿਥਾਂ ਤੇ ਦਿਨਾਂ ਨੂੰ ਸ਼ੁੱਭ ਜਾਂ ਅਸ਼ੁੱਭ ਕਰਕੇ ਮੰਨਣ ਦਾ ਭਰਮ ਵੀ ਕੱਟਿਆ ਹੈ, ਉਹ ਹੀ ਦਿਨ ਸ਼ੁੱਭ ਹੈ, ਜਿਸ ਦਿਨ ਵਾਹਿਗੁਰੂ ਯਾਦ ਆਵੇ। ਸਾਲ, ਮਹੀਨੇ, ਤਿੱਥਾਂ ਤੇ ਦਿਨ ਇਹ ਸਭ ਸਮੇਂ ਦੀਆਂ ਵੰਡਾਂ ਹਨ, ਇਨ੍ਹਾਂ ਨੂੰ ਚੰਗਾ ਜਾਂ ਮਾੜਾ ਮੰਨਣਾ ਮੂਰਖਤਾ ਹੈ। ਪੂਛਤ ਨ ਜੋਤਕ ਅਉ ਬੇਦ ਥਿਤਿ ਬਾਰ ਕਛੁ ,ਗ੍ਰਿਹ ਅਉ ਨਖਤ੍ਰ ਕੀ ਨ ਸੰਕਾ ਉਰਧਾਰੀ ਹੈ (ਕਬਿਤ ੪੪੮ ਭਾ. ਗੁ.)। ਅੰਗ ੩੪੪ ਤੇ 'ਰਾਗੁ ਗਉੜੀ ਵਾਰ ਕਬੀਰ ਜੀਉ ਕੇ ੭' ਬਾਣੀ ਦੇ ੮ ਬੰਦ ਹਨ। ਇਸ ਬਾਣੀ ਵਿਚ ਵੀ 'ਬਾਰ ਬਾਰ ਹਰਿ ਕੇ ਗੁਨ ਗਾਵਉ' ਦਾ ਉਪਦੇਸ਼ ਹੈ।

ਅੰਗ ੮੪੧ = ਬਿਲਾਵਲੁ ਮਹਲਾ ੩ ਵਾਰ ਸਤ ਘਰੁ ੧੦ ੴ ਸਤਿਗੁਰ ਪ੍ਰਸਾਦਿ ॥ ਆਦਿਤ ਵਾਰਿ ਆਦਿ ਪੁਰਖੁ ਹੈ ਸੋਈ ॥ ਆਪੇ ਵਰਤੈ ਅਵਰੁ ਨ ਕੋਈ ॥ ਓਤਿ ਪੋਤਿ ਜਗੁ ਰਹਿਆ ਪਰੋਈ ॥ ਆਪੇ ਕਰਤਾ ਕਰੈ ਸੁ ਹੋਈ ॥ ਨਾਮਿ ਰਤੇ ਸਦਾ ਸੁਖੁ ਹੋਈ ॥ ਗੁਰਮੁਖਿ ਵਿਰਲਾ ਬੂਝੈ ਕੋਈ ॥੧॥ ਹਿਰਦੈ ਜਪਨੀ ਜਪਉ ਗੁਣਤਾਸਾ ॥ ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ, ਜਨ ਪਗਿ ਲਗਿ ਧਿਆਵਉ ,ਹੋਇ ਦਾਸਨਿ ਦਾਸਾ ॥੧॥ਰਹਾਉ॥ ਸੋਮਵਾਰਿ ਸਚਿ ਰਹਿਆ ਸਮਾਇ ॥ ਤਿਸ ਕੀ ਕੀਮਤਿ ਕਹੀ ਨ ਜਾਇ ॥ ਆਖਿ ਆਖਿ ਰਹੇ ਸਭਿ ਲਿਵ ਲਾਇ ॥ ਜਿਸੁ ਦੇਵੈ ਤਿਸੁ ਪਲੈ ਪਾਇ ॥ ਅਗਮ ਅਗੋਚਰੁ ਲਖਿਆ ਨ ਜਾਇ ॥ ਗੁਰ ਕੈ ਸਬਦਿ ਹਰਿ ਰਹਿਆ ਸਮਾਇ ॥੨॥ (ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ) ਐਤਵਾਰ ਰਾਹੀਂ ਉਪਦੇਸ਼ ਦੇ ਰਹੇ ਹਨ ਕਿ ਉਹ ਸਰਬ ਵਿਆਪਕ ਪ੍ਰਭੂ ਆਪ ਹੀ ਸਾਰੀ ਸ੍ਰਿਸਟੀ ਦਾ ਆਦਿ ਹੈ (ਸਾਰੀ ਸ੍ਰਿਸਟੀ ਦੀ ਅਰੰਭਤਾ ਉਸ ਤੋਂ ਹੀ ਹੋਈ ਹੈ। ਉਹ) ਆਪ ਹੀ ਸਭ ਜਗ੍ਹਾ ਵਰਤ ਰਿਹਾ ਹੈ, ਉਸ ਤੋਂ ਬਿਨਾ ਹੋਰ ਕੋਈ ਨਹੀਂ। ਤਾਣੇ ਪੇਟੇ ਵਾਂਗ (ਪੂਰਨ ਤੌਰ ਤੇ) ਸਾਰੇ ਜਗਤ ਨੂੰ (ਉਸ ਨੇ ਅਪਣੇ ਵਿਚ) ਪਰੋ ਰਖਿਆ ਹੈ (ਸਾਰੇ ਜਗਤ ਵਿਚ ਸਮਾ ਰਿਹਾ ਹੈ ਅਤੇ ਜਗਤ ਉਸ ਪ੍ਰਭੂ ਵਿਚ ਸਮਾਇਆ ਹੋਇਆ ਹੈ। ਸਾਰੀ ਸ੍ਰਿਸਟੀ ਦਾ) ਰਚਨਹਾਰ ਉਹ ਆਪ ਹੀ ਹੈ ਅਤੇ ਜੋ ਕੁਛ ਉਹ ਕਰਦਾ ਹੈ, (ਸੰਸਾਰ ਵਿਚ) ਉਹ ਹੀ ਹੁੰਦਾ ਹੈ। (ਜੋ ਮਨੁੱਖ ਉਸ ਦੇ) ਨਾਮ ਵਿਚ ਰੰਗੇ ਹੋਏ ਹਨ, (ਉਨ੍ਹਾਂ ਨੂੰ) ਸਦਾ ਹੀ ਸੁਖ ਪ੍ਰਾਪਤ ਹੁੰਦਾ ਹੈ। ਪਰ ਗੁਰੂ ਦੀ ਸ਼ਰਣ ਵਿਚ ਰਹਿਣ ਵਾਲਾ ਕੋਈ ਵਿਰਲਾ ਮਨੁੱਖ (ਇਸ ਗੱਲ ਨੂੰ) ਸਮਝਦਾ ਹੈ।੧। (ਹੇ ਭਾਈ!) ਮੈਂ ਹਿਰਦੇ ਦੀ ਮਾਲਾ ਦੁਆਰਾ ਗੁਣਾਂ ਦੇ ਖਜਾਨੇ ਪ੍ਰਭੂ ਦਾ ਨਾਮ ਜਪਦਾ ਹਾਂ (ਬਾਹਰਲੀ ਮਾਲਾ ਦੀ ਮੈਨੂੰ ਲੋੜ ਨਹੀਂ)। ਹਰੀ, ਜੋ ਮਨ ਬਾਣੀ ਦੀ ਪਹੁੰਚ ਤੋਂ ਪਰੇ, ਇੰਦ੍ਰੀਆਂ ਦੀ ਪਹੁੰਚ ਤੋਂ ਪਰੇ, ਪ੍ਰਕ੍ਰਿਤੀ ਦੇ ਪਾਰਾਵਾਰ ਤੋਂ ਵੀ ਪਰੇ ਮਾਲਕ ਹੈ, ਮੈਂ (ਉਸ ਦੇ) ਸੇਵਕਾਂ ਦੇ ਚਰਨੀ ਲਗ ਕੇ, ਦਾਸਾਂ ਦਾ ਦਾਸ ਹੋ ਕੇ (ਉਸ ਨੂੰ) ਧਿਆਉਂਦਾ ਹਾਂ।੧।ਰਹਾਉ। ਸੋਮਵਾਰ ਦੁਆਰਾ ਦਸਦੇ ਹਨ ਕਿ ਸੱਚ ਸਰੂਪ ਪ੍ਰਭੂ ਨਾਲ ਜੁੜਿਆਂ (ਪ੍ਰਭੂ ਸਾਰੇ ਜੀਵਾਂ ਵਿਚ) ਸਮਾ ਰਿਹਾ ਦਿਸਦਾ ਹੈ। ਉਸ ਪ੍ਰਭੂ ਦੀ ਕੀਮਤ ਕਹੀ ਨਹੀਂ ਜਾ ਸਕਦੀ। (ਅਪਣੇ ਵੱਲੋਂ ਉਸ ਦਾ ਜਸ) ਆਖ ਆਖ ਕੇ ਅਤੇ (ਉਸ ਵਿਚ) ਲਿਵ ਲਾ ਕੇ ਸਾਰੇ ਮਨੁੱਖ ਰਹਿ (ਥੱਕ) ਗਏ ਹਨ। (ਨਾਮ ਸਿਮਰਨ ਦੀ ਦਾਤ) ਜਿਸ ਮਨੁੱਖ ਉਹ ਆਪ ਦੇਂਦਾ ਹੈ, ਉਸ ਦੇ ਹਿਰਦੇ ਰੂਪ ਪੱਲੇ ਵਿਚ ਪੈਂਦੀ ਹੈ (ਉਸ ਦੀ ਬਖਸ਼ਿਸ਼ ਨਾਲ ਮਿਲਦੀ ਹੈ)। ਮਨ ਬਾਣੀ ਦੀ ਪਹੁੰਚ ਤੋਂ ਪਰੇ ਅਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਜੋ ਪ੍ਰਭੂ ਹੈ, (ਉਹ ਗੁਰੂ ਤੋਂ ਬਿਨਾ) ਜਾਣਿਆ ਨਹੀਂ ਜਾਂਦਾ। ਗੁਰੂ ਦੇ ਸ਼ਬਦ ਦੁਆਰਾ ਗਿਆਨ ਹੁੰਦਾ ਹੈ ਕਿ ਹਰੀ ਸਭ ਵਿਚ ਸਮਾ ਰਿਹਾ ਹੈ।੨।

ਪਦਾਰਥ = ਵਾਰ ਸਤ-(ਸੱਤ ਪੜ੍ਹੋ) ਸੱਤ ਦਿਨ (ਵਾਰ ਸਤ ਇਸ ਬਾਣੀ ਦਾ ਸਿਰਲੇਖ ਹੈ, ਜਿਸ ਵਿਚ ਸੱਤਾਂ ਦਿਨਾਂ ਰਾਹੀਂ ਉਤਮ ਉਪਦੇਸ਼ ਹੈ)। ਆਦਿਤ ਵਾਰਿ-ਐਤਵਾਰ ਰਾਹੀਂ (ਆਦਿਤ-ਸੂਰਜ। ਵਾਰਿ-ਦਿਨ ਰਾਹੀਂ)। ਆਦਿ-ਸਾਰੀ ਸ੍ਰਿਸਟੀ ਦਾ ਮੁੱਢ। ਪੁਰਖੁ-ਸਰਬ ਵਿਆਪਕ ਪ੍ਰਭੂ। ਸੋਈ-ਉਹ (ਆਪ) ਹੀ। ਆਪੇ-ਆਪ ਹੀ। ਵਰਤੈ-ਵਰਤ (ਨਿਵਾਸ ਕਰ) ਰਿਹਾ ਹੈ।

ਅਵਰੁ–ਹੋਰ। ਓਤਿ–ਉਣੇ ਹੋਏ ਵਿਚ। ਪੋਤਿ–ਪ੍ਰੋਏ ਹੋਏ ਵਿਚ (ਤਾਣੇ ਪੇਟੇ ਵਾਂਗ)। ਰਹਿਆ ਪਰੋਈ–ਪਰੋ ਰਿਹਾ ਹੈ। ਕਰਤਾ–ਕਰਤਾਰ (ਜਗਤ ਦਾ ਰਚਨਹਾਰ)। ਕਰੈ–ਕਰਦਾ ਹੈ। ਸੁ–ਉਹ। ਨਾਮਿ ਰਤੇ–ਨਾਮ ਵਿਚ ਰੰਗੇ ਹੋਏ। ਗੁਰਮੁਖ–ਗੁਰੂ ਦੇ ਉਪਦੇਸ਼ ਅਨੁਸਾਰ ਚੱਲਣ ਵਾਲਾ ਮਨੁੱਖ। ਬੂਝੈ–ਸਮਝਦਾ ਹੇ।੧। ਹਿਰਦੈ–ਹਿਰਦੇ ਦੀ। ਜਪਨੀ–ਮਾਲਾ। ਜਪਉ–ਮੈਂ ਜਪਦਾ ਹਾਂ। ਗੁਣਤਾਸਾ –ਗੁਣਾਂ ਦਾ ਖਜਾਨਾ ਪ੍ਰਭੂ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਅਪਰੰਪਰ–ਪਰਕ੍ਰਿਤੀ ਦੇ ਪਾਰਾਵਾਰ ਤੋਂ ਪਰੇ। ਸੁਆਮੀ–ਮਾਲਕ। ਜਨ–ਸੇਵਕਾਂ ਦੇ। ਪਗਿ ਲਗਿ–ਚਰਨੀਂ ਲਗ ਕੇ। ਹੋਇ–ਹੋ ਕੇ। ਧਿਆਵਉ–ਧਿਆਉਂਦਾ ਹਾਂ। ਦਾਸਨਿ ਦਾਸਾ–ਦਾਸਾਂ ਦਾ ਦਾਸ।੧। ਰਹਾਉ। ਸੋਮਵਾਰਿ–ਸੋਮਵਾਰ ਰਾਹੀਂ। ਸਚਿ–ਸੱਚੇ ਪ੍ਰਭੂ ਵਿਚ। ਰਹਿਆ ਸਮਾਇ–ਵਿਆਪਕ ਹੋ ਰਿਹਾ ਹੈ। ਤਿਸ ਕੀ–ਉਸ ਪ੍ਰਭੂ ਦੀ। ਕੀਮਤਿ–ਮੁੱਲ; ਕਦਰ; ਅੰਦਾਜਾ (ਮ.ਕੋ.)। ਆਖਿ ਆਖਿ–ਆਖ ਆਖ ਕੇ। ਰਹੇ–ਥੱਕ ਗਏ। ਲਿਵ ਲਾਇ–ਧਿਆਨ ਲਾ ਕੇ। ਜਿਸੁ ਦੇਵੈ–ਜਿਸ ਨੂੰ (ਨਾਮ ਦੀ ਦਾਤ) ਦੇਂਦਾ ਹੈ। ਤਿਸੁ–ਉਸ ਦੇ। ਪਲੈ ਪਾਇ–ਪੱਲੇ ਵਿਚ ਪੈਂਦੀ ਹੈ। ਲਖਿਆ ਨ ਜਾਇ–ਜਾਣਿਆ ਨਹੀਂ ਜਾਂਦਾ। ਕੈ–ਦੇ। ਸਬਦਿ–ਸ਼ਬਦ ਦੁਆਰਾ।੨।

ਮੰਗਲਿ, ਮਾਇਆ ਮੋਹੁ ਉਪਾਇਆ ॥ ਆਪੇ ਸਿਰਿ ਸਿਰਿ ਧੰਧੈ ਲਾਇਆ ॥ ਆਪਿ ਬੁਝਾਏ ਸੋਈ ਬੂਝੈ ॥ ਗੁਰ ਕੈ ਸਬਦਿ, ਦਰੁ ਘਰੁ ਸੂਝੈ ॥ ਪ੍ਰੇਮ ਭਗਤਿ ਕਰੇ ਲਿਵ ਲਾਇ ॥ ਹਉਮੈ ਮਮਤਾ ਸਬਦਿ ਜਲਾਇ ॥੩॥ ਬੁਧਵਾਰਿ, ਆਪੇ ਬੁਧਿ ਸਾਰੁ ॥ ਗੁਰਮੁਖਿ ਕਰਣੀ, ਸਬਦੁ ਵੀਚਾਰੁ ॥ ਨਾਮਿ ਰਤੇ, ਮਨੁ ਨਿਰਮਲੁ ਹੋਇ ॥ ਹਰਿ ਗੁਣ ਗਾਵੈ, ਹਉਮੈ ਮਲੁ ਖੋਇ ॥ ਦਰਿ ਸਚੈ ਸਦ ਸੋਭਾ ਪਾਏ ॥ ਨਾਮਿ ਰਤੇ ਗੁਰ ਸਬਦਿ ਸੁਹਾਏ ॥੪॥ ਲਾਹਾ ਨਾਮੁ ਪਾਏ ਗੁਰ ਦੁਆਰਿ ॥ ਆਪੇ ਦੇਵੈ ਦੇਵਣਹਾਰੁ ॥ ਜੋ ਦੇਵੈ, ਤਿਸ ਕਉ ਬਲਿ ਜਾਈਐ ॥ ਗੁਰ ਪਰਸਾਦੀ ਆਪੁ ਗਵਾਈਐ ॥ ਨਾਨਕ, ਨਾਮੁ ਰਖਹੁ ਉਰ ਧਾਰਿ ॥ ਦੇਵਣਹਾਰੇ ਕਉ ਜੈਕਾਰੁ ॥੫॥ ਵੀਰਵਾਰਿ ਵੀਰ ਭਰਮਿ ਭੁਲਾਏ ॥ ਪ੍ਰੇਤ ਭੂਤ ਸਭਿ ਦੂਜੈ ਲਾਏ ॥ ਆਪਿ ਉਪਾਏ ਕਰਿ ਵੇਖੈ ਵੇਕਾ ॥ ਸਭਨਾ ਕਰਤੇ ਤੇਰੀ ਟੇਕਾ ॥ ਜੀਅ ਜੰਤ ਤੇਰੀ ਸਰਣਾਈ ॥ ਸੋ ਮਿਲੈ, ਜਿਸੁ ਲੈਹਿ ਮਿਲਾਈ ॥੬॥ ਮੰਗਲਵਾਰ ਦੁਆਰਾ ਆਖਦੇ ਹਨ ਕਿ ਹਰੀ ਨੇ ਆਪ ਹੀ ਮਾਇਆ ਦਾ ਮੋਹ ਪੈਦਾ ਕੀਤਾ ਹੈ। ਅਤੇ ਆਪ ਹੀ ਹਰੇਕ ਜੀਵ ਨੂੰ (ਉਸ ਨੇ ਆਪੋ ਅਪਣੇ) ਕੰਮ ਧੰਧੇ ਵਿਚ ਲਾਇਆ ਹੋਇਆ ਹੈ। (ਇਹ ਭੇਦ ਜਿਸ ਮਨੁੱਖ ਨੂੰ ਉਹ) ਆਪ ਹੀ ਸਮਝਾ ਦੇਵੇ, ਉਹ ਹੀ ਸਮਝਦਾ ਹੈ। (ਉਸ ਮਨੁੱਖ ਨੂੰ) ਗੁਰੂ ਦੇ ਸ਼ਬਦ ਦੁਆਰਾ ਪ੍ਰਭੂ ਦਾ ਦਰ ਤੇ ਘਰ ਦਿਸ ਪੈਂਦਾ ਹੈ। (ਫਿਰ ਉਹ ਮਨੁੱਖ) ਲਿਵ ਲਾ ਕੇ ਪ੍ਰਭੂ ਦੀ ਪ੍ਰੇਮਾ ਭਗਤੀ ਕਰਦਾ ਹੈ। ਅਤੇ ਗੁਰੂ ਦੇ ਸ਼ਬਦ ਵਿਚ ਜੁੜ ਕੇ (ਅਪਣੇ ਅੰਦਰੋਂ) ਹਉਮੈ ਤੇ ਮਮਤਾ ਜਲਾ ਦੇਂਦਾ ਹੈ।੩। ਬੁੱਧ ਵਾਰ ਰਾਹੀਂ ਦਸਦੇ ਹਨ ਕਿ ਪ੍ਰਭੂ ਆਪ ਹੀ (ਜਿਸ ਮਨੁੱਖ ਨੂੰ) ਸ੍ਰੇਸਟ ਬੁੱਧੀ ਬਖਸ਼ਦਾ। (ਫਿਰ ਉਹ) ਗੁਰੂ ਰਾਹੀਂ ਸ਼ਬਦ ਨੂੰ ਵਿਚਾਰਨ ਰੂਪ ਸ਼ੁੱਭ ਕਰਣੀ ਕਰਦਾ ਹੈ। (ਇਸ ਤਰ੍ਹਾਂ) ਨਾਮ ਵਿਚ ਰੰਗੇ ਹੋਏ ਮਨੁੱਖ ਦਾ ਮਨ ਪਵਿਤ੍ਰ ਹੋ ਜਾਂਦਾ ਹੈ। (ਉਹ ਅਪਣੇ ਅੰਦਰੋਂ) ਹਉਮੈ ਦੀ ਮੈਲ ਦੂਰ ਕਰਕੇ ਹਰੀ ਦੇ ਗੁਣ ਗਾਉਂਦਾ ਹੈ। ਅਤੇ ਸਚੇ ਪ੍ਰਭੂ ਦੇ ਦਰ ਤੇ ਸਦਾ ਸੋਭਾ ਪਾਉਂਦਾ ਹੈ। (ਇਉਂ) ਗੁਰੂ ਦੇ ਸ਼ਬਦ ਦੁਆਰਾ ਨਾਮ ਵਿਚ ਰੰਗੇ ਮਨੁੱਖ ਸੋਹਣੇ ਜੀਵਨ ਵਾਲੇ ਬਣ ਜਾਂਦੇ ਹਨ।੪। ਗੁਰੂ ਦੁਆਰਾ ਨਾਮ ਦਾ ਲਾਹਾ (ਮਨੁੱਖ ਉਦੋਂ) ਪ੍ਰਾਪਤ ਕਰਦਾ ਹੈ, (ਜਦੋਂ) ਦੇਣਵਾਲਾ ਪ੍ਰਭੂ ਆਪ ਹੀ (ਕ੍ਰਿਪਾ ਕਰਕੇ ਮਨੁੱਖ ਨੂੰ) ਦੇਂਦਾ ਹੈ। ਜਿਹੜਾ ਪ੍ਰਭੂ (ਮਨੁੱਖ ਨੂੰ ਲਾਭ) ਦੇਂਦਾ ਹੈ, ਉਸ ਤੋਂ ਬਲਿਹਾਰ ਜਾਣਾ ਚਾਹੀਦਾ ਹੈ। ਗੁਰੂ ਦੀ ਕ੍ਰਿਪਾ ਨਾਲ ਆਪਾ ਭਾਵ ਗੁਆ ਦੇਣਾ ਚਾਹੀਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦਾ ਨਾਮ (ਅਪਣੇ) ਹਿਰਦੇ ਵਿਚ ਟਿਕਾ ਕੇ ਰੱਖੋ। (ਨਾਮ) ਦੇਣ ਵਾਲੇ ਦਾਤੇ ਨੂੰ ਨਮਸ਼ਕਾਰ ਕਰੋ।੫। ਵੀਰਵਾਰ ਰਾਹੀਂ ਦਸਦੇ ਹਨ ਕਿ ਬਵੰਜਾ ਬੀਰ (ਹਨੂੰਮਾਨ, ਭੈਰੋਂ ਆਦਿ ਰੱਬ ਨੇ) ਭਰਮ ਵਿਚ ਪਾ ਕੇ (ਮਾਇਆ ਦੇ ਮੋਹ ਵਿਚ) ਭੁਲਾਏ ਹੋਏ ਹਨ। ਸਾਰੇ ਭੂਤ ਪ੍ਰੇਤ ਦ੍ਵੈਤ ਭਾਵ ਵਿਚ ਲਾਏ ਹੋਏ ਹਨ। ਪ੍ਰਭੂ ਆਪ ਹੀ ਵੱਖੋ ਵੱਖਰੀ ਕਿਸਮ ਦੇ ਜੀਵ ਪੈਦਾ ਕਰਕੇ (ਉਨ੍ਹਾਂ ਸਭਨਾਂ ਨੂੰ) ਦੇਖਦਾ (ਸੰਭਾਲ ਕਰਦਾ) ਹੈ। ਹੇ ਕਰਤਾਰ! ਸਭ ਜੀਵਾਂ ਨੂੰ ਤੇਰੀ ਟੇਕ ਹੈ। ਸਾਰੇ ਜੀਵ ਜੰਤ ਤੇਰੀ ਸ਼ਰਣ ਵਿਚ ਹਨ (ਤੈਥੋਂ ਬਾਹਰ ਕੋਈ ਨਹੀਂ। ਤੈਨੂੰ) ਉਹ ਮਨੁੱਖ ਮਿਲਦਾ ਹੈ, ਜਿਸ ਨੂੰ (ਤੂੰ ਆਪ ਅਪਣੇ ਨਾਲ) ਮਿਲਾ ਲੈਂਦਾ ਹੈਂ।੬।

ਵੀਰਵਾਰਿ ਵੀਰ = ਵੀਰਵਾਰ ਰਾਹੀਂ ਆਖਦੇ ਹਨ ਕਿ (ਬਹੁਤ ਸਾਰੇ ਲੋਕ) ਭਰਮ ਦੇ ਭੁਲਾਏ ਹੋਏ ਬਵੰਜਾ ਬੀਰਾਂ ਨੂੰ ਪੂਜਦੇ ਹਨ। ਜੋ ਭੂਤਾਂ ਪ੍ਰੇਤਾਂ ਨੂੰ ਪੂਜਦੇ ਹਨ, (ਸਮਝੋ ਹਰੀ ਨੇ ਉਹ) ਸਭ ਦੂਜੇ ਪਾਸੇ ਲਾਏ ਹੋਏ ਹਨ।

ਪਦਾਰਥ = ਮੰਗਲਿ–ਮੰਗਲਵਾਰ ਰਾਹੀਂ। ਉਪਾਇਆ–ਪੈਦਾ ਕੀਤਾ ਹੈ। ਆਪੇ–ਆਪ ਹੀ। ਸਿਰਿ ਸਿਰਿ–ਪ੍ਰਤੀ ਸਿਰ (ਹਰੇਕ ਜੀਵ ਨੂੰ)। ਧੰਧੈ–ਕੰਮ ਧੰਧੇ ਵਿਚ। ਬੁਝਾਏ–ਸਮਝਾਉਂਦਾ ਹੈ। ਸੋਈ–ਉਹ ਹੀ। ਬੂਝੈ–ਸਮਝਦਾ ਹੈ। ਗੁਰ ਕੈ ਸਬਦਿ–ਗੁਰੂ ਦੇ ਸ਼ਬਦ

ਦੁਆਰਾ। ਦਰੁ ਘਰੁ–ਪ੍ਰਭੂ ਦੇ ਸਰੂਪ ਦਾ ਗਿਆਨ ਰੂਪ ਦਰਵਾਜਾ (ਗੁ.ਗ੍ਰੰ.ਕੋਸ਼; ਫ.ਸ.)। ਸੂਝੈ–ਪਤਾ ਲਗਦਾ ਹੈ; ਦਿਸਦਾ ਹੈ। ਲਿਵ ਲਾਇ–ਸੁਰਤ ਲਾ ਕੇ। ਮਮਤਾ–ਅਪਣੱਤ; ਮੇਰਾਪਣ। ਜਲਾਇ–ਜਲਾ ਦੇਂਦਾ ਹੈ।੩। ਬੁਧਵਾਰਿ–ਬੁੱਧ ਵਾਰ ਦੁਆਰਾ। ਸਾਰੁ–ਸ੍ਰੇਸਟ। ਗੁਰਮੁਖਿ–ਗੁਰੂ ਦੁਆਰਾ। ਕਰਣੀ–ਸ਼ੁੱਭ ਕਰਮ। ਨਾਮਿ ਰਤੇ–ਨਾਮ ਵਿਚ ਰੰਗੇ ਹੋਏ। ਨਿਰਮਲੁ–ਪਵਿਤ੍ਰ। ਮਲੁ–ਮੈਲ। ਖੋਇ –ਦੂਰ ਕਰਕੇ। ਦਰਿ ਸਚੈ–ਸੱਚੇ ਪ੍ਰਭੂ ਦੇ ਦਰ ਉਤੇ। ਸਦ–ਸਦਾ। ਪਾਏ–ਪਾਉਂਦਾ ਹੈ। ਸੁਹਾਏ–ਸੋਹਣੇ ਜੀਵਨ ਵਾਲੇ ਬਣ ਜਾਂਦੇ ਹਨ।੪। ਲਾਹਾ–ਲਾਭ। ਗੁਰ ਦੁਆਰਿ–ਗੁਰੂ ਦੁਆਰਾ; ਗੁਰੂ ਦੇ ਦਰ ਤੇ ਰਹਿ ਕੇ। ਦੇਵਣਹਾਰੁ–ਦੇਣ ਵਾਲਾ ਪ੍ਰਭੂ। ਤਿਸ ਕਉ–ਉਸ ਤੋਂ। ਬਲਿ ਜਾਈਐ–ਕੁਰਬਾਨ ਜਾਣਾ ਚਾਹੀਦਾ ਹੈ। ਗੁਰ ਪਰਸਾਦੀ–ਗੁਰੂ ਦੀ ਕਿਰਪਾ ਨਾਲ। ਆਪੁ–ਆਪਾ ਭਾਵ। ਗਵਾਈਐ –ਦੂਰ ਕਰਨਾ ਚਾਹੀਦਾ ਹੈ। ਉਰ ਧਾਰਿ–ਹਿਰਦੇ ਵਿਚ ਟਿਕਾ ਕੇ। ਕਉ–ਨੂੰ। ਜੈਕਾਰੁ–ਨਮਸ਼ਕਾਰ; ਧੰਨਵਾਦ।੫। ਵੀਰਵਾਰਿ–ਵੀਰ ਵਾਰ ਦੁਆਰਾ। ਵੀਰ–ਬਵੰਜਾ ਬੀਰ। ਭਰਮਿ–ਭਰਮ ਵਿਚ ਪਾ ਕੇ। ਭੁਲਾਏ–ਕੁਰਾਹੇ ਪਾਏ ਹਨ। ਦੂਜੈ ਲਾਏ–ਕਿਸੇ ਦੂਜੇ ਦੇ ਪ੍ਰੇਮ ਵਿਚ ਲਾਏ ਹੋਏ ਹਨ। ਉਪਾਏ ਕਰਿ–ਪੈਦਾ ਕਰਕੇ। ਵੇਖੈ–ਦੇਖਦਾ (ਸੰਭਾਲ ਕਰਦਾ) ਹੈ। ਵੇਕਾ–ਵੱਖੋ ਵੱਖ ਕਿਸਮ ਦੇ। ਸਭਨਾ –ਸਾਰਿਆਂ ਨੂੰ। ਕਰਤੇ–ਹੇ ਕਰਤਾਰ!। ਟੇਕਾ–ਆਸਰਾ। ਜੀਅ ਜੰਤ–ਵੱਡੇ ਜੀਵ ਤੇ ਛੋਟੇ ਜੀਵ। ਸੋ ਮਿਲੈ–ਉਹ ਮਿਲਦਾ ਹੈ। ਜਿਸੁ–ਜਿਸ ਨੂੰ। ਲੈਹਿ ਮਿਲਾਈ–ਮਿਲਾ ਲੈਂਦਾ ਹੈਂ।੬।

ਸੁਕ੍ਰਵਾਰਿ, ਪ੍ਰਭੁ ਰਹਿਆ ਸਮਾਈ ॥ ਆਪਿ ਉਪਾਇ ਸਭ ਕੀਮਤਿ ਪਾਈ ॥ ਗੁਰਮੁਖਿ ਹੋਵੈ ਸੁ ਕਰੈ ਬੀਚਾਰੁ ॥ ਸਚੁ ਸੰਜਮੁ ਕਰਣੀ ਹੈ ਕਾਰ ॥ ਵਰਤੁ ਨੇਮੁ ਨਿਤਾਪ੍ਰਤਿ ਪੂਜਾ ॥ ਬਿਨੁ ਬੂਝੇ ਸਭੁ ਭਾਉ ਹੈ ਦੂਜਾ ॥੭॥ ਛਨਿਛਰਵਾਰਿ, ਸਉਣ ਸਾਸਤ ਬੀਚਾਰੁ ॥ ਹਉਮੈ ਮੇਰਾ ਭਰਮੈ ਸੰਸਾਰੁ ॥ ਮਨਮੁਖੁ ਅੰਧਾ ਦੂਜੈ ਭਾਇ ॥ ਜਮ ਦਰਿ ਬਾਧਾ ਚੋਟਾ ਖਾਇ ॥ ਗੁਰ ਪਰਸਾਦੀ, ਸਦਾ ਸੁਖੁ ਪਾਏ ॥ ਸਚੁ ਕਰਣੀ, ਸਾਚਿ ਲਿਵ ਲਾਏ ॥੮॥ ਸਤਿਗੁਰੁ ਸੇਵਹਿ, ਸੇ ਵਡਭਾਗੀ ॥ ਹਉਮੈ ਮਾਰਿ ਸਚਿ ਲਿਵ ਲਾਗੀ ॥ ਤੇਰੈ ਰੰਗਿ ਰਾਤੇ ਸਹਜਿ ਸੁਭਾਇ ॥ ਤੂ ਸੁਖ ਦਾਤਾ ਲੈਹਿ ਮਿਲਾਇ ॥ ਏਕਸ ਤੇ ਦੂਜਾ ਨਾਹੀ ਕੋਇ ॥ ਗੁਰਮੁਖਿ ਬੂਝੈ ਸੋਝੀ ਹੋਇ ॥ ਸ਼ੁਕਰ ਵਾਰ ਦੁਆਰਾ ਉਪਦੇਸ਼ ਦੇਂਦੇ ਹਨ ਕਿ ਪ੍ਰਭੂ ਸਭ ਵਿਚ ਸਮਾ ਰਿਹਾ ਹੈ।(ਉਸ ਨੇ) ਸਾਰੀ ਦੁਨੀਆਂ ਆਪ ਹੀ ਪੈਦਾ ਕਰਕੇ ਆਪ ਹੀ (ਉਸ ਦੀ) ਦੀ ਕੀਮਤ ਪਾਈ ਹੈ (ਸਭ ਦੇ ਕਰਮ ਦੇਖ ਕੇ ਯਥਾ ਯੋਗ ਸੁਖ ਦੁਖ ਦਿਤਾ ਹੈ। ਜਿਹੜਾ) ਗੁਰਮੁਖਿ ਹੁੰਦਾ ਹੈ, ਉਹ (ਪ੍ਰਭੂ ਨੂੰ ਮਿਲਣ ਦੀ) ਵਿਚਾਰ ਕਰਦਾ ਹੈ।(ਉਹ) ਸੱਚੇ ਪ੍ਰਭੂ ਦਾ ਸਿਮਰਨ ਤੇ ਸੰਜਮ ਰੂਪ ਕਰਣੀ ਦੀ ਕਾਰ ਕਰਦਾ ਹੈ।(ਪਰ) ਨਿਤਾ ਪ੍ਰਤੀ ਦਾ ਵਰਤ, ਹਰ ਰੋਜ ਦਾ ਨੇਮ ਅਤੇ ਹਰ ਰੋਜ ਦੀ ਠਾਕਰ ਪੂਜਾ ਆਦਿ ਕਰਮ, ਪ੍ਰਭੂ ਨੂੰ ਬਿਨਾ ਸਮਝੇ ਤੋਂ ਸਭ (ਕਰਮ) ਦੂਜੇ ਭਾਵ ਵਿਚ ਲਾਉਣ ਵਾਲੇ ਹਨ।੭। ਸ਼ਨਿਚਰਵਾਰ ਦੁਆਰਾ ਆਖਦੇ ਹਨ ਕਿ ਸ਼ਗਨਾਂ ਤੇ ਸ਼ਾਸਤ੍ਰਾਂ ਦਾ ਵਿਚਾਰ ਕਰਨਾ ਭਾਵ ਸ਼ਾਸਤ੍ਰ ਵਾਚਣਾ ਕਿ ਕਿਹੜਾ ਕਰਮ ਚੰਗਾ ਹੈ ਜਾਂ ਸ਼ਗਨ ਦੇਖਣਾ ਕਿ ਕਿਹੜਾ ਸਮਾਂ ਕੰਮ ਕਰਨ ਲਈ ਚੰਗਾ ਹੈ (ਸ਼ਬਦਾਰਥ) {ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ ੪੮; ਪ੍ਰਭੂ ਹਮਾਰੈ ਸਾਸਤ੍ਰ ਸਉਣ ੧੧੩੭}।(ਇਸ ਤਰ੍ਹਾਂ ਦੀਆਂ ਵਿਚਾਰਾਂ ਨਾਲ) ਮੈਂ ਮੇਰੀ ਦੀ ਹਉਮੈ ਦੇ ਕਾਰਣ ਸਾਰਾ ਸੰਸਾਰ ਭਰਮ ਰਿਹਾ ਹੈ। ਦ੍ਵੈਤ ਭਾਵ ਵਿਚ ਲਗਾ ਹੋਇਆ ਮਨਮੁਖ ਅੰਨ੍ਹਾ (ਅਗਿਆਨੀ) ਹੈ।(ਉਹ) ਜਮਾਂ ਦੇ ਦਰ ਤੇ ਬੱਧਾ ਹੋਇਆ ਚੋਟਾਂ ਖਾਂਦਾ ਹੈ।(ਉਹ ਮਨੁੱਖ) ਗੁਰੂ ਦੀ ਕ੍ਰਿਪਾ ਨਾਲ ਸਦਾ ਸੁਖ ਪ੍ਰਾਪਤ ਕਰਦਾ ਹੈ, (ਜਿਹੜਾ) ਸਚਾ ਨਾਮ ਸਿਮਰਨ ਰੂਪ ਕਰਣੀ ਕਰਦਾ ਹੈ ਅਤੇ ਸੱਚੇ ਨਾਮ ਵਿਚ ਲਿਵ ਲਾਉਂਦਾ ਹੈ।੮।(ਜੋ ਮਨੁੱਖ) ਸਤਿਗੁਰੂ ਦੀ ਸੇਵਾ ਕਰਦੇ ਹਨ, ਉਹ ਵੱਡੇ ਭਾਗਾਂ ਵਾਲੇ ਹਨ। ਹਉਮੈ ਨੂੰ ਮਾਰ ਕੇ (ਉਨ੍ਹਾਂ ਦੀ) ਸੱਚੇ ਪ੍ਰਭੂ ਵਿਚ ਲਿਵ ਲੱਗ ਗਈ ਹੈ।(ਹੇ ਪ੍ਰਭੂ! ਉਹ) ਸੁਤੇ ਸਿੱਧ ਤੇਰੇ ਪ੍ਰੇਮ ਰੰਗ ਵਿਚ ਰੰਗੇ ਗਏ ਹਨ। ਤੂੰ ਸੁੱਖਾਂ ਦਾ ਦਾਤਾ ਹੈਂ, (ਤੂੰ ਅਜੇਹੇ ਪੁਰਖਾਂ ਨੂੰ ਅਪਣੇ ਨਾਲ) ਮਿਲਾ ਲੈਂਦਾ ਹੈਂ।(ਹੇ ਭਾਈ!) ਇਕ ਪ੍ਰਭੂ ਤੋਂ ਬਿਨਾ ਦੂਜਾ ਹੋਰ ਕੋਈ ਨਹੀਂ। ਗੁਰੂ ਦੁਆਰਾ (ਜੋ ਮਨੁੱਖ ਇਸ ਗੱਲ ਨੂੰ) ਸਮਝਦਾ ਹੈ, (ਉਸ ਨੂੰ ਪ੍ਰਭੂ ਦਾ) ਗਿਆਨ ਪ੍ਰਾਪਤ ਹੁੰਦਾ ਹੈ।੯।

ਅੰਗ ੮੪੨ = ਪੰਦ੍ਰਹ ਥਿਤੀ ਤੈ ਸਤ ਵਾਰ ॥ ਮਾਹਾ ਰੁਤੀ ਆਵਹਿ ਵਾਰ ਵਾਰ ॥ ਦਿਨਸੁ ਰੈਣਿ ਤਿਵੈ ਸੰਸਾਰੁ ॥ ਆਵਾਗਉਣੁ ਕੀਆ ਕਰਤਾਰਿ ॥ ਨਿਹਚਲੁ ਸਾਚੁ ਰਹਿਆ ਕਲ ਧਾਰਿ ॥ ਨਾਨਕ ਗੁਰਮੁਖਿ ਬੂਝੈ, ਕੋ ਸਬਦੁ ਵੀਚਾਰਿ ॥੧੦॥੧॥(ਹੇ ਭਾਈ!) ਪੰਦਰਾਂ ਥਿਤਾਂ ਤੇ ਸੱਤ ਦਿਨ ਹਨ।(ਜਿਵੇਂ) ਮਹੀਨੇ, ਰੁੱਤਾਂ, ਦਿਨ ਤੇ ਰਾਤ ਵਾਰੋ ਵਾਰੀ ਆਉਂਦੇ ਰਹਿੰਦੇ ਹਨ, ਤਿਵੇਂ ਸੰਸਾਰ ਹੈ। ਕਰਤਾਰ ਨੇ (ਜੀਵਾਂ ਦਾ ਸੰਸਾਰ ਵਿਚ) ਆਵਾਗਉਣ ਬਣਾ ਦਿਤਾ ਹੈ। ਸਦਾ ਥਿਰ ਰਹਿਣ ਵਾਲਾ ਤਾਂ ਕੇਵਲ ਸੱਚਾ ਪ੍ਰਭੂ ਹੈ, ਜੋ ਸ਼ਕਤੀ ਧਾਰ ਕੇ ਵਰਤ ਰਿਹਾ ਹੈ (ਸਭ ਜਗ੍ਹਾ ਵਿਆਪਕ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ ਕੋਈ ਵਿਰਲਾ ਗੁਰਮੁਖਿ (ਗੁਰੂ

ਦੇ) ਸ਼ਬਦ ਨੂੰ ਵਿਚਾਰ ਕੇ (ਇਸ ਗੱਲ ਨੂੰ) ਸਮਝਦਾ ਹੈ।੧੦।੧।

ਪਦਾਰਥ = ਸੁਕ੍ਰਵਾਰਿ-ਸ਼ੁਕਰ ਵਾਰ ਰਾਹੀਂ।ਰਹਿਆ ਸਮਾਈ-ਸਮਾ (ਵਿਆਪਕ ਹੋ) ਰਿਹਾ ਹੈ।ਆਪਿ-ਆਪ ਹੀ।ਉਪਾਇ-ਪੈਦਾ ਕਰਕੇ।ਕੀਮਤਿ-ਕਦਰ; ਅੰਦਾਜਾ; ਮੁੱਲ।ਗੁਰਮੁਖਿ-ਗੁਰੂ ਦੀ ਸਿੱਖਿਆ ਅਨੁਸਾਰ ਚੱਲਣ ਵਾਲਾ ਮਨੁੱਖ।ਸੁ-ਉਹ।ਸਚੁ-ਸੱਚ ਰੂਪ ਪ੍ਰਭੂ।ਸੰਜਮੁ-ਇੰਦ੍ਰੀਆਂ ਨੂੰ ਵਸ ਵਿਚ ਰਖਣ ਦਾ ਜਤਨ।ਕਰਣੀ-ਧਾਰਮਕ ਕਰਮ।ਕਾਰ-ਕੰਮ ਧੰਦਾ।ਨਿਤਾ ਪ੍ਰਤਿ-ਹਰ ਰੋਜ।ਪੂਜਾ-ਠਾਕਰਾਂ ਦੀ ਪੂਜਾ।ਭਾਉ ਦੂਜਾ-(ਪ੍ਰਭੂ ਤੋਂ ਬਿਨਾ) ਹੋਰ ਦਾ ਪ੍ਰੇਮ।੭।ਛਨਿਛਰਵਾਰਿ-ਸ਼ਨਿਚਰਵਾਰ ਦੁਆਰਾ।ਸਉਣ ਸਾਸਤ-ਉਹ ਸ਼ਾਸਤ੍ਰ, ਜਿਸ ਤੋਂ ਚੰਗੇ ਬੁਰੇ ਸ਼ਗਨਾਂ ਦਾ ਫਲ ਜਾਣਿਆ ਜਾਵੇ।ਮੇਰਾ-ਮੇਰਾਪਣ।ਭਰਮੈ-ਭਰਮਦਾ ਹੈ।ਅੰਧਾ-ਅੰਨ੍ਹਾ (ਅਗਿਆਨੀ)।ਦੂਜੈ ਭਾਇ-ਦ੍ਵੈਤ ਭਾਵ ਵਿਚ।ਜਮ ਦਰਿ-ਜਮਾਂ ਦੇ ਦਰ ਤੇ।ਖਾਇ-ਖਾਂਦਾ ਹੈ।ਗੁਰ ਪਰਸਾਦੀ-ਗੁਰੂ ਦੀ ਕ੍ਰਿਪਾ ਨਾਲ।ਪਾਏ-ਪਾਉਂਦਾ ਹੈ।ਕਰਣੀ-ਕਰਮ।ਸਾਚਿ-ਸਚੇ ਨਾਮ ਵਿਚ।ਲਿਵ ਲਾਏ-ਸੁਰਤ ਜੋੜਦਾ ਹੈ।੮।ਸੇਵਹਿ-ਸੇਵਾ ਭਗਤੀ ਕਰਦੇ ਹਨ।ਸੇ-ਉਹ (ਮਨੁੱਖ)।ਮਾਰਿ-ਮਾਰ ਕੇ।ਸਚਿ-ਸੱਚੇ ਪ੍ਰਭੂ ਵਿਚ।ਲਿਵ ਲਾਗੀ-ਸੁਰਤ ਜੁੜ ਗਈ ਹੈ।ਰੰਗਿ ਰਾਤੇ-ਪ੍ਰੇਮ ਰੰਗ ਵਿਚ ਰੰਗੇ ਗਏ ਹਨ।ਸਹਜਿ ਸੁਭਾਇ-ਸਹਿਜ ਸੁਭਾਵਕ ਹੀ; ਨਿਰਯਤਨ ਹੀ।ਲੈਹਿ ਮਿਲਾਇ-ਮਿਲਾ ਲੈਂਦਾ ਹੈਂ।ਏਕਸ ਤੇ-ਇਕ ਪ੍ਰਭੂ ਤੋਂ ਬਿਨਾ।ਗੁਰਮੁਖਿ-ਗੁਰੂ ਦੁਆਰਾ।ਬੂਝੈ-ਸਮਝਦਾ ਹੈ।ਸੋਝੀ-ਗਿਆਨ।੯।ਪੰਦ੍ਰਹ ਥਿਤੀ-ਪੰਦਰਾਂ ਥਿਤਾਂ।ਤੈ-ਅਤੇ।ਸਤ ਵਾਰ-ਸੱਤ ਦਿਨ।ਮਾਹਾ-ਮਹੀਨੇ।ਰੁਤੀ-ਰੁੱਤਾਂ।ਆਵਹਿ-ਆਉਂਦੇ ਹਨ।ਰੈਣਿ-ਰਾਤ।ਤਿਵੈ-ਤਿਵੇਂ ਹੀ (ਉਸੇ ਤਰ੍ਹਾਂ)।ਆਵਾਗਉਣੁ-ਜਨਮ ਮਰਨ ਦਾ ਗੇੜ।ਕੀਆ-ਕੀਤਾ (ਬਣਾ ਦਿਤਾ)।ਕਰਤਾਰਿ-ਕਰਤਾਰ ਨੇ।ਨਿਹਚਲੁ-ਅਚੱਲ (ਸਦਾ ਥਿਰ ਰਹਿਣ ਵਾਲਾ)।ਸਾਚੁ-ਸੱਚਾ ਪ੍ਰਭੂ।ਕਲ ਧਾਰਿ-ਸ਼ਕਤੀ ਧਾਰ ਕੇ।ਰਹਿਆ-ਵਰਤ ਰਿਹਾ ਹੈ।ਕੋ-ਕੋਈ।੧੦।੧।

ਬਿਲਾਵਲੁ ਮਹਲਾ ੩ ॥ ਆਦਿ ਪੁਰਖੁ ਆਪੇ ਸ੍ਰਿਸਟਿ ਸਾਜੇ ॥ ਜੀਅ ਜੰਤ ਮਾਇਆ ਮੋਹਿ ਪਾਜੇ ॥ ਦੂਜੈ ਭਾਇ ਪਰਪੰਚਿ ਲਾਗੇ ॥ ਆਵਹਿ ਜਾਵਹਿ ਮਰਹਿ ਅਭਾਗੇ ॥ ਸਤਿਗੁਰਿ ਭੇਟਿਐ ਸੋਝੀ ਪਾਇ ॥ ਪਰਪੰਚੁ ਚੂਕੈ ਸਚਿ ਸਮਾਇ ॥੧॥ ਜਾ ਕੈ ਮਸਤਕਿ ਲਿਖਿਆ ਲੇਖੁ ॥ ਤਾ ਕੈ ਮਨਿ ਵਸਿਆ ਪ੍ਰਭੁ ਏਕੁ ॥੧॥ਰਹਾਉ॥ ਸ੍ਰਿਸਟਿ ਉਪਾਇ ਆਪੇ ਸਭੁ ਵੇਖੈ ॥ ਕੋਇ ਨ ਮੇਟੈ ਤੇਰੈ ਲੇਖੈ ॥ ਸਿਧ ਸਾਧਿਕ ਜੇ ਕੋ ਕਹੈ ਕਹਾਇ ॥ ਭਰਮੇ ਭੂਲਾ ਆਵੈ ਜਾਇ ॥ ਸਤਿਗੁਰੁ ਸੇਵੈ ਸੋ ਜਨੁ ਬੂਝੈ ॥ ਹਉਮੈ ਮਾਰੇ ਤਾ ਦਰੁ ਸੂਝੈ ॥੨॥ (ਹੇ ਭਾਈ!) ਸ੍ਰਿਸਟੀ ਦਾ ਆਦਿ, ਅਕਾਲ ਪੁਰਖ ਆਪ ਹੀ ਸ੍ਰਿਸਟੀ ਨੂੰ ਪੈਦਾ ਕਰਦਾ ਹੈ।(ਸ੍ਰਿਸਟੀ ਦੇ) ਵੱਡੇ ਜੀਵ ਤੇ ਸੂਖਮ ਜੀਵ ਮਾਇਆ ਦੇ ਮੋਹ ਵਿਚ ਲੱਗੇ ਹੋਏ ਹਨ {ਮਾਇਆ ਮੋਹਿ ਦੂਜੈ ਜੰਤ ਪਾਜੇ ੧੦੫੩}।ਦੂਜੇ ਭਾਵ ਦੇ ਕਾਰਣ ਉਹ ਵਲ ਛਲ ਕਰਨ ਵਿਚ ਲੱਗੇ ਹੋਏ ਹਨ।(ਜਿਸ ਕਰਕੇ ਉਹ) ਭਾਗ ਹੀਣ ਜੀਵ ਮਰ ਕੇ ਆਉਂਦੇ ਜਾਂਦੇ ਰਹਿੰਦੇ ਹਨ।ਸਤਿਗੁਰੂ ਨੂੰ ਮਿਲਣ ਨਾਲ (ਮਨੁੱਖ) ਸੋਝੀ ਪ੍ਰਾਪਤ ਕਰ ਲੈਂਦਾ ਹੈ।(ਫਿਰ ਉਸ ਦਾ) ਵਲ ਛਲ ਦੂਰ ਹੋ ਜਾਂਦਾ ਹੈ ਅਤੇ (ਉਹ) ਸੱਚੇ ਪ੍ਰਭੂ ਵਿਚ ਸਮਾ ਜਾਂਦਾ ਹੈ।੧।(ਹੇ ਭਾਈ!) ਜਿਸ ਜੀਵ ਦੇ ਮੱਥੇ ਉਤੇ (ਪਿਛਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ ਪ੍ਰਭੂ ਨੇ ਚੰਗਾ) ਲੇਖ ਲਿਖਿਆ ਹੈ।ਉਸ ਦੇ ਮਨ ਵਿਚ ਇਕ ਪ੍ਰਭੂ ਵਸਿਆ ਹੈ।੧।ਰਹਾਉ।ਪ੍ਰਭੂ ਸ੍ਰਿਸਟੀ ਨੂੰ ਪੈਦਾ ਕਰਕੇ ਆਪ ਹੀ ਸਭ ਨੂੰ ਦੇਖਦਾ ਹੈ।(ਹੇ ਪ੍ਰਭੂ! ਜੀਵਾਂ ਦੇ ਮੱਥੇ ਉਤੇ) ਤੇਰੇ ਲਿਖੇ ਹੋਏ ਲੇਖਾਂ ਨੂੰ ਕੋਈ ਵੀ ਜੀਵ (ਅਪਣੇ ਕਿਸੇ ਜਤਨ ਨਾਲ) ਨਹੀਂ ਮੇਟ ਸਕਦਾ।ਜੇ ਕੋਈ ਸਿੱਧ ਤੇ ਸਾਧਿਕ (ਅਪਣੇ ਆਪ ਨੂੰ) ਵੱਡਾ ਕਹਿੰਦਾ ਹੈ ਤੇ (ਹੋਰਨਾਂ ਪਾਸੋਂ ਵੱਡਾ) ਕਹਾਉਂਦਾ ਹੈ।(ਉਹ) ਭਰਮ ਵਿਚ ਭੁੱਲਿਆ ਹੋਇਆ ਜੰਮਦਾ ਮਰਦਾ ਰਹਿੰਦਾ ਹੈ।(ਜਿਹੜਾ ਮਨੁੱਖ) ਸਤਿਗੁਰੂ ਦੀ ਸੇਵਾ ਕਰਦਾ ਹੈ, ਉਹ ਸੇਵਕ (ਪ੍ਰਭੂ ਨੂੰ) ਬੁਝ ਲੈਂਦਾ ਹੈ।(ਜੇ ਕੋਈ ਮਨੁੱਖ) ਹਉਮੈ ਨੂੰ ਮਾਰ ਦੇਵੇ, ਤਾ (ਉਸ ਨੂੰ) ਪ੍ਰਭੂ ਦਾ ਦਰ ਦਿਸ ਪੈਂਦਾ ਹੈ।੨।

ਪਦਾਰਥ = ਆਦਿ ਪੁਰਖੁ-ਸ੍ਰਿਸਟੀ ਦਾ ਮੁੱਢ ਸਰਬ ਵਿਆਪਕ ਪ੍ਰਭੂ।ਆਪੇ-ਆਪ ਹੀ।ਸਾਜੇ-ਪੈਦਾ ਕਰਦਾ ਹੈ।ਜੀਅ-ਸਥੂਲ ਜੀਵ।ਜੰਤ-ਸੂਖਮ ਜੀਵ।ਮੋਹਿ-ਮੋਹ ਵਿਚ।ਪਾਜੇ-ਲੱਗੇ ਹੋਏ (ਖਚਿੱਤ) ਹਨ।ਦੂਜੈ ਭਾਇ-ਕਿਸੇ ਦੂਜੇ ਦੇ ਪ੍ਰੇਮ ਵਿਚ।ਪਰਪੰਚਿ-ਵਲ ਛਲ ਵਿਚ; ਜਗਤ ਵਿਚ।ਆਵਹਿ ਜਾਵਹਿ-ਆਉਂਦੇ ਜਾਂਦੇ (ਜੰਮਦੇ ਮਰਦੇ ਰਹਿੰਦੇ) ਹਨ।ਮਰਹਿ-ਮਰਦੇ ਹਨ।ਅਭਾਗੇ-ਭਾਗ ਹੀਣ ਜੀਵ।ਸਤਿਗੁਰਿ ਭੇਟਿਐ-ਸਤਿਗੁਰੂ ਨੂੰ ਮਿਲਣ ਨਾਲ।ਸੋਝੀ-ਗਿਆਨ।ਪਾਇ-ਪ੍ਰਾਪਤ ਹੁੰਦੀ ਹੈ।ਚੂਕੈ-ਦੂਰ ਹੋ ਜਾਂਦਾ ਹੈ।ਸਚਿ ਸਮਾਇ-ਸੱਚੇ ਪ੍ਰਭੂ ਵਿਚ ਮਿਲ ਜਾਂਦਾ ਹੈ।੧।ਜਾ ਕੈ-ਜਿਸ ਦੇ।ਮਸਤਕਿ-ਮੱਥੇ ਉਤੇ।ਤਾ ਕੈ-ਉਸ ਦੇ।ਮਨਿ-ਮਨ ਵਿਚ।੧।ਰਹਾਉ।ਉਪਾਇ-ਪੈਦਾ ਕਰਕੇ।ਵੇਖੈ-ਦੇਖਦਾ (ਸੰਭਾਲਦਾ) ਹੈ।ਤੇਰੈ ਲੇਖੈ-ਤੇਰੇ ਲਿਖੇ ਲੇਖਾਂ ਨੂੰ।ਸਿਧ-ਕਰਾਮਤੀ ਜੋਗੀ।ਸਾਧਿਕ-ਅਭਿਆਸੀ (ਸਾਧਨਾ ਕਰਨ ਵਾਲੇ)।ਕੋ-ਕੋਈ।ਕਹੈ ਕਹਾਏ-ਕਹਿੰਦਾ ਕਹਾਉਂਦਾ (ਵੱਡਾ ਕਹਿੰਦਾ ਹੈ ਤੇ ਹੋਰਨਾਂ

ਤੋਂ ਵੱਡਾ ਕਹਾਉਂਦਾ) ਹੈ। ਭਰਮੇ-ਭਰਮ ਵਿਚ। ਭੂਲਾ-ਕੁਰਾਹੇ ਪਿਆ ਹੈ। ਆਵੈ ਜਾਇ-ਆਉਂਦਾ ਜਾਂਦਾ (ਜੰਮਦਾ ਮਰਦਾ) ਹੈ। ਸੇਵੈ-ਸੇਵਾ ਕਰਦਾ ਹੈ। ਸੋ ਜਨੁ-ਉਹ ਸੇਵਕ। ਬੂਝੈ-ਸਮਝਦਾ ਹੈ। ਤਾ-ਤਾਂ; ਤਦ। ਸੂਝੈ-ਦਿਸ ਪੈਂਦਾ ਹੈ।੨।

ਏਕਸ ਤੇ ਸਭੁ ਦੂਜਾ ਹੂਆ ॥ ਏਕੋ ਵਰਤੈ ਅਵਰੁ ਨ ਬੀਆ ॥ ਦੂਜੇ ਤੇ ਜੇ ਏਕੋ ਜਾਣੈ ॥ ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥ ਸਤਿਗੁਰੁ ਭੇਟੇ ਤਾ ਏਕੋ ਪਾਏ ॥ ਵਿਚਹੁ ਦੂਜਾ ਠਾਕਿ ਰਹਾਏ ॥੩॥ ਜਿਸ ਦਾ ਸਾਹਿਬੁ ਡਾਢਾ ਹੋਇ ॥ ਤਿਸ ਨੋ ਮਾਰਿ ਨ ਸਾਕੈ ਕੋਇ ॥ ਸਾਹਿਬ ਕੀ ਸੇਵਕੁ ਰਹੈ ਸਰਣਾਈ ॥ ਆਪੇ ਬਖਸੇ ਦੇ ਵਡਿਆਈ ॥ ਤਿਸ ਤੇ ਊਪਰਿ ਨਾਹੀ ਕੋਇ ॥ ਕਉਣੁ ਡਰੈ ਡਰੁ ਕਿਸ ਕਾ ਹੋਇ ॥੪॥ ਗੁਰਮਤੀ ਸਾਂਤਿ ਵਸੈ ਸਰੀਰ ॥ ਸਬਦੁ ਚੀਨ੍ਹਿ ਫਿਰਿ ਲਗੈ ਨ ਪੀਰ ॥ ਆਵੈ ਨ ਜਾਇ ਨ ਦੁਖੁ ਪਾਇ ॥ ਨਾਮੇ ਰਾਤੇ ਸਹਜਿ ਸਮਾਏ ॥ ਨਾਨਕ ਗੁਰਮੁਖਿ ਵੇਖੈ ਹਦੂਰਿ ॥ ਮੇਰਾ ਪ੍ਰਭੁ ਸਦ ਰਹਿਆ ਭਰਪੂਰਿ ॥੫॥ ਇਕਿ ਸੇਵਕ ਇਕਿ ਭਰਮਿ ਭੁਲਾਏ ॥ ਆਪੇ ਕਰੇ ਹਰਿ ਆਪਿ ਕਰਾਏ ॥ ਏਕੋ ਵਰਤੈ ਅਵਰੁ ਨ ਕੋਇ ॥ ਮਨਿ ਰੋਸੁ ਕੀਜੈ ਜੇ ਦੂਜਾ ਹੋਇ ॥ ਸਤਿਗੁਰੁ ਸੇਵੇ ਕਰਣੀ ਸਾਰੀ ॥ ਦਰਿ ਸਾਚੈ ਸਾਚੇ ਵੀਚਾਰੀ ॥੬॥ (ਹੇ ਭਾਈ!) ਇਕ ਪ੍ਰਭੂ ਤੋਂ ਦੂਜਾ ਸਾਰਾ ਜਗਤ ਪੈਦਾ ਹੋਇਆ ਹੈ (ਮਨਮੁਖਾਂ ਨੂੰ ਜਗਤ ਪ੍ਰਭੂ ਤੋਂ ਵੱਖਰਾ ਪ੍ਰਤੀਤ ਹੁੰਦਾ ਹੈ। ਪਰ ਗੁਰਮੁਖ ਜਾਣਦੇ ਹਨ ਕਿ) ਇਕ ਪ੍ਰਭੂ ਹੀ ਸਾਰੇ ਜਗਤ ਵਿਚ ਵਰਤ (ਵਿਆਪਕ ਹੋ) ਰਿਹਾ ਹੈ, (ਉਸ ਤੋਂ ਬਿਨਾ ਕੋਈ) ਹੋਰ ਦੂਜਾ ਨਹੀਂ ਹੈ। ਜੇ (ਕੋਈ ਮਨੁੱਖ) ਦੂਜੇ ਤੋਂ (ਦ੍ਵੈਤ ਭਾਵ ਛਡ ਕੇ) ਇਕ ਪ੍ਰਭੂ ਨੂੰ ਜਾਣਦਾ ਹੈ, ਉਹ ਗੁਰੂ ਦੇ ਸ਼ਬਦ ਦੁਆਰਾ ਹਰੀ ਦੇ ਦਰ ਤੋਂ (ਵਡਿਆਈ ਦਾ) ਪ੍ਰਵਾਨਾ ਪ੍ਰਾਪਤ ਕਰਦਾ ਹੈ। (ਜੇ ਮਨੁੱਖ) ਸਤਿਗੁਰੂ ਨੂੰ ਮਿਲ ਪਵੇ, ਤਾਂ ਉਹ ਇਕ ਪ੍ਰਭੂ ਨੂੰ ਪਾ ਲੈਂਦਾ ਹੈ। (ਅਤੇ ਉਹ ਅਪਣੇ) ਅੰਦਰੋਂ ਦੂਜਾ ਭਾਵ ਰੋਕ ਰਖਦਾ (ਜਗਤ ਨੂੰ ਪ੍ਰਭੂ ਤੋਂ ਦੂਜਾ ਸਮਝਣ ਦਾ ਭਾਵ ਹਟਾ ਦੇਂਦਾ) ਹੈ।੩। ਜਿਸ ਜੀਵ ਦਾ ਮਾਲਕ ਬਹੁਤ ਬਲਵਾਨ (ਰਖਵਾਲਾ) ਹੋਵੇ। ਉਸ ਨੂੰ ਕੋਈ ਵੀ ਮਾਰ ਨਹੀਂ ਸਕਦਾ। (ਜਿਹੜਾ) ਸੇਵਕ ਮਾਲਕ ਦੀ ਸ਼ਰਣ ਵਿਚ ਰਹਿੰਦਾ ਹੈ, (ਉਸ ਨੂੰ ਮਾਲਕ) ਆਪ ਹੀ ਵਡਿਆਈ ਬਖਸ਼ ਦੇਂਦਾ ਹੈ। ਉਸ ਪ੍ਰਭੂ ਤੋਂ ਉਪਰ (ਵੱਡਾ) ਕੋਈ ਨਹੀਂ। (ਫਿਰ ਉਸ ਤੋਂ ਬਿਨਾ ਹੋਰ ਕਿਸੇ ਤੋਂ) ਕੌਣ ਡਰੇ ਅਤੇ ਕਿਸ ਦਾ ਡਰ ਹੋ ਸਕਦਾ ਹੈ? (ਪ੍ਰਭੂ ਦੇ ਸੇਵਕ ਨੂੰ ਕੋਈ ਡਰ ਨਹੀਂ)।੪। (ਹੇ ਭਾਈ!) ਗੁਰੂ ਦੀ ਸਿਖਿਆ ਦੁਆਰਾ ਸਰੀਰ ਵਿਚ ਸ਼ਾਂਤੀ ਆ ਵਸਦੀ ਹੈ। (ਜੇ ਮਨੁੱਖ ਗੁਰੂ ਦੇ) ਸ਼ਬਦ ਨੂੰ ਪਛਾਣ ਲਏ, ਤਾਂ ਫਿਰ (ਉਸ ਨੂੰ) ਪੀੜ ਨਹੀਂ ਲਗਦੀ। (ਅਜੇਹਾ ਮਨੁੱਖ) ਨਾ ਜੰਮਦਾ ਹੈ ਤੇ ਨਾ ਮਰਦਾ ਹੈ ਅਤੇ ਨਾ ਉਹ ਦੁਖ ਪਾਉਂਦਾ ਹੈ। ਉਹ ਨਾਮ ਰੰਗ ਵਿਚ ਰੰਗਿਆ ਸਹਿਜ ਪਦ ਵਿਚ ਸਮਾ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮੇਰਾ ਪ੍ਰਭੂ ਸਦਾ ਹੀ ਭਰਪੂਰ ਹੋ ਰਿਹਾ ਹੈ, ਗੁਰਮੁਖਿ (ਉਸ ਨੂੰ) ਹਾਜਰਾ ਹਜੂਰ ਦੇਖਦਾ ਹੈ।੫। (ਹੇ ਭਾਈ! ਪ੍ਰਭੂ ਨੇ) ਕਈ ਮਨੁੱਖ ਅਪਣੇ ਸੇਵਕ ਬਣਾ ਹੋਏ ਹਨ ਅਤੇ ਕਈ ਭਰਮ ਵਿਚ ਭੁਲਾਏ (ਕੁਰਾਹੇ ਪਾਏ) ਹੋਏ ਹਨ। ਪ੍ਰਭੂ ਆਪ ਹੀ ਸਭ ਕੁਛ ਕਰਦਾ ਹੈ ਅਤੇ ਆਪ ਹੀ (ਸਭ ਕੁਛ ਜੀਵਾਂ ਪਾਸੋਂ) ਕਰਾਉਂਦਾ ਹੈ। ਇਕੋ ਪ੍ਰਭੂ ਸਭ ਵਿਚ ਵਰਤ ਰਿਹਾ ਹੈ, (ਉਸ ਤੋਂ ਬਿਨਾ ਦੂਜਾ) ਹੋਰ ਕੋਈ ਨਹੀਂ। ਮਨ ਵਿਚ ਰੋਸ ਤਾਂ ਕਰੀਏ, ਜੇ ਕੋਈ ਦੂਜਾ ਹੋਵੇ (ਇਥੇ ਸਭ ਕੋਈ ਆਪਣਾ ਹੈ, ਅਪਣਿਆਂ ਤੋਂ ਰੋਸ ਕਾਹਦਾ?। ਜੋ ਮਨੁੱਖ) ਸਤਿਗੁਰੂ ਦੀ ਸੇਵਾ ਕਰਦੇ ਹਨ, (ਉਨ੍ਹਾਂ ਦੀ ਇਹ) ਕਰਣੀ ਸ੍ਰੇਸਟ ਹੈ। (ਅਜੇਹੀ) ਵੀਚਾਰ ਵਾਲੇ ਮਨੁੱਖ ਸੱਚੇ ਪ੍ਰਭੂ ਦੇ ਦਰਬਾਰ ਵਿਚ ਸੱਚੇ ਮੰਨੇ ਜਾਂਦੇ ਹਨ।੬।

ਪਦਾਰਥ = ਏਕਸੁ ਤੇ-ਇਕ ਪ੍ਰਭੂ ਤੋਂ ਹੀ। ਸਭੁ ਦੂਜਾ-ਦੂਜਾ ਦਿਸ ਰਿਹਾ ਸਾਰਾ ਜਗਤ। ਹੂਆ-ਪੈਦਾ ਹੋਇਆ ਹੈ। ਏਕੋ ਵਰਤੈ-ਇਕ ਪ੍ਰਭੂ ਹੀ ਵਰਤ (ਵਿਆਪਕ ਹੋ) ਰਿਹਾ ਹੈ। ਅਵਰੁ-ਹੋਰ। ਬੀਆ-ਦੂਜਾ। ਦੂਜੇ ਤੇ-ਦੂਜੇ ਤੋਂ (ਜਗਤ ਨੂੰ ਦੂਜਾ ਸਮਝਣ ਦਾ ਭਾਵ ਛਡ ਕੇ)। ਜਾਣੈ-ਜਾਣਦਾ ਹੈ। ਸਬਦਿ-ਸ਼ਬਦ ਦੁਆਰਾ। ਦਰਿ-ਦਰ ਉਤੇ। ਨੀਸਾਣੈ-ਪ੍ਰਵਾਨਾ; ਸਨਦ (ਸਰਟੀਫੀਕੇਟ)। ਭੇਟੇ-ਮਿਲ ਪਵੇ। ਪਾਏ-ਪਾ ਲੈਂਦਾ ਹੈ। ਵਿਚਹੁ-ਹਿਰਦੇ ਵਿਚੋਂ। ਠਾਕਿ ਰਹਾਏ-ਰੋਕ ਰਖਦਾ ਹੈ।੩। ਸਾਹਿਬੁ-ਮਾਲਕ। ਡਾਢਾ-ਬਲਵਾਨ। ਤਿਸ ਨੋ-ਉਸ ਨੂੰ। ਰਹੈ ਸਰਣਾਈ-ਸ਼ਰਨ ਵਿਚ ਰਹਿੰਦਾ ਹੈ। ਦੇ-ਦੇਂਦਾ ਹੈ। ਊਪਰਿ-ਉਚਾ; ਵੱਡਾ। ਡਰੈ-ਡਰੇ। ਕਿਸ ਕਾ-ਕਿਸ ਦਾ।੪। ਗੁਰਮਤੀ-ਗੁਰੂ ਦੀ ਸਿੱਖਿਆ ਅਨੁਸਾਰ ਚੱਲ ਕੇ। ਚੀਨ੍ਹਿ-ਪਛਾਣ ਲਵੇ। ਫਿਰਿ-ਮੁੜ ਕੇ। ਪੀਰ-ਪੀੜ। ਆਵੈ ਨ ਜਾਇ-ਜੰਮਦਾ ਮਰਦਾ ਨਹੀਂ। ਨਾਮੇ-ਨਾਮ ਵਿਚ। ਰਾਤੇ-ਰੰਗਿਆ ਹੋਇਆ। ਸਹਜਿ-ਸਹਿਜ ਅਵਸਥਾ ਵਿਚ। ਸਮਾਏ-ਲੀਨ ਹੋ ਜਾਂਦਾ ਹੈ। ਗੁਰਮੁਖਿ-ਗੁਰੂ ਦੀ ਅਗਿਆ ਵਿਚ ਚੱਲਣ ਵਾਲਾ ਮਨੁੱਖ। ਹਦੂਰਿ-ਹਾਜਰ ਨਾਜਰ (ਅੰਗ ਸੰਗ)। ਸਦ-ਸਦਾ। ਭਰਪੂਰਿ-ਪਰੀ ਪੂਰਨ (ਵਿਆਪਕ)।੫। ਇਕਿ-ਕਈ (ਬਹੁ ਵਚਨ)। ਭਰਮਿ-ਭਰਮ ਵਿਚ। ਭੁਲਾਏ-ਭੁਲਾਏ ਹੋਏ ਹਨ। ਮਨਿ-ਮਨ ਵਿਚ। ਰੋਸੁ-ਗਿਲਾ; ਗੁੱਸਾ। ਕੀਜੈ-ਕੀਤਾ ਜਾਵੇ। ਕਰਣੀ-ਧਾਰਮਕ ਕਰਮ। ਸਾਰੀ-ਸ੍ਰੇਸਟ। ਸਾਚੇ-ਸੱਚੇ ਮੰਨੇ ਜਾਂਦੇ ਹਨ।

ਦਰਿ ਸਾਚੈ–ਸੱਚੇ ਪ੍ਰਭੂ ਦੇ ਦਰਬਾਰ ਵਿਚ।ਵੀਚਾਰੀ–ਵਿਚਾਰ ਵਾਲੇ।੬।

ਥਿਤੀ ਵਾਰ ਸਭਿ ਸਬਦਿ ਸੁਹਾਏ ॥ ਸਤਿਗੁਰੁ ਸੇਵੇ ਤਾ ਫਲੁ ਪਾਏ ॥ ਥਿਤੀ ਵਾਰ ਸਭਿ ਆਵਹਿ ਜਾਹਿ ॥ ਗੁਰ ਸਬਦੁ ਨਿਹਚਲੁ ,ਸਦਾ ਸਚਿ ਸਮਾਹਿ ॥ ਥਿਤੀ ਵਾਰ ਤਾ ਜਾ ਸਚਿ ਰਾਤੇ ॥ ਬਿਨੁ ਨਾਵੈ ਸਭਿ ਭਰਮਹਿ ਕਾਚੇ ॥੭॥ ਮਨਮੁਖ ਮਰਹਿ ਮਰਿ ਬਿਗਤੀ ਜਾਹਿ ॥ ਏਕੁ ਨ ਚੇਤਹਿ ਦੂਜੈ ਲੋਭਾਹਿ ॥ ਅਚੇਤ ਪਿੰਡੀ ਅਗਿਆਨ ਅੰਧਾਰੁ ॥ ਬਿਨੁ ਸਬਦੈ ਕਿਉ ਪਾਏ ਪਾਰੁ ॥ ਆਪਿ ਉਪਾਏ ਉਪਾਵਣਹਾਰੁ ॥ ਆਪੇ ਕੀਤੋਨੁ ਗੁਰ ਵੀਚਾਰੁ ॥੮॥ ਬਹੁਤੇ ਭੇਖ ਕਰਹਿ ਭੇਖਧਾਰੀ ॥ ਭਵਿ ਭਵਿ ਭਰਮਹਿ ਕਾਚੀ ਸਾਰੀ ॥ ਐਥੈ ਸੁਖੁ ਨ ਆਗੈ ਹੋਇ ॥ ਮਨਮੁਖ ਮੁਏ ਅਪਣਾ ਜਨਮੁ ਖੋਇ ॥ ਸਤਿਗੁਰੁ ਸੇਵੇ ਭਰਮੁ ਚੁਕਾਏ ॥ ਘਰ ਹੀ ਅੰਦਰਿ ਸਚੁ ਮਹਲੁ ਪਾਏ ॥੯॥ (ਹੇ ਭਾਈ!) ਸਾਰੀਆਂ ਥਿਤਾਂ ਤੇ ਸਾਰੇ ਵਾਰ ਸੋਹਣੇ ਤਦ ਲਗਦੇ ਹਨ, (ਜੇ ਮਨੁੱਖ ਗੁਰੂ ਦੇ) ਸ਼ਬਦ ਵਿਚ ਜੁੜੇ ਰਹਿਣ।(ਜੋ ਮਨੁੱਖ) ਸਤਿਗੁਰੂ ਦੀ ਸੇਵਾ ਕਰਦੇ ਹਨ, (ਉਹ ਸੇਵਾ ਦਾ) ਫਲ ਪਾ ਲੈਂਦੇ ਹਨ।ਥਿਤਾਂ ਤੇ ਵਾਰ ਸਭ ਮੁੜ ਮੁੜ ਆਉਂਦੇ ਜਾਂਦੇ ਰਹਿੰਦੇ ਹਨ; ਥਿਤਾਂ ਵਾਰਾਂ ਨੂੰ ਮੰਨਣ ਵਾਲੇ ਮਨੁੱਖ ਮਰਦੇ ਜੰਮਦੇ ਰਹਿੰਦੇ ਹਨ।(ਪਰ) ਗੁਰੂ ਦਾ ਸ਼ਬਦ ਅਚੱਲ ਹੈ, (ਜੋ ਮਨੁੱਖ ਗੁਰੁ ਦੇ ਸ਼ਬਦ ਨਾਲ ਜੁੜਦੇ ਹਨ, ਉਹ) ਸਦਾ ਸਚੇ ਪ੍ਰਭੂ ਵਿਚ ਸਮਾ ਜਾਂਦੇ ਹਨ।ਥਿਤਾਂ ਤੇ ਵਾਰ ਤਾਂ ਹੀ (ਮਨੁੱਖ ਲਈ ਚੰਗੇ ਹਨ, ਉਹ) ਜਦ ਸੱਚੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਜਾਂਦੇ ਹਨ।(ਪਰ) ਪ੍ਰਭੂ ਦੇ ਨਾਮ ਸਿਮਰਨ ਤੋਂ ਬਿਨਾ ਸਾਰੇ ਕੱਚੇ ਮਨੁੱਖ (ਜੂਨੀਆਂ ਵਿਚ) ਭਰਮਦੇ ਰਹਿੰਦੇ ਹਨ।੭।ਮਨਮੁਖ ਲੋਕ ਮਰਦੇ ਹਨ, ਮਰ ਕੇ ਭੈੜੀ ਹਾਲਤ ਵਿਚ ਪ੍ਰਲੋਕ ਨੂੰ ਜਾਂਦੇ ਹਨ।(ਕਿਉਂਕਿ ਉਹ) ਇਕ ਪ੍ਰਭੂ ਨੂੰ ਯਾਦ ਨਹੀਂ ਕਰਦੇ ਅਤੇ ਦ੍ਵੈਤ ਭਾਵ ਵਿਚ ਫਸੇ ਰਹਿੰਦੇ ਹਨ।ਬੇਸਮਝ ਮਨੁੱਖ ਦੇ ਅੰਦਰ ਅਗਿਆਨਤਾ ਦਾ ਘੁੱਪ ਹਨ੍ਹੇਰਾ ਬਣਿਆ ਰਹਿੰਦਾ ਹੈ।(ਉਹ ਗੁਰੂ ਦੇ) ਸ਼ਬਦ ਤੋਂ ਬਿਨਾ (ਸੰਸਾਰ ਸਮੁੰਦਰ ਤੋਂ ਅਪਣੇ ਆਪ ਨੂੰ) ਕਿਵੇਂ ਪਾਰ ਪਾਵੇਗਾ (ਪਾਰ ਨਹੀਂ ਹੋ ਸਕਦਾ)।ਪੈਦਾ ਕਰਨ ਵਾਲੇ ਪ੍ਰਭੂ ਨੇ ਆਪ ਹੀ ਸਾਰੇ (ਚੰਗੇ ਮੰਦੇ) ਜੀਵ ਪੈਦਾ ਕੀਤੇ ਹਨ।(ਜੀਵਨ ਨੂੰ ਸਹੀ ਰਸਤੇ ਤੇ ਤੋਰਨ ਲਈ) ਪ੍ਰਭੂ ਨੇ ਆਪ ਹੀ ਗੁਰੂ ਦਾ ਵਿਚਾਰ (ਸੰਸਾਰ ਵਿਚ) ਪ੍ਰਗਟ ਕੀਤਾ ਹੈ।੮।ਭੇਖ ਧਾਰੀ ਮਨੁੱਖ ਬਹੁਤ ਧਾਰਮਕ ਭੇਖ ਧਾਰਨ ਕਰਦੇ ਹਨ।(ਉਹ ਤੀਰਥਾਂ ਤੇ) ਘੁੰਮ ਫਿਰ ਕੇ ਭਰਮਦੇ ਫਿਰਦੇ ਹਨ ਅਤੇ (ਉਨ੍ਹਾਂ ਦੀ) ਜੀਵਨ ਰੂਪ ਨਰਦ ਕੱਚੀ ਰਹਿੰਦੀ ਹੈ।(ਉਨ੍ਹਾਂ ਨੂੰ) ਨਾ ਇਥੇ ਇਸ ਲੋਕ ਵਿਚ ਸੁਖ ਹੁੰਦਾ ਹੈ ਅਤੇ ਨਾ ਹੀ ਅੱਗੇ ਪ੍ਰਲੋਕ ਵਿਚ ਸੁਖ ਹੁੰਦਾ ਹੈ।ਮਨਮੁਖ ਅਪਣਾ ਮਨੁੱਖਾ ਜਨਮ ਬਿਅਰਥ ਗੁਆ ਕੇ ਮਰ ਗਏ ਹਨ।(ਜੋ ਮਨੁੱਖ) ਸਤਿਗੁਰੂ ਦੀ ਸੇਵਾ ਕਰਕੇ (ਅਪਣੇ ਅੰਦਰੋਂ ਥਿੱਤਾਂ ਤੇ ਮਾੜੇ ਚੰਗੇ ਦਿਨਾਂ ਦਾ) ਭਰਮ ਦੂਰ ਕਰਦਾ ਹੈ।(ਉਹ) ਸਰੀਰ ਘਰ ਦੇ ਅੰਦਰ ਹੀ ਪ੍ਰਭੂ ਦਾ ਸੱਚਾ ਮਹਿਲ ਪ੍ਰਾਪਤ ਕਰ ਲੈਂਦਾ ਹੈ।੯।

ਅੰਗ ੮੪੩ = ਆਪੇ ਪੂਰਾ ਕਰੇ ਸੁ ਹੋਇ ॥ ਏਹਿ ਥਿਤੀ ਵਾਰ ਦੂਜਾ ਦੋਇ ॥ ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥ ਨਾਨਕ ਗੁਰਮੁਖਿ ਬੂਝੈ ਸੋਝੀ ਪਾਇ ॥ ਇਕਤੁ ਨਾਮਿ ਸਦਾ ਰਹਿਆ ਸਮਾਇ ॥੧੦॥੨॥ (ਹੇ ਭਾਈ! ਜੋ ਕੁਛ) ਪੂਰਾ ਪ੍ਰਭੂ ਕਰਦਾ ਹੈ, ਉਹ ਹੀ ਹੁੰਦਾ ਹੈ।ਏਹ ਥਿਤਾਂ ਵਾਰਾਂ ਦਾ ਵਿਚਾਰ ਦੂਜਾ ਭਾਵ ਪੈਦਾ ਕਰਦਾ ਹੈ ਅਤੇ ਦ੍ਵੈਤ ਵੱਲ ਲੈ ਜਾਂਦਾ ਹੈ; ਥਿਤਾਂ ਤੇ ਵਾਰਾਂ ਦਾ ਇਹ ਵਿਚਾਰ ਦੋਵੇਂ ਦੂਜਾ ਭਾਵ ਪੈਦਾ ਕਰਦੇ ਹਨ (ਲੋਕ ਪ੍ਰਭੂ ਨੂੰ ਛਡ ਕੇ ਦੇਵੀ ਦੇਵਤਿਆਂ ਤੋਂ ਫਲ ਮੰਗਦੇ ਹਨ)।ਸਤਿਗੁਰੂ ਤੋਂ ਬਿਨਾ (ਸੰਸਾਰ ਵਿਚ) ਘੁੱਪ ਹਨ੍ਹੇਰਾ ਹੈ।(ਪ੍ਰਭੂ ਨੂੰ ਛਡ ਕੇ ਜੋ ਮਨੁੱਖ) ਥਿਤਾਂ ਵਾਰਾਂ ਨੂੰ ਪੂਜਦੇ ਹਨ, ਉਹ ਬੇਸਮਝ ਤੇ ਮੂਰਖ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਅਨੁਸਾਰੀ ਮਨੁੱਖ (ਗੁਰੂ ਪਾਸੋਂ) ਸੋਝੀ ਪ੍ਰਾਪਤ ਕਰਦਾ ਹੈ।ਅਤੇ ਇਕ ਪ੍ਰਭੂ ਦੇ ਨਾਮ ਵਿਚ ਸਦਾ ਲੀਨ ਰਹਿੰਦਾ ਹੈ।੧੦।੨।

ਪਦਾਰਥ = ਥਿਤੀ–ਚੰਦ ਦੇ ਹਿਸਾਬ ਨਾਲ ਗਿਣੀਆਂ ਜਾਣ ਵਾਲੀਆਂ ਤਰੀਕਾਂ।ਵਾਰ–ਦਿਨ।ਸਬਦਿ–ਸ਼ਬਦ ਵਿਚ ਜੁੜੇ ਰਹਿਣ ਨਾਲ।ਸੁਹਾਏ–ਸੋਹਣੇ ਹਨ।ਸੇਵੇ–ਸੇਵਾ ਕਰਦਾ ਹੈ।ਤਾ–ਤਦ।ਪਾਏ–ਪਾਉਂਦਾ ਹੈ।ਆਵਹਿ ਜਾਹਿ–ਮੁੜ ਮੁੜ ਆਉਂਦੇ ਤੇ ਜਾਂਦੇ ਰਹਿੰਦੇ ਹਨ।ਨਿਹਚਲੁ–ਅਚੱਲ (ਸਦਾ ਕਾਇਮ ਰਹਿਣ ਵਾਲਾ)।ਸਚਿ–ਸੱਚੇ ਪ੍ਰਭੂ ਵਿਚ।ਸਮਾਹਿ–ਲੀਨ ਹੋ ਜਾਂਦੇ ਹਨ।ਜਾ–ਜਦ।ਰਾਤੇ–ਰੰਗੇ ਜਾਂਦੇ ਹਨ।ਬਿਨੁ ਨਾਵੈ–ਨਾਮ ਸਿਮਰਨ ਤੋਂ ਬਿਨਾ।ਭਰਮਹਿ–ਭਰਮਦੇ ਹਨ।ਕਾਚੇ–ਅਗਿਆਨੀ ਵ ਸ਼ਰਧਾਹੀਣ ਮਨੁੱਖ।੭।ਮਨਮੁਖ–ਅਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ।ਮਰਹਿ–ਮਰਦੇ ਹਨ।ਮਰਿ–ਮਰ ਕੇ।ਬਿਗਤੀ ਜਾਹਿ–ਭੈੜੀ ਹਾਲਤ ਵਿਚ ਪ੍ਰਲੋਕ ਨੂੰ ਜਾਂਦੇ ਹਨ।ਏਕੁ–ਪ੍ਰਭੂ ਨੂੰ।ਨ ਚੇਤਹਿ–ਨਹੀਂ ਸਿਮਰਦੇ।ਦੂਜੈ–ਦ੍ਵੈਤ ਭਾਵ ਵਿਚ।ਲੋਭਾਹਿ–ਫਸੇ ਰਹਿੰਦੇ ਹਨ।ਅਚੇਤ ਪਿੰਡੀ–ਬੇਸਮਝ ਮਨੁੱਖ।ਅੰਧਾਰੁ–ਹਨ੍ਹੇਰਾ।ਕਿਉ ਪਾਏ ਪਾਰੁ–(ਭਵਜਲ ਤੋਂ) ਕਿਵੇ ਪਾਰ ਪਾਵੇਗਾ? ਉਪਾਏ–ਪੈਦਾ

ਕਰਦਾ ਹੈ। ਉਪਾਵਣਹਾਰੁ–ਪੈਦਾ ਕਰਨ ਵਾਲਾ ਪ੍ਰਭੂ। ਕੀਤੋਨੁ–ਉਸ ਨੇ ਕੀਤਾ ਹੈ। ੮। ਭੇਖ–ਧਾਰਮਕ ਪਹਿਰਾਵਾ। ਕਰਹਿ–ਕਰਦੇ ਹਨ। ਭੇਖਧਾਰੀ–ਧਾਰਮਕ ਪਹਿਰਾਵਾ ਪਹਿਨਣ ਵਾਲਾ ਮਨੁੱਖ। ਭਵਿ ਭਵਿ–(ਤੀਰਥਾਂ ਤੇ) ਘੁੰਮ ਫਿਰ ਕੇ। ਭਰਮਹਿ–ਭਟਕਦੇ ਫਿਰਦੇ ਹਨ। ਕਾਚੀ ਸਾਰੀ–ਕੱਚੀ ਗੋਟੀ, ਜੋ ਅਪਣੇ ਸਿਰੇ ਦੇ ਘਰ ਵਿਚ ਅਜੇ ਨਹੀਂ ਪਹੁੰਚੀ (ਨਿਸਫਲ ਜੀਵਨ ਵਾਲਾ ਮਨੁੱਖ)। ਐਥੈ–ਇਥੇ (ਇਸ ਲੋਕ ਵਿਚ)। ਆਗੈ–ਅੱਗੇ ਪ੍ਰਲੋਕ ਵਿਚ। ਮੁਏ–ਮਰ ਗਏ। ਖੋਇ–(ਬਿਅਰਥ) ਗਵਾ ਕੇ। ਸੇਵੇ–ਸੇਵਾ ਕਰਦਾ ਹੈ। ਚੁਕਾਏ–ਦੂਰ ਕਰਦਾ ਹੈ। ਘਰ ਹੀ ਅੰਦਰਿ–ਸਰੀਰ ਦੇ ਅੰਦਰ ਹੀ। ਸਚੁ ਮਹਲੁ–ਪ੍ਰਭੂ ਦਾ ਸਚਾ ਨਿਵਾਸ ਸਥਾਨ; ਪਰਮ ਪਦ (ਮ.ਕੋ.)। ੯। ਆਪੇ–ਆਪ ਹੀ। ਪੂਰਾ–ਪੂਰਨ ਪ੍ਰਭੂ। ਸੁ ਹੋਇ–ਉਹ ਹੁੰਦਾ ਹੈ। ਦੂਜਾ–ਦੂਜੇ ਦਾ ਪ੍ਰੇਮ। ਦੋਇ–ਦ੍ਵੈਤ ਭਾਵ; ਦੋਵੇਂ। ਬਾਝਹੁ–ਬਿਨਾ। ਅੰਧੁ ਗੁਬਾਰੁ–ਘੁੱਪ ਹਨ੍ਹੇਰਾ। ਸੇਵਹਿ–ਪੂਜਦੇ ਹਨ; ਮਨਾਉਂਦੇ ਹਨ। ਮੁਗਧ–ਬੇਸਮਝ। ਗਵਾਰ–ਮੂਰਖ। ਬੂਝੈ–ਸਮਝਦਾ ਹੈ। ਸੋਝੀ–ਸਮਝ; ਗਿਆਨ। ਇਕਤੁ ਨਾਮਿ–ਇਕ ਪ੍ਰਭੂ ਦੇ ਨਾਮ ਵਿਚ। ਰਹੈ ਸਮਾਇ–ਲੀਨ ਰਹਿੰਦਾ ਹੈ। ੧੦। ੨।

ਕਾਚੀ ਸਾਰੀ = ਕੱਚੀ ਗੋਟੀ ਭਾਵ ਜੀਵਨ ਰੂਪ ਨਰਦਾਂ (ਚੌਪੜ ਦੀ ਨਰਦ ਜਦ ੪੨ ਘਰ ਲੰਘਦੀ ਹੈ, ਤਾਂ ਪੱਕੀ ਹੋਣੀ ਸ਼ੁਰੂ ਹੁੰਦੀ ਹੈ, ਬਾਹਰਲੇ ਨਾਕੇ ਤੇ ਆ ਕੇ ਪੱਕੀ ਹੁੰਦੀ ਹੈ। ਭਾਵ ਹੈ ਗੁਰੂ ਦੇ ਉਪਦੇਸ਼ ਤੇ ਚੱਲ ਕੇ ਪੂਰਨਤਾ ਨੂੰ ਪ੍ਰਾਪਤ ਹੋਇਆ ਮਨੁੱਖ ,ਉਸ ਦਾ ਜਨਮ ਮਰਨ ਕੱਟਿਆ ਗਿਆ। ਕੱਚੀ ਨਰਦ ਤੋਂ ਭਾਵ ੮੪ ਦੇ ਆਵਾਗਉਣ ਵਿਚ ਭਉਂ ਰਿਹਾ ਮਨੁੱਖ।

ਬਿਲਾਵਲੁ ਮਹਲਾ ੧ ਛੰਤ ਦਖਣੀ ੴ ਸਤਿਗੁਰ ਪ੍ਰਸਾਦਿ ॥ ਮੁੰਧ ਨਵੇਲੜੀਆ, ਗੋਇਲਿ ਆਈ ਰਾਮ ॥ ਮਟੁਕੀ ਡਾਰਿ ਧਰੀ, ਹਰਿ ਲਿਵ ਲਾਈ ਰਾਮ ॥ ਲਿਵ ਲਾਇ ਹਰਿ ਸਿਉ ਰਹੀ ਗੋਇਲਿ, ਸਹਜਿ ਸਬਦਿ ਸੀਗਾਰੀਆ ॥ ਕਰ ਜੋੜਿ ਗੁਰ ਪਹਿ ਕਰਿ ਬਿਨੰਤੀ, ਮਿਲਹੁ ਸਾਚਿ ਪਿਆਰੀਆ ॥ ਧਨ ਭਾਇ ਭਗਤੀ ਦੇਖਿ ਪ੍ਰੀਤਮ, ਕਾਮ ਕ੍ਰੋਧੁ ਨਿਵਾਰਿਆ ॥ ਨਾਨਕ ਮੁੰਧ ਨਵੇਲ ਸੁੰਦਰਿ, ਦੇਖਿ ਪਿਰੁ ਸਾਧਾਰਿਆ ॥੧॥ ਸਚਿ ਨਵੇਲੜੀਏ, ਜੋਬਨਿ ਬਾਲੀ ਰਾਮ ॥ ਆਉ ਨ ਜਾਉ ਕਹੀ, ਅਪਨੇ ਸਹ ਨਾਲੀ ਰਾਮ ॥ ਨਾਹ ਅਪਨੇ ਸੰਗਿ ਦਾਸੀ, ਮੈ ਭਗਤਿ ਹਰਿ ਕੀ ਭਾਵਏ ॥ ਅਗਾਧਿ ਬੋਧਿ ਅਕਥੁ ਕਥੀਐ, ਸਹਜਿ ਪ੍ਰਭ ਗੁਣ ਗਾਵਏ ॥ ਰਾਮ ਨਾਮ ਰਸਾਲ ਰਸੀਆ, ਰਵੈ ਸਾਚਿ ਪਿਆਰੀਆ ॥ ਗੁਰਿ ਸਬਦੁ ਦੀਆ ਦਾਨੁ ਕੀਆ, ਨਾਨਕਾ ਵੀਚਾਰੀਆ ॥੨॥ ਹੇ ਭਾਈ! ਨਵੀਂ ਜਵਾਨ ਇਸਤ੍ਰੀ ਸੰਸਾਰ ਰੂਪ ਚਰਾਂਦ ਵਿਚ ਆਈ ਹੈ (ਗੁਰਮੁਖਿ ਇਸਤ੍ਰੀ ਸੰਸਾਰ ਵਿਚ ਮਹਿਮਾਨ ਵਾਂਗ ਥੋੜੇ ਸਮੇਂ ਦਾ ਨਿਵਾਸ ਮੰਨਦੀ ਹੈ। ਇਸ ਜੀਵ ਇਸਤ੍ਰੀ ਨੇ) ਸੰਸਾਰ ਦੇ ਧੰਧਿਆਂ (ਜਾਂ ਦੇਹ ਅਭਿਮਾਨ) ਨੂੰ ਸਿਰੋਂ ਲਾਹ ਕੇ ਪਰੇ ਰੱਖ ਦਿਤਾ ਹੈ ਅਤੇ ਹਰੀ ਵਿਚ ਲਿਵ ਲਾਈ ਹੈ। ਹਰੀ ਨਾਲ ਲਿਵ ਲਗਾ ਕੇ (ਜੀਵ ਇਸਤ੍ਰੀ) ਚਰਾਂਦ ਰੂਪ ਸੰਸਾਰ ਵਿਚ ਰਹਿੰਦੀ ਹੈ ਅਤੇ (ਉਸ ਨੇ) ਕੁਦਰਤੀ ਢੰਗ ਨਾਲ ਸ਼ਬਦ ਦੁਆਰਾ (ਅਪਣੇ ਆਪ ਨੂੰ) ਸ਼ਿੰਗਾਰਿਆ ਹੈ। (ਉਹ) ਦੋਵੇਂ ਹੱਥ ਜੋੜ ਕੇ ਗੁਰੂ ਪਾਸ ਬੇਨਤੀ ਕਰਦੀ ਹੈ, ਹੇ ਗੁਰੂ! ਮੈਨੂੰ ਮਿਲ, ਤਾਂ ਕਿ ਮੈਂ ਸੱਚੇ ਨਾਮ ਵਿਚ ਜੁੜ ਕੇ (ਪ੍ਰਭੂ ਨੂੰ) ਪਿਆਰੀ ਲੱਗਾਂ। ਇਸ ਜੀਵ ਇਸਤ੍ਰੀ ਨੇ ਪ੍ਰੇਮਾ ਭਗਤੀ ਨਾਲ ਪਿਆਰੇ ਪ੍ਰਭੂ ਨੂੰ ਦੇਖ ਲਿਆ ਹੈ ਅਤੇ (ਅਪਣੇ ਅੰਦਰੋਂ) ਕਾਮ ਕ੍ਰੋਧ ਦੂਰ ਕਰ ਲਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਇਸ ਤਰੀਕੇ ਨਾਲ) ਸੁੰਦਰ ਨਵੀਂ ਜਵਾਨ ਇਸਤ੍ਰੀ ਪਤੀ ਪ੍ਰਭੂ ਨੂੰ ਦੇਖ ਕੇ ਆਸਰੇ ਸਹਿਤ ਹੋ ਗਈ ਹੈ। ੧ । (ਪ੍ਰਸ਼ਨ) ਹੇ ਸੱਚੇ ਨਾਮ ਵਿਚ ਜੁੜੀ ਰਹਿਣ ਵਾਲੀ ਨਵੀਂ ਜਵਾਨ ਇਸਤ੍ਰੀਏ! ਹੇ ਜੋਬਨ ਵਾਲੀ ਬਾਲੜੀਏ! (ਕੁਛ ਅਪਣਾ ਹਾਲ ਦੱਸ। ਅੱਗੇ ਉਹ ਉਤਰ ਦੇਂਦੀ ਹੈ) ਮੈਂ ਕਿਸੇ ਥਾਂ ਤੇ ਆਉਂਦੀ ਜਾਂਦੀ ਨਹੀਂ (ਇਧਰ ਉਧਰ ਨਹੀਂ ਭਟਕਦੀ, ਦਿਲੋਂ) ਮੈਂ ਅਪਣੇ ਪਤੀ ਨਾਲ ਜੁੜੀ ਰਹਿੰਦੀ ਹਾਂ। ਮੈਂ ਅਪਣੇ ਪਤੀ ਪ੍ਰਭੂ ਨਾਲ (ਉਸ ਦੀ) ਦਾਸੀ ਬਣ ਕੇ ਰਹਿੰਦੀ ਹਾਂ, ਮੈਨੂੰ ਹਰੀ ਦੀ ਭਗਤੀ ਚੰਗੀ ਲਗਦੀ ਹੈ। (ਹੇ ਸਖੀ!) ਜਿਸ ਪ੍ਰਭੂ ਦਾ ਗਿਆਨ ਅਥਾਹ ਹੈ, (ਉਸ) ਅਕੱਥ ਪ੍ਰਭੂ ਨੂੰ ਕਥਨ ਕਰੀਦਾ ਹੈ ਅਤੇ ਸੁਤੇ ਸਿਧ ਹੀ ਪ੍ਰਭੂ ਦੇ ਗੁਣ ਗਾਈਦੇ ਹਨ। ਪ੍ਰਭੂ ਰਸੀਆ ਹੈ, (ਉਸ ਦਾ) ਨਾਮ ਰਸਾਂ ਦਾ ਘਰ ਹੈ ਅਤੇ ਉਹ ਸੱਚੇ ਨਾਮ ਵਿਚ ਜੁੜੀਆਂ ਪਿਆਰੀਆਂ ਨੂੰ ਭੋਗਦਾ (ਅਪਣੇ ਮਿਲਾਪ ਦਾ ਅਨੰਦ ਬਖਸ਼ਦਾ) ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਜੀਵ ਇਸਤ੍ਰੀ ਨੂੰ) ਗੁਰੂ ਨੇ ਸ਼ਬਦ ਦਿਤਾ ਹੈ, (ਇਹ ਅਮੋਲਕ) ਦਾਨ ਦੇਣਾ ਕੀਤਾ ਹੈ, ਉਹ ਪ੍ਰਭੂ ਦੀ ਵਿਚਾਰਵਾਨ ਹੋ ਗਈ ਹੈ। ੨।

ਪਦਾਰਥ = ਛੰਤ–ਹਰੀ ਦੇ ਜਸ ਦੇ ਗੀਤ। ਦਖਣੀ–ਦੱਖਣ ਦੇਸ਼ ਦੀ ਸਥਾਨਕ ਰਾਗਣੀ ਨਾਲ ਰਲਾ ਕੇ ਗਾਉਣਾ (ਸ਼ਬਦਾਰਥ); ਦਖਣ ਦੇਸ਼ ਦੇ ਕਿਸੇ ਪ੍ਰੇਮੀ ਪ੍ਰਤੀ ਉਚਾਰੀ ਬਾਣੀ। ਮੁੰਧ–ਜਵਾਨ ਲੜਕੀ। ਨਵੇਲੜੀਆ–ਨਵੀਂ ਜਵਾਨੀ ਵਾਲੀ; ਸੁੰਦਰ। ਗੋਇਲਿ–ਚਰਾਂਦ ਵਿਚ (ਗੁੱਜਰ ਲੋਕ ਔੜ ਸਮੇਂ ਦਰਿਆਵਾਂ ਦੇ ਕਿਨਾਰੇ ਦੂਰ ਕੁਝ ਦਿਨਾਂ ਲਈ ਅਪਣਾ ਮਾਲ ਡੰਗਰ ਚਾਰਨ ਲਈ ਟਿਕਾਣਾ ਬਣਾ ਲੈਂਦੇ ਹਨ। ਭਾਵ ਹੈ ਥੋੜੇ ਸਮੇਂ ਦੇ ਜੀਵਨ ਵਾਲਾ ਜਗਤ)। ਰਾਮ–ਹੇ ਭਾਈ!। ਮਟੁਕੀ–ਚਾਟੀ। ਡਾਰਿ ਧਰੀ–ਪਰੇ ਧਰ ਦਿਤਾ

(ਸੰਸਾਰੀ ਧੰਧਿਆਂ ਜਾਂ ਦੇਹ ਅਭਿਮਾਨ ਨੂੰ ਛਡ ਦਿਤਾ)।ਲਿਵ ਲਾਈ–ਸੁਰਤ ਜੋੜ ਲਈ।ਹਰਿ ਸਿਉ–ਹਰੀ ਨਾਲ।ਸਹਜਿ–ਕੁਦਰਤੀ ਤਰੀਕੇ ਨਾਲ ;ਸਹਿਜ ਅਵਸਥਾ ਰਾਹੀਂ; ਸੁਭਾਵਕ ਹੀ।ਸਬਦਿ–ਸ਼ਬਦ ਦੁਆਰਾ।ਸੀਗਾਰੀਆ–ਮਾਨਸਕ ਜੀਵਨ ਸੋਹਣਾ ਬਣਾਇਆ ਹੈ; (ਗੁਣਾਂ ਰਾਹੀਂ ਮਨ ਨੂੰ) ਸ਼ਿੰਗਾਰਿਆ ਹੈ।ਕਰ ਜੋੜਿ–ਦੋਵੇਂ ਹੱਥ ਜੋੜ ਕੇ।ਪਹਿ–ਪਾਸ।ਕਰਿ (ਕਰੇ)–ਕਰਦੀ ਹੈ ।ਸਾਚਿ–ਸੱਚੇ ਨਾਮ ਵਿਚ ਜੁੜ ਕੇ।ਪਿਆਰੀਆ–ਪਿਆਰੀ ਲੱਗਾਂ; ਪਿਆਰੇ ਦੇ।ਧਨ–ਇਸਤ੍ਰੀ।ਭਾਇ ਭਗਤੀ–ਪ੍ਰੇਮਾ ਭਗਤੀ ਨਾਲ।ਨਿਵਾਰਿਆ–ਦੂਰ ਕਰ ਲਿਆ।ਨਵੇਲ–ਨਵੀਂ।ਸੁੰਦਰਿ–ਸੁੰਦਰੀ; ਸੁੰਦਰ ਜੀਵਨ ਵਾਲੀ।ਪਿਰੁ–ਪਤੀ ਪ੍ਰਭੂ।ਸਾਧਾਰਿਆ–ਆਸਰੇ ਸਹਿਤ ਹੋ ਗਈ।੧।ਸਚਿ–ਸੱਚੇ ਨਾਮ ਵਿਚ (ਜੁੜੀ ਹੋਈ)।ਨਵੇਲੜੀਏ–ਹੇ ਨਵੀਂ ਜਵਾਨ ਇਸਤ੍ਰੀਏ!।ਜੋਬਨਿ ਬਾਲੀ–ਹੇ ਜਵਾਨੀ ਵਾਲੀ ਬਾਲੜੀਏ!।ਕਹੀ–ਕਿਸੇ ਹੋ ਥਾਂ ਤੇ।ਸਹ ਨਾਲੀ–ਪਤੀ ਪ੍ਰਭੂ ਨਾਲ।ਨਾਹ ਸੰਗਿ–ਪਤੀ ਦੇ ਨਾਲ।ਭਾਵਏ–ਚੰਗੀ ਲਗਦੀ ਹੈ।ਅਗਾਧਿ ਬੋਧਿ–(ਜਿਸ ਦਾ) ਗਿਆਨ ਅਥਾਹ ਹੈ।ਅਕਥੁ–ਜਿਸ ਪ੍ਰਭੂ ਨੂੰ ਪੂਰਨ ਤੌਰ ਤੇ ਕਥਨ ਨਹੀਂ ਕੀਤਾ ਜਾ ਸਦਾ।ਕਥੀਐ–ਕਥਨ ਕਰੀਦਾ ਹੈ।ਸਹਜਿ–ਸੁਤੇ ਸਿਧ।ਗਾਵਏ–ਗਾਈਦੇ ਹਨ।ਰਸਾਲ–ਰਸਾਂ ਦਾ ਘਰ।ਰਸੀਆ–ਰਸ ਮਾਨਣ ਵਾਲਾ।ਰਵੈ–ਭੋਗਦਾ ਹੈ; ਅਨੰਦ ਬਖਸ਼ਦਾ ਹੈ।ਸਾਚਿ–ਸੱਚੇ ਨਾਮ ਵਿਚ ਜੁੜੀਆਂ ਨੂੰ।ਪਿਆਰੀਆ–ਪਿਆਰ ਕਰਨ ਵਾਲੀਆਂ ਨੂੰ।ਗੁਰਿ–ਗੁਰੂ ਨੇ।ਦਾਨ ਕੀਆ–ਦਾਨ ਦੇਣਾ ਕੀਤਾ।ਵੀਚਾਰੀਆ–ਵਿਚਾਰਵਾਨ।੨।

ਸ੍ਰੀਧਰ ਮੋਹਿਅੜੀ, ਪਿਰ ਸੰਗਿ ਸੂਤੀ ਰਾਮ ॥ ਗੁਰ ਕੈ ਭਾਇ ਚਲੋ, ਸਾਚਿ ਸੰਗੂਤੀ ਰਾਮ ॥ ਧਨ ਸਾਚਿ ਸੰਗੂਤੀ ਹਰਿ ਸੰਗਿ ਸੂਤੀ, ਸੰਗਿ ਸਖੀ ਸਹੇਲੀਆ ॥ ਇਕ ਭਾਇ ਇਕ ਮਨਿ ਨਾਮੁ ਵਸਿਆ, ਸਤਿਗੁਰੂ ਹਮ ਮੇਲੀਆ ॥ ਦਿਨੁ ਰੈਣਿ ਘੜੀ ਨ ਚਸਾ ਵਿਸਰੈ, ਸਾਸਿ ਸਾਸਿ ਨਿਰੰਜਨੋ ॥ ਸਬਦਿ ਜੋਤਿ ਜਗਾਇ ਦੀਪਕੁ ,ਨਾਨਕ ਭਉ ਭੰਜਨੋ ॥੩॥ ਜੋਤਿ ਸਬਾਇੜੀਏ, ਤ੍ਰਿਭਵਣ ਸਾਰੇ ਰਾਮ ॥ ਘਟਿ ਘਟਿ ਰਵਿ ਰਹਿਆ, ਅਲਖ ਅਪਾਰੇ ਰਾਮ ॥ ਅਲਖ ਅਪਾਰ ਅਪਾਰੁ ਸਾਚਾ, ਆਪੁ ਮਾਰਿ ਮਿਲਾਈਐ ॥ ਹਉਮੈ ਮਮਤਾ ਲੋਭੁ ਜਾਲਹੁ ,ਸਬਦਿ ਮੈਲੁ ਚੁਕਾਈਐ ॥ ਦਰਿ ਜਾਇ ਦਰਸਨੁ ਕਰੀ ਭਾਣੈ, ਤਾਰਿ ਤਾਰਣਹਾਰਿਆ ॥ ਹਰਿ ਨਾਮੁ ਅੰਮ੍ਰਿਤੁ ਚਾਖਿ ਤ੍ਰਿਪਤੀ, ਨਾਨਕਾ ਉਰ ਧਾਰਿਆ ॥੪॥੧॥ ਹੇ ਭਾਈ! (ਜਿਸ ਜੀਵ ਇਸਤ੍ਰੀ ਨੂੰ) ਪ੍ਰਮਾਤਮਾ ਨੇ ਮੋਹ ਲਿਆ ਹੈ, ਉਹ ਪਤੀ ਪ੍ਰਭੂ ਨਾਲ ਸੁੱਤੀ ਹੈ (ਮਿਲਾਪ ਦਾ ਅਨੰਦ ਮਾਣਦੀ ਹੈ।ਉਹ) ਸੱਚੇ ਪ੍ਰਭੂ ਨਾਲ ਰਚੀ ਹੋਈ (ਹੋਰਨਾਂ ਨੂੰ ਵੀ ਸਿਖਿਆ ਦੇਂਦੀ ਕਿ) ਗੁਰੂ ਦੇ ਭਾਣੇ ਅਨੁਸਾਰ ਚੱਲੋ।ਸਖੀਆਂ ਸਹੇਲੀਆਂ (ਗੁਰਮੁਖਾਂ) ਦੀ ਸੰਗਤ ਕਰਕੇ ਉਹ ਜੀਵ ਇਸਤ੍ਰੀ ਸੱਚੇ ਪ੍ਰਭੂ ਵਿਚ ਜੁੜੀ ਹੋਈ ਪ੍ਰਭੂ ਨਾਲ ਸੁੱਤੀ (ਮਿਲਾਪ ਦਾ ਅਨੰਦ ਮਾਣਦੀ) ਹੈ।(ਉਹ ਦਸਦੀ ਹੈ ਕਿ ਹੇ ਸਖੀਓ!) ਇਕ ਹਰੀ ਦੇ ਪ੍ਰੇਮ ਵਿਚ ਇਕਾਗਰ ਚਿਤ ਹੋਣ ਕਰਕੇ ਮੇਰੇ ਮਨ ਵਿਚ ਨਾਮ ਵਸਿਆ ਹੈ, (ਪਰ) ਮੈਨੂੰ ਸਤਿਗੁਰੂ ਨੇ ਪ੍ਰਭੂ ਨਾਲ ਮੇਲਿਆ ਹੈ।(ਹੁਣ ਮੈਨੂੰ) ਦਿਨ ਰਾਤ, ਇਕ ਘੜੀ, ਇਕ ਚਸਾ ਭਰ ਵੀ ਮਾਇਆ ਤੋਂ ਨਿਰਲੇਪ ਪ੍ਰਭੂ ਭੁਲਦਾ ਨਹੀਂ, ਮੈਂ (ਉਸ ਨੂੰ) ਹਰੇਕ ਸੁਆਸ ਨਾਲ ਜਪਦੀ ਰਹਿੰਦੀ ਹਾਂ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਇਸ ਤਰ੍ਹਾਂ ਜੀਵ ਇਸਤ੍ਰੀ ਨੇ ਅਪਣੇ ਅੰਦਰ ਗੁਰੂ ਦੇ) ਸ਼ਬਦ ਦੁਆਰਾ ਪ੍ਰਭੂ ਦੀ ਜੋਤ ਵਾਲਾ ਦੀਵਾ ਜਲਾ ਕੇ (ਸਭ ਕਿਸਮ ਦਾ) ਡਰ ਨਾਸ਼ ਕਰ ਲਿਆ ਹੈ।੩।ਹੇ ਸਖੀਏ! ਪ੍ਰਭੂ ਦੀ ਜੋਤ ਸਭ ਥਾਵਾਂ ਵਿਚ ਵਿਆਪਕ ਹੈ ਅਤੇ ਉਹ ਤਿੰਨਾਂ ਭਵਨਾਂ ਦੀ ਸੰਭਾਲ ਕਰਦਾ ਹੈ।ਉਹ ਹਰੇਕ ਜੀਵ ਦੇ ਹਿਰਦੇ ਅੰਦਰ ਵਿਆਪਕ ਹੋ ਰਿਹਾ ਹੈ, (ਉਹ ਪੂਰਨ ਤੌਰ ਤੇ) ਨਾ ਜਾਣਿਆ ਜਾਣ ਵਾਲਾ ਅਤੇ ਬੇਅੰਤ ਪ੍ਰਭੂ ਹੈ (ਪਾਰਾਵਾਰ ਤੋਂ ਰਹਿਤ ਹੈ)।ਸੱਚਾ ਪ੍ਰਭੂ ਅਲੱਖ ਤੇ ਅਪਾਰ ਹੈ, ਆਪਾ ਭਾਵ ਮਾਰ ਕੇ ਉਸ ਨੂੰ ਮਿਲ ਜਾਈਦਾ ਹੈ।ਹੇ ਸਖੀਓ! ਹਉਮੈ, ਮਮਤਾ ਤੇ ਲੋਭ ਜਲਾ ਦਿਓ, (ਪਰ ਇਹ) ਮੈਲ ਗੁਰੂ ਦੇ ਸ਼ਬਦ ਦੁਆਰਾ ਦੂਰ ਕੀਤੀ ਜਾਂਦੀ ਹੈ।ਹੇ ਸਖੀ! ਭਾਣੇ ਵਿਚ ਰਹਿ ਕੇ (ਇਉਂ ਅਰਦਾਸ ਕਰ ਕਿ) ਹੇ ਤਾਰਨਹਾਰ ਪ੍ਰਭੂ! (ਮੈਨੂੰ ਸੰਸਾਰ ਸਮੁੰਦਰ ਤੋਂ) ਤਾਰ ਲੈ, (ਇਉਂ ਤੂੰ) ਉਸ ਦੇ ਦਰ ਤੇ ਜਾ ਕੇ ਉਸ ਦਾ ਦਰਸ਼ਨ ਕਰ ਲਵੀਂ।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ (ਉਸ ਜੀਵ ਇਸਤ੍ਰੀ ਨੇ ਹਰੀ ਦਾ ਨਾਮ) ਹਿਰਦੇ ਵਿਚ ਧਾਰਨ ਕਰ ਲਿਆ ਹੈ ਅਤੇ ਉਹ ਹਰੀ ਦਾ ਨਾਮ ਰੂਪ ਅੰਮ੍ਰਿਤ ਚੱਖ ਕੇ ਰੱਜ ਗਈ ਹੈ (ਹੁਣ ਕਿਸੇ ਚੀਜ ਦੀ ਭੁੱਖ ਨਹੀਂ ਰਹੀ)।੧੦।੧।

ਪਦਾਰਥ = ਸ੍ਰੀਧਰ–ਲੱਛਮੀ ਦਾ ਆਸਰਾ ਵਿਸ਼ਨੂੰ (ਪ੍ਰਮਾਤਮਾ)।ਮੋਹਿਅੜੀ–ਮੋਹ ਲਿਆ ਹੈ।ਪਿਰ ਸੰਗਿ–ਪਤੀ ਪ੍ਰਭੂ ਨਾਲ।ਸੂਤੀ –ਸੁੱਤੀ (ਮਿਲਾਪ ਦਾ ਅਨੰਦ ਮਾਣਦੀ) ਹੈ।ਰਾਮ–ਹੇ ਭਾਈ!।ਕੈ–ਦੇ।ਭਾਇ–ਭਾਣੇ (ਆਗਿਆ) ਅਨੁਸਾਰ।ਚਲੋ–ਤੁਰੋ।ਸਾਚਿ–ਸੱਚੇ ਪ੍ਰਭੂ ਵਿਚ।ਸੰਗੂਤੀ–ਰਚੀ (ਜੁੜੀ) ਹੋਈ।ਧਨ–ਜੀਵ ਇਸਤ੍ਰੀ।ਸੰਗਿ ਸਖੀ–ਸਖੀਆਂ (ਗੁਰਮੁਖਾਂ) ਦੀ ਸੰਗਤ ਕਰਕੇ।ਇਕ ਭਾਇ–ਇਕ ਪ੍ਰਭੂ ਦੇ ਪ੍ਰੇਮ ਵਿਚ।ਇਕ ਮਨਿ–ਇਕਾਗਰ ਮਨ ਹੋਣ ਕਰਕੇ।ਹਮ–ਮੈਨੂੰ।ਰੈਣਿ–ਰਾਤ।ਚਸਾ–ਬਹੁਤ ਥੋੜਾ ਸਮਾਂ।ਨ

ਵਿਸਰੈ–ਭੁਲਦਾ ਨਹੀਂ। ਸਾਸਿ ਸਾਸਿ–ਹਰੇਕ ਸੁਆਸ ਨਾਲ। ਨਿਰੰਜਨੋ–ਮਾਇਆ ਤੋਂ ਨਿਰਲੇਪ ਪ੍ਰਭੂ। ਸਬਦਿ–ਗੁਰੂ ਦੇ ਸ਼ਬਦ ਰਾਹੀਂ। ਜਗਾਇ–ਜਲਾ ਕੇ। ਦੀਪਕੁ–ਦੀਵਾ। ਭਉ ਭੰਜਨੋ–ਡਰ ਨਾਸ਼ ਕਰ ਲਿਆ। ੩। ਜੋਤਿ–ਪ੍ਰਭੂ ਦੀ ਚੇਤਨ ਸੱਤਾ। ਸਬਾਇੜੀਏ (ਸਬਾਇ+ਅੜੀਏ) ਸਬਾਇ–ਸਭ ਥਾਂ। ਅੜੀਏ–ਹੇ ਸਖੀਏ!। ਤ੍ਰਿਭਵਣ–ਤਿੰਨਾਂ ਭਵਨਾਂ (ਸਾਰੇ ਬ੍ਰਹਮੰਡ) ਵਿਚ। ਸਾਰੇ–ਸੰਭਾਲ ਕਰਦਾ ਹੈ। ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਅੰਦਰ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਅਲਖ (ਅਲੱਖ ਪੜ੍ਹੋ)–ਪੂਰਨ ਤੌਰ ਤੇ ਨਾ ਜਾਣਿਆ ਜਾਣ ਵਾਲਾ ਪ੍ਰਭੂ। ਅਪਾਰ–ਪਾਰ ਰਹਿਤ (ਬੇਅੰਤ)। ਆਪੁ–ਆਪਾ ਭਾਵ। ਮਾਰਿ–ਮਾਰ ਕੇ। ਮਮਤਾ–ਮੇਰਾ ਪਣ (ਅਪਣੱਤ)। ਜਾਲਹੁ–ਜਲਾ ਦਿਓ। ਸਬਦਿ–ਗੁਰੂ ਦੇ ਸ਼ਬਦ ਰਾਹੀਂ। ਚੁਕਾਈਐ–ਦੂਰ ਕੀਤੀ ਜਾਂਦੀ ਹੈ। ਦਰਿ–ਦਰ ਉਤੇ। ਜਾਇ–ਜਾ ਕੇ। ਕਰੀ–ਕਰ ਲਈਂ। ਭਾਣੈ–ਭਾਣੇ ਵਿਚ। ਤਾਰਿ–ਤਾਰ ਲੈ। ਤਾਰਣਹਾਰਿਆ–ਹੇ ਤਾਰਨਹਾਰ ਪ੍ਰਭੂ!। ਚਾਖਿ–ਚੱਖ ਕੇ। ਤ੍ਰਿਪਤੀ–ਰੱਜ ਗਈ ਹੈ। ਉਰਧਾਰਿਆ–ਹਿਰਦੇ ਵਿਚ ਵਸਾ ਲਿਆ। ੧੦। ੧।

ਬਿਲਾਵਲੁ ਮਹਲਾ ੧ ॥ ਮੈ ਮਨਿ ਚਾਉ ਘਣਾ, ਸਾਚਿ ਵਿਗਾਸੀ ਰਾਮ ॥ ਮੋਹੀ ਪ੍ਰੇਮ ਪਿਰੇ, ਪ੍ਰਭਿ ਅਬਿਨਾਸੀ ਰਾਮ ॥ ਅਵਿਗਤੋ ਹਰਿ ਨਾਥੁ ਨਾਥਹ, ਤਿਸੈ ਭਾਵੈ ਸੋ ਥੀਐ ॥ ਕਿਰਪਾਲੁ ਸਦਾ ਦਇਆਲੁ ਦਾਤਾ, ਜੀਆ ਅੰਦਰਿ ਤੂੰ ਜੀਐ ॥ ਮੈ ਅਵਰੁ ਗਿਆਨੁ ਨ ਧਿਆਨੁ ਪੂਜਾ, ਹਰਿ ਨਾਮੁ ਅੰਤਰਿ ਵਸਿ ਰਹੇ ॥ ਭੇਖ ਭਵਨੀ ਹਠੁ ਨ ਜਾਨਾ, ਨਾਨਕਾ ਸਚੁ ਗਹਿ ਰਹੇ ॥੧॥ (ਹੇ ਸਖੀ!) ਮੇਰੇ ਮਨ ਵਿਚ ਬਹੁਤ ਚਾਉ ਹੈ ਅਤੇ ਮੈਂ ਸੱਚੇ ਨਾਮ ਸਿਮਰਨ ਦੁਆਰਾ ਖਿੜ ਗਈ ਹਾਂ। ਨਾਸ਼ ਰਹਿਤ ਪਤੀ ਪ੍ਰਭੂ ਨੇ ਪ੍ਰੇਮ ਨਾਲ ਮੈਨੂੰ ਮੋਹ ਲਿਆ ਹੈ। ਉਹ ਅਕਾਰ ਰਹਿਤ ਪ੍ਰਭੂ (ਜੋਗੀਆਂ ਦੇ ਵੱਡੇ ਵੱਡੇ) ਨਾਥਾਂ ਦਾ ਨਾਥ ਹੈ, (ਸੰਸਾਰ ਵਿਚ) ਉਹ ਹੁੰਦਾ ਹੈ, ਜੋ ਉਸ ਨੂੰ ਚੰਗਾ ਲਗਦਾ ਹੈ। ਹੇ ਪ੍ਰਭੂ! ਤੂੰ ਕ੍ਰਿਪਾ ਦਾ ਘਰ ਹੈਂ, ਸਦਾ ਦਇਆ ਕਰਨ ਵਾਲਾ ਹੈਂ, ਦਾਤਾਂ ਦੇਣ ਵਾਲਾ ਹੈਂ ਅਤੇ ਸਾਰੇ ਜੀਵਾਂ ਦੇ ਅੰਦਰ ਜੀਵਨ ਤੂੰ ਹੀ ਹੈਂ। ਹੇ ਸਖੀਓ! (ਪ੍ਰਭੂ ਤੋਂ ਬਿਨਾ) ਮੈਨੂੰ ਹੋਰ ਕਿਸੇ ਗਿਆਨ, ਧਿਆਨ ਤੇ ਮੂਰਤੀ ਪੂਜਾ ਦੀ ਲੋੜ ਨਹੀਂ, (ਕਿਉਂਕਿ) ਮੇਰੇ ਅੰਦਰ ਹਰੀ ਦਾ ਨਾਮ ਵਸ ਰਿਹਾ ਹੈ (ਪ੍ਰਮਾਤਮਾ ਦਾ ਨਾਮ ਹੀ ਮੇਰਾ ਗਿਆਨ, ਧਿਆਨ ਤੇ ਪੂਜਾ ਹੈ)। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਮੈਂ (ਦਿਖਾਵੇ ਦਾ) ਭੇਖ, ਤੀਰਥਾਂ ਤੇ ਫਿਰਨਾ ਅਤੇ ਹਠ ਯੋਗ ਵੀ ਨਹੀਂ ਜਾਣਦਾ, (ਕਿਉਂਕਿ ਮੈਂ ਹਿਰਦੇ ਵਿਚ) ਸੱਚੇ ਪ੍ਰਭੂ ਨੂੰ ਪਕੜ ਰੱਖਿਆ ਹੈ। ੧।

ਅੰਗ ੮੪੪ = ਭਿੰਨੜੀ ਰੈਣਿ ਭਲੀ, ਦਿਨਸੁ ਸੁਹਾਏ ਰਾਮ ॥ ਨਿਜ ਘਰਿ ਸੂਤੜੀਏ, ਪਿਰਮੁ ਜਗਾਏ ਰਾਮ ॥ ਨਵਹਾਣਿ ਨਵ ਧਨ ਸਬਦਿ ਜਾਗੀ, ਆਪਣੇ ਪਿਰ ਭਾਣੀਆ ॥ ਤਜਿ ਕੂੜੁ ਕਪਟੁ ਸੁਭਾਉ ਦੂਜਾ, ਚਾਕਰੀ ਲੋਕਾਣੀਆ ॥ ਮੈ ਨਾਮੁ ਹਰਿ ਕਾ ਹਾਰੁ ਕੰਠੇ, ਸਾਚੁ ਸਬਦੁ ਨੀਸਾਣਿਆ ॥ ਕਰ ਜੋੜਿ ਨਾਨਕੁ ਸਾਚੁ ਮਾਗੈ, ਨਦਰਿ ਕਰਿ ਤੁਧੁ ਭਾਣਿਆ ॥੨॥(ਹੇ ਸਖੀ!) ਮੇਰੀ ਜੀਵਨ ਰੂਪ ਰਾਤ ਨਾਮ ਰਸ ਨਾਲ ਭਿੱਜੀ ਹੋਈ ਤੇ ਭਲੀ ਹੈ ਅਤੇ ਦਿਨ ਵੀ ਸੋਹਣੇ (ਸੁਖਦਾਈ) ਹਨ (ਪਤੀ ਨੇ ਮੈਨੂੰ ਗਿਆਨ ਅਵਸਥਾ ਵਿਚ ਜਗਾ ਦਿਤਾ ਹੈ)। ਹੇ ਅਪਣੇ ਸਰੀਰ ਘਰ ਵਿਚ ਸੁੱਤੀ ਪਈ ਸਹੇਲੀਏ! ਤੈਨੂੰ ਵੀ ਪਤੀ ਦਾ ਪਿਆਰ ਜਗਾ ਦੇਵੇ (ਜਿਵੇਂ ਮੈਨੂੰ ਜਗਾਇਆ ਹੈ)। ਮੈਂ ਨਵੇਂ ਹਾਣ ਵਾਲੇ ਪਤੀ ਦੀ ਨੌਂ ਜਵਾਨ ਇਸਤ੍ਰੀ ਗੁਰੂ ਦੇ ਸ਼ਬਦ ਵਿਚ ਜੁੜ ਕੇ (ਗਿਆਨ ਅਵਸਥਾ ਵਿਚ) ਜਾਗੀ ਹਾਂ ਅਤੇ ਅਪਣੇ ਪਤੀ ਨੂੰ ਪਿਆਰੀ ਲੱਗਦੀ ਹਾਂ। ਕੂੜ ਕਪਟ ਤੇ ਦ੍ਵੈਤ ਵਾਲਾ ਸੁਭਾਉ ਛਡ ਕੇ ਲੋਕਾਂ ਦੀ ਚਾਕਰੀ ਕਰਨੀ ਵੀ ਛਡ ਦਿਤੀ। ਮੈਂ ਹਰੀ ਦਾ ਨਾਮ ਅਪਣੇ ਗਲੇ ਵਿਚ ਹਾਰ ਪਾਇਆ ਹੈ, ਸੱਚਾ ਸ਼ਬਦ (ਮੇਰੇ ਅੰਦਰ) ਪ੍ਰਗਟ ਹੋਇਆ ਹੈ। ਨਾਨਕ ਦੋਵੇਂ ਹੱਥ ਜੋੜ ਕੇ ਸੱਚਾ ਨਾਮ ਮੰਗਦਾ ਹੈ ਅਤੇ ਬੇਨਤੀ ਕਰਦਾ ਹੈ ਕਿ ਹੇ ਪ੍ਰਭੂ! ਜੇ ਤੈਨੂੰ ਚੰਗਾ ਲੱਗੇ, ਤਾਂ ਮੇਰੇ ਉਤੇ ਮੇਹਰ ਦੀ ਨਜਰ ਕਰ (ਮੈਨੂੰ ਨਾਮ ਦੀ ਦਾਤ ਬਖਸ਼ ਦੇ)। ੨।

ਪਦਾਰਥ = ਮੈ ਮਨਿ–ਮੇਰੇ ਮਨ ਵਿਚ। ਚਾਉ–ਉਤਸ਼ਾਹ; ਅਨੰਦ ਦੀ ਲਹਿਰ। ਘਣਾ–ਬਹੁਤ। ਸਾਚਿ–ਸੱਚੇ ਨਾਮ ਰਾਹੀਂ। ਵਿਗਾਸੀ –ਖਿੜ ਗਈ ਹਾਂ। ਮੋਹੀ–ਮੋਹ ਲਿਆ। ਪਿਰੇ ਪ੍ਰਭਿ–ਪਤੀ ਪ੍ਰਭੂ ਨੇ। ਅਬਿਨਾਸੀ–ਨਾਸ਼ ਰਹਿਤ। ਅਵਿਗਤੋ–ਅਕਾਰ ਰਹਿਤ ਪ੍ਰਭੂ। ਨਾਥੁ ਨਾਥਹ–ਨਾਥਾਂ ਦਾ ਨਾਥ। ਤਿਸੈ–ਉਸ ਨੂੰ। ਭਾਵੈ–ਚੰਗਾ ਲਗਦਾ ਹੈ। ਸੋ ਥੀਐ–ਉਹ ਹੁੰਦਾ ਹੈ। ਜੀਆ ਅੰਦਰਿ–ਜੀਵਾਂ ਦੇ ਅੰਦਰ। ਜੀਐ–ਜੀਵਨ। ਅਵਰੁ–ਹੋਰ। ਅੰਤਰਿ–ਹਿਰਦੇ ਅੰਦਰ। ਭਵਨੀ–(ਤੀਰਥ ਤੇ) ਫਿਰਨਾ। ਹਠ–ਹਠ ਯੋਗ। ਸਚੁ–ਸੱਚੇ ਪ੍ਰਭੂ ਨੂੰ। ਗਹਿ ਰਹੇ–ਪਖੜ ਰੱਖਿਆ ਹੈ। ੧। ਭਿੰਨੜੀ–(ਨਾਮ ਰਸ ਨਾਲ) ਭਿੱਜੀ ਹੋਈ। ਭਲੀ–ਚੰਗੀ। ਸੁਹਾਏ–ਸੁਹਾਵਣੇ (ਸੁਖਦਾਈ) । ਨਿਜ ਘਰਿ–ਅਪਣੇ ਸਰੀਰ ਘਰ ਵਿਚ; ਅਪਣੇ ਆਪ ਵਿਚ। ਸੂਤੜੀਏ–ਹੇ ਸੁੱਤੀ ਪਈ ਸਹੇਲੀਏ!। ਪਿਰਮੁ–(ਪਤੀ ਦਾ) ਪ੍ਰੇਮ। ਜਗਾਏ–ਜਗਾ ਦੇਵੇ। ਨਵਹਾਣਿ–ਨਵੇਂ ਹਾਣ ਵਾਲੇ (ਮੇਰੇ ਹਾਣ ਦਾ ਨੌਜਵਾਨ ਪਤੀ)। ਨਵ ਧਨ–ਨੌਂ ਜਵਾਨ ਇਸਤ੍ਰੀ। ਸਬਦਿ–

ਗੁਰੂ ਦੇ ਸ਼ਬਦ ਵਿਚ ਜੁੜ ਕੇ। ਜਾਗੀ–ਜਾਗ ਪਈ ਹਾਂ। ਪਿਰ ਭਾਣੀਆ–ਪਤੀ ਨੂੰ ਪਿਆਰੀ ਲੱਗਦੀ ਹਾਂ। ਤਜਿ–ਛਡ ਕੇ। ਸੁਭਾਉ ਦੂਜਾ–ਹਰੀ ਨੂੰ ਛਡ ਕੇ ਦੂਜਿਆਂ ਨਾਲ ਪਿਆਰ ਪਾਈ ਰੱਖਣ ਵਾਲਾ ਸੁਭਾਉ। ਚਾਕਰੀ–ਨੌਕਰੀ (ਮੁਥਾਜੀ)। ਲੋਕਾਣੀਆ–ਲੋਕਾਂ ਦੀ। ਕੰਠੇ–ਗਲੇ ਵਿਚ। ਨੀਸਾਣਿਆ–ਪ੍ਰਗਟ ਹੋਇਆ ਹੈ। ਕਰ ਜੋੜਿ–ਦੋਵੇਂ ਹੱਥ ਜੋੜ ਕੇ। ਸਾਚੁ–ਸੱਚਾ ਨਾਮ। ਮਾਗੈ–ਮੰਗਦਾ ਹੈ। ਨਦਰਿ ਕਰਿ–ਮੇਹਰ ਦੀ ਨਜ਼ਰ ਕਰ। ਤੁਧੁ ਭਾਣਿਆ–ਜੇ ਤੈਨੂੰ ਚੰਗਾ ਲੱਗੇ।੨।

ਜਾਗੁ ਸਲੋਨੜੀਏ, ਬੋਲੈ ਗੁਰਬਾਣੀ ਰਾਮ ॥ ਜਿਨਿ ਸੁਣਿ ਮੰਨਿਅੜੀ, ਅਕਥ ਕਹਾਣੀ ਰਾਮ ॥ ਅਕਥ ਕਹਾਣੀ ਪਦੁ ਨਿਰਬਾਣੀ, ਕੋ ਵਿਰਲਾ ਗੁਰਮੁਖਿ ਬੂਝਏ ॥ ਓਹੁ ਸਬਦਿ ਸਮਾਏ ਆਪੁ ਗਵਾਏ, ਤ੍ਰਿਭਵਣ ਸੋਝੀ ਸੂਝਏ ॥ ਰਹੈ ਅਤੀਤੁ ਅਪਰੰਪਰਿ ਰਾਤਾ, ਸਾਚੁ ਮਨਿ ਗੁਣ ਸਾਰਿਆ ॥ ਓਹੁ ਪੂਰਿ ਰਹਿਆ ਸਰਬ ਠਾਈ, ਨਾਨਕਾ ਉਰਿ ਧਾਰਿਆ ॥੩॥ ਮਹਲਿ ਬੁਲਾਇੜੀਏ, ਭਗਤਿ ਸਨੇਹੀ ਰਾਮ ॥ ਗੁਰਮਤਿ ਮਨਿ ਰਹਸੀ, ਸੀਝਸਿ ਦੇਹੀ ਰਾਮ ॥ ਮਨੁ ਮਾਰਿ ਰੀਝੈ ਸਬਦਿ ਸੀਝੈ, ਤ੍ਰੈ ਲੋਕ ਨਾਥੁ ਪਛਾਣਏ ॥ ਮਨੁ ਡੀਗਿ ਡੋਲਿ ਨ ਜਾਇ ਕਤ ਹੀ, ਆਪਣਾ ਪਿਰੁ ਜਾਣਏ ॥ ਮੈ ਆਧਾਰੁ ਤੇਰਾ ਤੂ ਖਸਮੁ ਮੇਰਾ, ਮੈ ਤਾਣੁ ਤਕੀਆ ਤੇਰਓ ॥ ਸਾਚਿ ਸੂਚਾ ਸਦਾ ਨਾਨਕ, ਗੁਰ ਸਬਦਿ ਝਗਰੁ ਨਿਬੇਰਓ ॥੪॥੨॥ ਗੁਰੂ ਦੀ ਬਾਣੀ ਬੋਲਦੀ (ਉਪਦੇਸ਼ ਦੇਂਦੀ) ਹੈ ਕਿ ਹੇ ਸੁੰਦਰ ਅੱਖਾਂ ਵਾਲੀ ਜੀਵ ਇਸਤ੍ਰੀਏ! ਤੂੰ (ਅਗਿਆਨਤਾ ਦੀ ਨੀਂਦ ਵਿਚੋਂ) ਜਾਗ ਪਉ। ਜਿਸ ਜੀਵ ਇਸਤ੍ਰੀ ਨੇ (ਇਹ ਬਾਣੀ) ਸੁਣ ਕੇ ਮੰਨ ਲਈ ਹੈ (ਹਿਰਦੇ ਵਿਚ ਵਸਾਈ ਹੈ, ਉਹ) ਅਕੱਥ ਪ੍ਰਭੂ ਦੀ ਕਥਾ (ਜਸ) ਕਰਨ ਲਗ ਜਾਂਦੀ ਹੈ। (ਗੁਰਬਾਣੀ ਪ੍ਰਭੂ ਦੀ) ਅਕੱਥ ਕਥਾ ਹੈ, (ਗੁਰਬਾਣੀ ਅਨੁਸਾਰ ਜੀਵਨ ਗੁਜ਼ਾਰਨ ਨਾਲ) ਮੋਖ ਪਦਵੀ ਪ੍ਰਾਪਤ ਹੁੰਦੀ ਹੈ, (ਪਰ ਇਸ ਨੂੰ) ਗੁਰੂ ਦੀ ਸ਼ਰਨ ਪੈ ਕੇ ਕੋਈ ਵਿਰਲਾ ਮਨੁੱਖ ਹੀ ਸਮਝਦਾ ਹੈ। ਉਹ ਮਨੁੱਖ (ਗੁਰੂ ਦੇ) ਸ਼ਬਦ ਵਿਚ ਲੀਨ ਹੁੰਦਾ ਹੈ ਅਤੇ ਆਪਾ ਭਾਵ ਗੁਆ ਦੇਂਦਾ ਹੈ ਅਤੇ (ਉਸ ਨੂੰ) ਤਿੰਨਾਂ ਭਵਨਾਂ ਦਾ ਗਿਆਨ ਸੁੱਝ ਪੈਂਦਾ ਹੈ। ਉਹ (ਮਾਇਆ ਦੇ ਮੋਹ ਤੋਂ) ਨਿਰਲੇਪ ਰਹਿੰਦਾ ਹੈ, ਬੇਅੰਤ ਪ੍ਰਭੂ ਦੇ ਪ੍ਰੇਮ ਵਿਚ ਮਗਨ ਰਹਿੰਦਾ ਹੈ ਅਤੇ (ਅਪਣੇ) ਮਨ ਵਿਚ ਸੱਚੇ ਹਰੀ ਦੇ ਗੁਣ ਸੰਭਾਲਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪ੍ਰਭੂ ਸਭ ਥਾਵਾਂ ਤੇ ਪੂਰਨ ਹੋ ਰਿਹਾ ਹੈ, (ਜਿਸ ਨੂੰ ਉਸ ਮਨੁੱਖ ਨੇ ਅਪਣੇ) ਹਿਰਦੇ ਵਿਚ ਟਿਕਾ ਲਿਆ ਹੈ।੩। (ਜਗਿਆਸੂ ਇਸਤ੍ਰੀ ਪੁੱਛਦੀ ਹੈ ਕਿ) ਹੇ ਭਗਤੀ ਨਾਲ ਪਿਆਰ ਕਰਨ ਵਾਲੀ ਅਤੇ ਪ੍ਰਭੂ ਦੇ ਮਹਿਲ ਵਿਚ ਬੁਲਾਈ ਜੀਵ ਇਸਤ੍ਰੀਏ! (ਸਾਨੂੰ ਵੀ ਕੁਛ ਦੱਸ। ਤਾਂ ਪ੍ਰਭੂ ਨਾਲ ਜੁੜੀ ਇਸਤ੍ਰੀ ਦਸਦੀ ਹੈ ਕਿ) ਗੁਰਮਤ ਦੁਆਰਾ ਮਨ ਵਿਚ ਅਨੰਦ ਬਣਿਆ ਰਹਿੰਦਾ ਹੈ ਅਤੇ ਸਰੀਰ (ਜੀਵਨ) ਸਫਲ ਹੋ ਜਾਂਦਾ ਹੈ। (ਜੋ ਜੀਵ ਇਸਤ੍ਰੀ) ਮਨ ਨੂੰ ਮਾਰ ਕੇ ਅਨੰਦ ਪ੍ਰਾਪਤ ਕਰਦੀ ਹੈ, ਉਹ ਗੁਰੂ ਦੇ ਸ਼ਬਦ ਦੁਆਰਾ ਸਫਲ ਹੁੰਦੀ ਹੈ ਅਤੇ ਤ੍ਰਿਲੋਕੀ ਦੇ ਮਾਲਕ ਨੂੰ ਪਛਾਣਦੀ ਹੈ। (ਉਸ ਦਾ) ਮਨ ਡਿਗਦਾ ਤੇ ਡੋਲਦਾ ਨਹੀਂ ਅਤੇ ਨਾ ਹੀ ਕਿਤੇ ਜਾਂਦਾ ਹੈ, (ਕਿਉਂਕਿ ਉਸ ਨੇ) ਅਪਣੇ ਪਤੀ ਪ੍ਰਭੂ ਨੂੰ ਜਾਣ ਲਿਆ ਹੈ। (ਉਹ ਇਉਂ ਕਹਿੰਦੀ ਹੈ ਕਿ ਹੇ ਪ੍ਰਭੂ! ਇਸ ਲੋਕ ਵਿਚ) ਮੈਨੂੰ ਤੇਰਾ ਹੀ ਆਸਰਾ ਹੈ, ਤੂੰ ਹੀ ਮੇਰਾ ਮਾਲਕ ਹੈਂ, ਮੇਰੇ ਅੰਦਰ ਤੇਰਾ ਹੀ ਬਲ ਹੈ ਅਤੇ (ਪ੍ਰਲੋਕ ਵਿਚ ਵੀ) ਮੈਨੂੰ ਤੇਰਾ ਹੀ ਆਸਰਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ) ਸੱਚੇ ਨਾਮ ਵਿਚ ਜੁੜ ਕੇ ਸਦਾ ਸੁੱਚਾ ਹੁੰਦਾ ਹੈ, (ਉਸ ਨੇ) ਗੁਰੂ ਦੇ ਸ਼ਬਦ ਦੁਆਰਾ (ਅਪਣੇ ਜਨਮ ਮਰਨ ਦਾ) ਝਗੜਾ ਮੁਕਾ ਲਿਆ ਹੈ।੪।੨।

ਪਦਾਰਥ = ਜਾਗੁ–ਜਾਗ ਪਉ। ਸਲੋਨੜੀਏ–ਹੇ ਸੁੰਦਰ ਅੱਖਾਂ ਵਾਲੀ ਜੀਵ ਇਸਤ੍ਰੀਏ!। ਬੋਲੈ–ਬੋਲਦੀ (ਉਪਦੇਸ਼ ਦੇਂਦੀ) ਹੈ। ਜਿਨਿ–ਜਿਸ ਨੇ। ਸੁਣਿ–ਸੁਣ ਕੇ। ਮੰਨਿਅੜੀ–ਮੰਨ ਲਈ ਹੈ। ਅਕਥ (ਅਕੱਥ ਪੜ੍ਹੋ)–ਜਿਸ ਦਾ ਸਹੀ ਰੂਪ ਬਿਆਨ ਨਾ ਕੀਤਾ ਜਾ ਸਕੇ। ਕਹਾਣੀ–ਕਥਾ; ਜਸ। ਪਦੁ ਨਿਰਬਾਣੀ–ਮੋਖ ਪਦਵੀ। ਕੋ–ਕੋਈ। ਗੁਰਮੁਖਿ–ਗੁਰੂ ਦੀ ਸ਼ਰਨ ਪੈ ਕੇ। ਬੂਝਏ–ਸਮਝਦਾ ਹੈ। ਸਬਦਿ ਸਮਾਏ–ਸ਼ਬਦ ਵਿਚ ਲੀਨ ਹੁੰਦਾ ਹੈ। ਆਪੁ–ਆਪਾ ਭਾਵ। ਤ੍ਰਿਭਵਣ–ਤਿੰਨਾਂ ਭਵਨਾ ਦੀ। ਸੋਝੀ–ਗਿਆਨ। ਸੂਝਏ–ਸੁੱਝ ਪੈਂਦਾ ਹੈ। ਰਹੈ ਅਤੀਤੁ–ਨਿਰਲੇਪ ਰਹਿੰਦਾ ਹੈ। ਅਪਰੰਪਰਿ–ਪਰੇ ਤੋਂ ਪਰੇ ਪ੍ਰਭੂ। ਰਾਤਾ–ਮਗਨ। ਮਨਿ–ਮਨ ਵਿਚ। ਸਾਰਿਆ –ਸੰਭਾਲਦਾ ਹੈ। ਓਹੁ–ਉਹ ਪ੍ਰਭੂ। ਪੂਰਿ ਰਹਿਆ–ਪੂਰਨ (ਵਿਆਪਕ) ਹੋ ਰਿਹਾ ਹੈ। ਸਰਬ ਠਾਈ–ਸਭ ਥਾਵਾਂ ਤੇ। ਉਰਿ ਧਾਰਿਆ –ਹਿਰਦੇ ਵਿਚ ਟਿਕਾ ਲਿਆ।੩। ਮਹਲਿ–ਮਹਲ ਵਿਚ। ਬੁਲਾਇੜੀਏ–ਬੁਲਾਈ ਹੋਈ ਜੀਵ ਇਸਤ੍ਰੀਏ!। ਭਗਤਿ ਸਨੇਹੀ–ਭਗਤੀ ਨਾਲ ਪਿਆਰ ਕਰਨ ਵਾਲਾ। ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ। ਮਨਿ–ਮਨ ਵਿਚ। ਰਹਸੀ–ਅਨੰਦ। ਸੀਝਸਿ–ਸਫਲ ਹੁੰਦਾ ਹੈ। ਦੇਹੀ–ਸਰੀਰ (ਜੀਵਨ)। ਮਾਰਿ–ਮਾਰ ਕੇ। ਰੀਝੈ–ਅਨੰਦ। ਸਬਦਿ–ਸ਼ਬਦ ਰਾਹੀਂ। ਸੀਝੈ–ਸਫਲ ਹੁੰਦੀ ਹੈ। ਤ੍ਰੈਲੋਕ–ਤਿੰਨਾਂ ਲੋਕਾਂ (ਸਾਰੇ ਬ੍ਰਹਮੰਡ) ਦੇ। ਨਾਥੁ–ਮਾਲਕ ਨੂੰ। ਪਛਾਣਏ–ਪਛਾਣਦੀ ਹੈ। ਡੀਗਿ–ਡਿਗ ਕੇ। ਡੋਲਿ–ਡੋਲ ਕੇ। ਕਤ

ਹੀ–ਕਿਤੇ ਵੀ। ਪਿਰੁ ਜਾਣਏ–ਪਤੀ ਨੂੰ ਜਾਣਿਆ ਹੈ। ਆਧਾਰੁ–ਆਸਰਾ। ਖਸਮੁ–ਮਾਲਕ। ਤਾਣੁ–ਬਲ; ਤਾਕਤ। ਤਕੀਆ–ਆਸਰਾ। ਤੇਰਓ–ਤੇਰਾ ਹੀ। ਸਾਚਿ–ਸੱਚੇ ਨਾਮ ਵਿਚ। ਸੂਚਾ–ਸੁੱਚਾ (ਪਵਿਤ੍ਰ)। ਨਿਬੇਰਓ–ਮੁਕਾ ਲਿਆ ਹੈ।੪।੨।

ਛੰਤ ਬਿਲਾਵਲੁ ਮਹਲਾ ੪ ਮੰਗਲ ੴ ਸਤਿਗੁਰ ਪ੍ਰਸਾਦਿ ॥ ਮੇਰਾ ਹਰਿ ਪ੍ਰਭੁ ਸੇਜੈ ਆਇਆ, ਮਨੁ ਸੁਖਿ ਸਮਾਣਾ ਰਾਮ ॥ ਗੁਰਿ ਤੁਠੈ ਹਰਿ ਪ੍ਰਭੁ ਪਾਇਆ, ਰੰਗਿ ਰਲੀਆ ਮਾਣਾ ਰਾਮ ॥ ਵਡਭਾਗੀਆ ਸੋਹਾਗਣੀ, ਹਰਿ ਮਸਤਕਿ ਮਾਣਾ ਰਾਮ ॥ ਹਰਿ ਪ੍ਰਭੁ ਹਰਿ ਸੁਹਾਗੁ ਹੈ, ਨਾਨਕ ਮਨਿ ਭਾਣਾ ਰਾਮ ॥੧॥ ਨਿੰਮਾਣਿਆ ਹਰਿ ਮਾਣੁ ਹੈ, ਹਰਿ ਪ੍ਰਭੁ ਹਰਿ ਆਪੈ ਰਾਮ ॥ ਗੁਰ ਮੁਖਿ ਆਪੁ ਗਵਾਇਆ, ਨਿਤ ਹਰਿ ਹਰਿ ਜਾਪੈ ਰਾਮ ॥ ਮੇਰੇ ਹਰਿ ਪ੍ਰਭੁ ਭਾਵੈ ਸੋ ਕਰੈ, ਹਰਿ ਰੰਗਿ ਹਰਿ ਰਾਪੈ ਰਾਮ ॥ ਜਨੁ ਨਾਨਕੁ ਸਹਜਿ ਮਿਲਾਇਆ, ਹਰਿ ਰਸਿ ਹਰਿ ਧ੍ਰਾਪੈ ਰਾਮ ॥੨॥(ਇਨ੍ਹਾਂ ਛੰਤਾਂ ਵਿਚ ਹਰੀ ਨਾਲ ਮੇਲ ਹੋਣ ਦੀ ਖ਼ੁਸ਼ੀ ਦਾ ਵਰਨਣ ਹੈ)। ਹੇ ਭਾਈ! ਮੇਰਾ ਹਰੀ ਪ੍ਰਭੂ (ਮੇਰੇ ਹਿਰਦੇ ਦੀ) ਸੇਜ ਤੇ ਆਇਆ ਹੈ, (ਜਿਸ ਕਰਕੇ ਮੇਰਾ) ਮਨ ਸੁਖ ਵਿਚ ਸਮਾ ਗਿਆ ਹੈ। ਗੁਰੂ ਦੇ ਪ੍ਰਸੰਨ ਹੋਣ ਨਾਲ ਮੈਂ ਹਰੀ ਪ੍ਰਭੂ ਨੂੰ ਪਾ ਲਿਆ ਹੈ ਅਤੇ (ਉਸ ਦੇ) ਪ੍ਰੇਮ ਵਿਚ ਅਨੰਦ ਮਾਣਦੀ ਹਾਂ। (ਉਹ) ਸੁਹਾਗਣਾਂ ਵੱਡੇ ਭਾਗਾਂ ਵਾਲੀਆਂ ਹਨ, ਜਿਨ੍ਹਾਂ ਦੇ ਮੱਥੇ ਉਤੇ ਹਰੀ ਦੇ ਨਾਮ ਦਾ ਰਤਨ ਸੋਭਦਾ ਹੈ; (ਜਿਨ੍ਹਾਂ ਨੇ) ਮੱਥੇ ਉਤੇ ਲਿਖੇ ਲੇਖ ਅਨੁਸਾਰ ਹਰੀ ਦੇ ਨਾਮ ਦਾ ਅਨੰਦ ਮਾਣਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਪ੍ਰਭੂ ਹੀ ਮੇਰਾ ਸੁਹਾਗ ਭਾਗ (ਮਾਲਕ) ਹੈ ਤੇ ਮੇਰੇ ਮਨ ਵਿਚ ਚੰਗਾ ਲੱਗਾ ਹੈ।੧। (ਹੇ ਭਾਈ!) ਹਰੀ ਨਿਮਾਣਿਆਂ ਦਾ ਮਾਣ ਹੈ, (ਮਾਣ ਦੇਣ ਵਾਲਾ) ਹਰੀ ਪ੍ਰਭੂ ਆਪ ਹੀ ਹੈ। ਗੁਰਮੁਖ ਨੇ ਆਪਾ ਭਾਵ ਗਵਾ ਦਿਤਾ ਹੈ, (ਕਿਉਂਕਿ ਉਹ) ਹਰ ਰੋਜ ਹਰੀ ਦਾ ਨਾਮ ਜਪਦਾ ਹੈ। (ਗੁਰਮੁਖ) ਉਹ ਕੰਮ ਕਰਦਾ ਹੈ, ਜੋ ਮੇਰੇ ਹਰੀ ਪ੍ਰਭੂ ਨੂੰ ਚੰਗਾ ਲਗਦਾ ਹੈ ਅਤੇ (ਗੁਰਮੁਖ) ਹਰੀ ਦੇ ਨਾਮ ਰੰਗ ਵਿਚ ਰੰਗਿਆ ਰਹਿੰਦਾ ਹੈ। ਦਾਸ ਨਾਨਕ ਨੂੰ (ਹਰੀ ਨੇ ਅਪਣੇ ਨਾਲ) ਸੁਭਾਵਕ ਹੀ ਮਿਲਾ ਲਿਆ ਹੈ ਅਤੇ ਹਰੀ ਦੇ ਨਾਮ ਰਸ ਨਾਲ ਰੱਜ ਗਿਆ ਹੈ।੨।

ਪਦਾਰਥ = ਛੰਤ–ਕਾਵ ਰਚਨਾ। ਮੰਗਲ–ਖੁਸ਼ੀ ਦਾ ਗੀਤ। ਸੇਜੈ–ਹਿਰਦੇ ਦੀ ਸੇਜ ਉਤੇ। ਸਮਾਣਾ–ਸਮਾ ਗਿਆ। ਗੁਰਿ ਤੁਠੈ–ਗੁਰੂ ਦੇ ਪ੍ਰਸੰਨ ਹੋਣ ਨਾਲ। ਰੰਗਿ–ਪ੍ਰੇਮ ਵਿਚ। ਰਲੀਆ ਮਾਣਾ–ਅਨੰਦ ਮਾਣਦੀ ਹਾਂ। ਵਡਭਾਗੀਆ–ਵੱਡੇ ਭਾਗਾਂ ਵਾਲੀਆਂ। ਮਸਤਕਿ ਮਾਣਾ–ਮੱਥੇ ਦੀ ਮਣੀ; ਸਿਰ ਨੂੰ ਸੋਭਾ ਦੇਣ ਵਾਲਾ ਮਾਣਕ। ਸੁਹਾਗੁ–ਪਤੀਵੰਤ ਹੋਣ ਦੀ ਸੁਖਮਈ ਦਸ਼ਾ। ਮਨਿ–ਮਨ ਵਿਚ। ਭਾਣਾ–ਚੰਗਾ ਲੱਗਾ ਹੈ।੧। ਮਾਣੁ–ਆਦਰ। ਆਪੈ–ਆਪ ਹੀ ਹੈ। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਆਪੁ–ਆਪਾ ਭਾਵ। ਗਵਾਇਆ–ਦੂਰ ਕਰ ਦਿਤਾ। ਨਿਤ–ਹਰ ਰੋਜ। ਜਾਪੈ–ਜਪਦਾ ਹੈ। ਭਾਵੈ–ਚੰਗਾ ਲਗਾ ਹੈ। ਸੋ–ਉਹ। ਰੰਗਿ–ਨਾਮ ਰੰਗ ਵਿਚ। ਰਾਪੈ–ਰੰਗਿਆ ਰਹਿੰਦਾ ਹੈ। ਜਨੁ ਨਾਨਕੁ–ਦਾਸ ਨਾਨਕ ਨੂੰ। ਸਹਜਿ–ਸੁਭਾਵਕ ਹੀ। ਰਸਿ–ਨਾਮ ਰਸ ਨਾਲ।੨।

ਮਾਣਸ ਜਨਮੁ ਹਰਿ ਪਾਈਐ, ਹਰਿ ਰਾਵਣ ਵੇਰਾ ਰਾਮ ॥ ਗੁਰਮੁਖਿ ਮਿਲੁ ਸੋਹਾਗਣੀ, ਰੰਗੁ ਹੋਇ ਘਣੇਰਾ ਰਾਮ ॥ ਜਿਨ ਮਾਣਸ ਜਨਮਿ ਨ ਪਾਇਆ, ਤਿਨ੍ ਭਾਗੁ ਮੰਦੇਰਾ ਰਾਮ ॥ ਹਰਿ ਹਰਿ ਹਰਿ ਹਰਿ ਰਾਖੁ ਪ੍ਰਭ, ਨਾਨਕੁ ਜਨੁ ਤੇਰਾ ਰਾਮ ॥੩॥ ਗੁਰਿ ਹਰਿ ਪ੍ਰਭੁ ਅਗਮੁ ਦ੍ਰਿੜਾਇਆ, ਮਨੁ ਤਨੁ ਰੰਗਿ ਭੀਨਾ ਰਾਮ ॥ ਭਗਤਿ ਵਛਲੁ ਹਰਿ ਨਾਮੁ ਹੈ, ਗੁਰਮੁਖਿ ਹਰਿ ਲੀਨਾ ਰਾਮ ॥ ਬਿਨੁ ਹਰਿ ਨਾਮ ਨ ਜੀਵਦੇ, ਜਿਉ ਜਲ ਬਿਨੁ ਮੀਨਾ ਰਾਮ ॥ ਹੇ ਭਾਈ! ਮਨੁੱਖਾ ਜਨਮ ਵਿਚ ਹੀ ਪ੍ਰਭੂ ਨੂੰ ਪਾਇਆ ਜਾ ਸਕਦਾ ਹੈ, ਹਰੀ ਦੇ ਸਿਮਰਨ ਦਾ ਇਹੋ ਵੇਲਾ ਹੈ। ਹੇ ਭਾਈ! ਤੂੰ ਗੁਰਮੁਖ ਸੁਹਾਗਣਾਂ (ਹਰੀ ਦੇ ਪਿਆਰੇ ਪੁਰਖਾਂ) ਨੂੰ ਮਿਲ, (ਉਨ੍ਹਾਂ ਦੀ ਸੰਗਤ ਕਰਨ ਨਾਲ ਤੈਨੂੰ) ਬਹੁਤ ਅਨੰਦ ਪ੍ਰਾਪਤ ਹੋਵੇਗਾ। ਜਿਨ੍ਹਾਂ ਨੇ ਮਨੁੱਖਾਂ ਜਨਮ ਵਿਚ ਪ੍ਰਭੂ ਨੂੰ ਨਹੀਂ ਪਾਇਆ, ਉਨ੍ਹਾਂ ਦੀ ਕਿਸਮਤ ਮਾੜੀ ਹੈ। ਹੇ ਹਰੀ ਪ੍ਰਭੂ! ਨਾਨਕ ਤੇਰਾ ਦਾਸ ਹੈ, (ਮੈਨੂੰ ਅਪਣੇ ਚਰਨਾਂ ਵਿਚ) ਰੱਖ।੩। ਹੇ ਭਾਈ! (ਜਿਸ ਮਨੁੱਖ ਨੂੰ) ਗੁਰੂ ਨੇ ਅਪਹੁੰਚ ਪ੍ਰਭੂ ਦ੍ਰਿੜ ਕਰਾ ਦਿਤਾ ਹੈ, (ਉਸ ਦਾ) ਮਨ ਤੇ ਤਨ ਪ੍ਰਭੂ ਦੇ ਨਾਮ ਰੰਗ ਵਿਚ ਭਿੱਜ ਗਿਆ ਹੈ। ਹਰੀ ਦਾ ਨਾਮ ਭਗਤੀ ਨੂੰ ਪਿਆਰ ਕਰਨ ਵਾਲਾ ਹੈ, ਗੁਰਮੁਖਾਂ ਦਾ ਮਨ ਹਰੀ ਦੇ ਨਾਮ ਵਿਚ ਲੀਨ ਰਹਿੰਦਾ ਹੈ। (ਉਹ) ਹਰੀ ਦੇ ਨਾਮ ਤੋਂ ਬਿਨਾ ਜਿਉਂਦੇ ਨਹੀਂ ਰਹਿ ਸਕਦੇ, ਜਿਵੇਂ ਮੱਛੀ ਪਾਣੀ ਤੋਂ ਬਿਨਾ ਜਿਉਂਦੀ ਨਹੀਂ ਰਹਿ ਸਕਦੀ।

ਅੰਗ ੮੪੫ = ਸਫਲ ਜਨਮੁ ਹਰਿ ਪਾਇਆ, ਨਾਨਕ ਪ੍ਰਭਿ ਕੀਨਾ ਰਾਮ ॥੪॥੧॥੩॥ ਹੇ ਭਾਈ! (ਜਿਸ ਮਨੁੱਖ ਨੇ) ਹਰੀ ਨੂੰ ਪ੍ਰਾਪਤ ਕਰ ਲਿਆ ਹੈ, ਪ੍ਰਭੂ ਨੇ (ਉਸ ਦਾ) ਮਨੁੱਖਾ ਜਨਮ ਸਫਲ ਕਰ ਦਿਤਾ ਹੈ।੪।੧।੩।

ਪਦਾਰਥ = ਮਾਣਸ ਜਨਮਿ–ਮਨੁੱਖਾ ਜਨਮ ਵਿਚ। ਪਾਈਐ–ਪਾਇਆ ਜਾ ਸਕਦਾ ਹੈ। ਰਾਵਣ–ਸਿਮਰਨ ਦਾ; (ਹਰੀ ਦੇ ਮੇਲ ਦਾ ਅਨੰਦ) ਮਾਣਨ ਦਾ। ਵੇਰਾ–ਵੇਲਾ। ਰਾਮ–ਹੇ ਭਾਈ!। ਰੰਗੁ–ਅਨੰਦ। ਘਣੇਰਾ–ਬਹੁਤ। ਜਿਨ–ਜਿਨ੍ਹਾਂ ਨੇ। ਤਿਨ੍–ਉਨ੍ਹਾ ਦਾ।

ਮੰਦੇਰਾ-ਮੰਦਾ। ਪ੍ਰਭ-ਹੇ ਪ੍ਰਭੂ ! । ਜਨੁ-ਸੇਵਕ। ੩। ਗੁਰਿ-ਗੁਰੂ ਨੇ। ਅਗਮੁ-ਮਨ ਬਾਣੀ ਦੀ ਪਹੁੰਚ ਤੋਂ ਪਰੇ। ਦ੍ਰਿੜਾਇਆ-ਹਿਰਦੇ ਵਿਚ ਪੱਕੀ ਤਰ੍ਹਾਂ ਟਿਕਾ ਦਿਤਾ। ਤਨੁ-ਸਰੀਰ। ਰੰਗਿ-ਨਾਮ ਰੰਗ ਵਿਚ। ਭੀਨਾ-ਭਿੱਜ ਗਿਆ। ਭਗਤਿ ਵਛਲੁ-ਭਗਤੀ ਨੂੰ ਪਿਆਰ ਕਰਨ ਵਾਲਾ। ਗੁਰਮੁਖਿ-ਗੁਰਮੁਖਾਂ ਦਾ। ਲੀਨਾ-ਲੀਨ; ਮਗਨ। ਮੀਨਾ-ਮੱਛੀ। ਪ੍ਰਭਿ-ਪ੍ਰਭੂ ਨੇ। ਕੀਨਾ-ਕਰ ਦਿਤਾ। ੪। ੧। ੩।

ਬਿਲਾਵਲੁ ਮਹਲਾ ੪ ॥ ਸਲੋਕੁ ॥ ਹਰਿ ਪ੍ਰਭੁ ਸਜਣੁ ਲੋੜਿ ਲਹੁ ,ਮਨਿ ਵਸੈ ਵਡਭਾਗੁ ॥ ਗੁਰਿ ਪੂਰੈ ਵੇਖਾਲਿਆ, ਨਾਨਕ ਹਰਿ ਲਿਵ ਲਾਗੁ ॥੧॥ (ਹੇ ਸਹੇਲੀਓ !) ਹਰੀ ਪ੍ਰਭੂ ਸੱਜਣ ਨੂੰ ਲੱਭ ਲਵੋ, (ਉਹ ਜੀਵ ਇਸਤ੍ਰੀ) ਵੱਡੀ ਕਿਸਮਤ ਵਾਲੀ ਹੈ (ਜਿਸ ਦੇ) ਮਨ ਵਿਚ ਪ੍ਰਭੂ ਵਸ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਜੀਵ ਇਸਤ੍ਰੀ ਦੀ) ਹਰੀ ਵਿਚ ਲਿਵ ਲਗ ਜਾਂਦੀ ਹੈ, (ਜਿਸ ਨੂੰ) ਪੂਰੇ ਗੁਰੂ ਨੇ ਹਰੀ ਦਿਖਾ ਦਿਤਾ ਹੈ (ਹਰੀ ਦੇ ਦਰਸ਼ਨ ਕਰਾ ਦਿਤੇ ਹਨ)। ੧।

ਨੋਟ = ਇਹੋ ਸਲੋਕ ਥੋੜੇ ਜਿਹੇ ਫਰਕ ਨਾਲ ੧੩੧੭ ਅੰਗ ਤੇ ੧੦ ਵੀਂ ਪਉੜੀ ਦਾ ਦੂਜਾ ਸਲੋਕ ਹੈ।

ਛੰਤ ॥ ਮੇਰਾ ਹਰਿ ਪ੍ਰਭੁ ਰਾਵਣਿ ਆਈਆ, ਹਉਮੈ ਬਿਖੁ ਝਾਗੇ ਰਾਮ ॥ ਗੁਰਮਤਿ ਆਪੁ ਮਿਟਾਇਆ, ਹਰਿ ਹਰਿ ਲਿਵ ਲਾਗੇ ਰਾਮ ॥ ਅੰਤਰਿ ਕਮਲੁ ਪਰਗਾਸਿਆ, ਗੁਰ ਗਿਆਨੀ ਜਾਗੇ ਰਾਮ ॥ ਜਨ ਨਾਨਕ ਹਰਿ ਪ੍ਰਭੁ ਪਾਇਆ, ਪੂਰੈ ਵਡਭਾਗੇ ਰਾਮ ॥੧॥ ਹਰਿ ਪ੍ਰਭੁ ਹਰਿ ਮਨਿ ਭਾਇਆ, ਹਰਿ ਨਾਮਿ ਵਧਾਈ ਰਾਮ ॥ ਗੁਰਿ ਪੂਰੈ ਪ੍ਰਭੁ ਪਾਇਆ, ਹਰਿ ਹਰਿ ਲਿਵ ਲਾਈ ਰਾਮ ॥ ਅਗਿਆਨੁ ਅੰਧੇਰਾ ਕਟਿਆ, ਜੋਤਿ ਪਰਗਟਿਆਈ ਰਾਮ ॥ ਜਨ ਨਾਨਕ ਨਾਮੁ ਅਧਾਰੁ ਹੈ, ਹਰਿ ਨਾਮਿ ਸਮਾਈ ਰਾਮ ॥੨॥ ਹੇ ਭਾਈ ! (ਜੋ ਜੀਵ ਇਸਤ੍ਰੀਆਂ) ਹਉਮੈ ਦੀ ਜਹਿਰ ਨੂੰ ਲੰਘ ਕੇ (ਦੂਰ ਕਰਕੇ) ਹਰੀ ਪ੍ਰਭੂ ਨੂੰ ਮਾਣਨ ਆਈਆਂ ਹਨ। (ਉਨ੍ਹਾਂ ਨੇ) ਗੁਰੂ ਦੀ ਸਿੱਖਿਆ ਦੁਆਰਾ ਆਪਾ ਭਾਵ ਮਿਟਾ ਦਿਤਾ ਹੈ ਅਤੇ ਹਰੀ ਵਿਚ (ਉਨ੍ਹਾਂ ਦੀ) ਲਿਵ ਲਗ ਗਈ ਹੈ। (ਉਹ) ਗੁਰੂ ਦੇ ਬਖਸ਼ੇ ਗਿਆਨ ਨਾਲ (ਮੋਹ ਮਾਇਆ ਦੀ ਨੀਂਦ ਵਿਚੋਂ) ਜਾਗ ਪਈਆਂ ਹਨ, (ਉਨ੍ਹਾਂ ਦੇ) ਅੰਦਰ ਦਾ ਹਿਰਦਾ ਕਮਲ ਖਿੜ ਗਿਆ ਹੈ। ਦਾਸ ਨਾਨਕ ਆਖਦਾ ਹੈ ਕਿ (ਜਿਨ੍ਹਾਂ ਪੁਰਖਾਂ ਨੇ) ਹਰੀ ਪ੍ਰਭੂ ਨੂੰ ਪਾ ਲਿਆ ਹੈ, (ਉਹ) ਪੂਰੇ ਵੱਡੇ ਭਾਗਾਂ ਵਾਲੇ ਹਨ। ੧। ਹੇ ਭਾਈ ! (ਗੁਰੂ ਦੀ ਸ਼ਰਨ ਵਿਚ ਪਏ ਜਿਸ ਮਨੁੱਖ ਦੇ) ਮਨ ਵਿਚ ਹਰੀ ਪ੍ਰਭੂ ਚੰਗਾ ਲਗਣ ਲਗ ਪਿਆ ਹੈ, ਹਰੀ ਦੇ ਨਾਮ ਦੁਆਰਾ (ਉਸ ਦੇ ਅੰਦਰ) ਅਨੰਦ ਬਣਿਆ ਰਹਿੰਦਾ ਹੈ। (ਉਸ ਨੇ) ਪੂਰੇ ਗੁਰੂ ਦੁਆਰਾ ਪ੍ਰਭੂ ਨੂੰ ਪਾਇਆ ਹੈ ਅਤੇ (ਉਸ ਨੇ) ਹਰਿ ਹਰਿ ਨਾਮ ਵਿਚ ਲਿਵ ਲਾਈ ਹੋਈ ਹੈ। (ਉਸ ਦੇ ਅੰਦਰੋਂ) ਅਗਿਆਨ ਰੂਪ ਹੇਨ੍ਹੇਰਾ ਕੱਟਿਆ ਗਿਆ ਹੈ ਅਤੇ (ਹਿਰਦੇ ਅੰਦਰ) ਰੱਬੀ ਜੋਤ ਪ੍ਰਗਟ ਹੋ ਆਈ ਹੈ। ਦਾਸ ਨਾਨਕ ਆਖਦਾ ਹੈ ਕਿ ਪ੍ਰਭੂ ਦਾ ਨਾਮ (ਜਿਸ ਮਨੁੱਖ ਦੇ ਜੀਵਨ ਦਾ) ਆਸਰਾ ਬਣ ਗਿਆ ਹੈ, (ਉਸ ਦੀ) ਪ੍ਰਭੂ ਦੇ ਨਾਮ ਵਿਚ ਲੀਨਤਾ ਹੋ ਗਈ ਹੈ। ੨।

ਪਦਾਰਥ = ਲੋੜਿ ਲਹੁ-ਲੱਭ ਲਵੋ। ਮਨਿ-ਮਨ ਵਿਚ। ਵਡਭਾਗੁ-ਵੱਡੀ ਕਿਸਮਤ ਵਾਲਾ। ਗੁਰਿ ਪੂਰੈ-ਪੂਰੇ ਗੁਰੂ ਨੇ। ਲਿਵ ਲਾਗੁ-ਲਿਵ ਲਗ ਜਾਂਦੀ ਹੈ। ੧। ਛੰਤ। ਰਾਵਣਿ ਆਈਆ-ਮਿਲਾਪ ਦਾ ਅਨੰਦ ਮਾਣਨ ਆਈਆਂ ਹਨ। ਬਿਖੁ-ਜਹਿਰ। ਝਾਗੇ-ਲੰਘ ਕੇ (ਦੂਰ ਕਰਕੇ)। ਰਾਮ-ਹੇ ਭਾਈ ! । ਗੁਰਮਤਿ-ਗੁਰੂ ਦੀ ਸਿੱਖਿਆ ਦੁਆਰਾ। ਆਪੁ-ਆਪਾ ਭਾਵ। ਲਿਵ ਲਾਗੇ-ਲਿਵ ਲੱਗ ਗਈ। ਅੰਤਰਿ ਕਮਲੁ-ਅੰਦਰ ਦਾ ਹਿਰਦਾ ਕਮਲ। ਪਰਗਾਸਿਆ-ਖਿੜ ਗਿਆ। ਗੁਰ ਗਿਆਨੀ-ਗੁਰੂ ਦੇ ਬਖਸ਼ੇ ਗਿਆਨ ਨਾਲ। ਜਾਗੇ-ਜਾਗ ਪਏ। ਪੂਰੈ ਵਡਭਾਗੇ-ਪੂਰੇ ਵੱਡੇ ਭਾਗਾਂ ਵਾਲੇ। ੧। ਮਨਿ-ਮਨ ਵਿਚ। ਭਾਇਆ-ਚੰਗਾ ਲੱਗਾ ਹੈ। ਨਾਮਿ-ਨਾਮ ਦੁਆਰਾ। ਵਧਾਈ-ਅਨੰਦ; ਉਤਸ਼ਾਹ। ਲਿਵ ਲਾਈ-ਸੁਰਤ ਜੋੜੀ ਹੋਈ ਹੈ। ਪਰਗਟਿਆਈ-ਪ੍ਰਗਟ ਹੋ ਆਈ ਹੈ। ਅਧਾਰੁ-ਆਸਰਾ। ਹਰਿ ਹਰੀ ਦੇ ਨਾਮਿ-ਨਾਮ ਵਿਚ। ਸਮਾਈ-ਲੀਨਤਾ ਹੋ ਗਈ ਹੈ। ੨।

ਧਨ ਹਰਿ ਪ੍ਰਭਿ ਪਿਆਰੈ ਰਾਵੀਆ, ਜਾਂ ਹਰਿ ਪ੍ਰਭ ਭਾਈ ਰਾਮ ॥ ਅਖੀ ਪ੍ਰੇਮ ਕਸਾਈਆ, ਜਿਉ ਬਿਲਕ ਮਸਾਈ ਰਾਮ ॥ ਗੁਰਿ ਪੂਰੈ ਹਰਿ ਮੇਲਿਆ, ਹਰਿ ਰਸਿ ਆਘਾਈ ਰਾਮ ॥ ਜਨ ਨਾਨਕ ਨਾਮਿ ਵਿਗਸਿਆ, ਹਰਿ ਹਰਿ ਲਿਵ ਲਾਈ ਰਾਮ ॥੩॥ ਹਮ ਮੂਰਖ ਮੁਗਧ ਮਿਲਾਇਆ, ਹਰਿ ਕਿਰਪਾ ਧਾਰੀ ਰਾਮ ॥ ਧਨੁ ਧੰਨੁ ਗੁਰੂ ਸਾਬਾਸਿ ਹੈ, ਜਿਨਿ ਹਉਮੈ ਮਾਰੀ ਰਾਮ ॥ ਜਿਨ੍ ਵਡਭਾਗੀਆ ਵਡਭਾਗੁ ਹੈ, ਹਰਿ ਹਰਿ ਉਰਧਾਰੀ ਰਾਮ ॥ ਜਨ ਨਾਨਕ ਨਾਮੁ ਸਲਾਹਿ ਤੂ ,ਨਾਮੇ ਬਲਿਹਾਰੀ ਰਾਮ ॥੪॥੨॥੪॥ ਹੇ ਭਾਈ ! ਪਿਆਰੇ ਹਰੀ ਪ੍ਰਭੂ ਨੇ ਜੀਵ ਇਸਤ੍ਰੀ ਉਦੋਂ ਮਾਣੀ (ਮਿਲ ਕੇ ਅਨੰਦ ਦਿਤਾ, ਉਹ) ਜਦੋਂ ਹਰੀ ਪ੍ਰਭੂ ਨੂੰ ਚੰਗੀ ਲੱਗੀ। (ਉਸ ਦੀਆਂ) ਅੱਖਾਂ ਹਰੀ ਦੇ ਪ੍ਰੇਮ ਵਿਚ ਇਉਂ ਖਿੱਚੀਆਂ ਗਈਆਂ, ਜਿਵੇਂ ਬਿੱਲੀ ਦੀਆਂ ਚੂਹੇ ਵੱਲ ਹੁੰਦੀਆਂ ਹਨ। (ਜਿਸ ਨੂੰ) ਪੂਰੇ ਗੁਰੂ ਨੇ ਹਰੀ ਨਾਲ ਮਿਲਾ ਦਿਤਾ ਹੈ, (ਉਹ ਜੀਵ ਇਸਤ੍ਰੀ) ਹਰੀ ਦੇ ਨਾਮ ਰਸ ਨਾਲ ਰੱਜ ਗਈ ਹੈ। ਦਾਸ ਨਾਨਕ ਆਖਦਾ

ਹੈ ਕਿ (ਉਹ ਜੀਵ ਇਸਤ੍ਰੀ) ਹਰੀ ਦੇ ਨਾਮ ਵਿਚ ਜੁੜ ਕੇ ਖਿੜ ਗਈ ਹੈ, (ਜਿਸ ਨੇ) ਹਰਿ ਹਰਿ ਨਾਮ ਵਿਚ ਸੁਰਤ ਜੋੜੀ ਹੈ। ੩। ਹੇ ਭਾਈ! ਅਸੀਂ ਮੂਰਖ, ਬੇਸਮਝ ਸਾਂ, ਹਰੀ ਨੇ ਕ੍ਰਿਪਾ ਕਰਕੇ (ਸਾਨੂੰ ਅਪਣੇ ਨਾਲ) ਮਿਲਾ ਲਿਆ ਹੈ। ਗੁਰੂ ਧੰਨ ਹੈ ਧੰਨ ਹੈ, ਗੁਰੂ ਨੂੰ ਸਾਬਾਸ਼ ਹੈ, ਜਿਸ ਨੇ (ਮੇਰੀ) ਹਉਮੈ ਮਾਰ ਦਿਤੀ ਹੈ। ਜਿਨ੍ਹਾਂ ਵੱਡੇ ਭਾਗਾਂ ਵਾਲੇ ਪੁਰਖਾਂ ਦਾ ਭਾਗ ਵੱਡਾ ਹੈ, ਉਨ੍ਹਾਂ ਨੇ ਹਰੀ ਦੀ ਪ੍ਰੀਤੀ (ਅਪਣੇ) ਹਿਰਦੇ ਵਿਚ ਧਾਰੀ ਹੋਈ ਹੈ। ਦਾਸ ਨਾਨਕ ਆਖਦਾ ਹੈ ਕਿ ਹੇ ਭਾਈ! ਤੂੰ ਹਰੀ ਦੇ ਨਾਮ ਨੂੰ ਸਲਾਹਿਆ ਕਰ ਅਤੇ ਨਾਮ ਤੋਂ ਬਲਿਹਾਰ ਜਾਇਆ ਕਰ। ੪। ੨। ੪।

ਪਦਾਰਥ = ਧਨ–ਜੀਵ ਇਸਤ੍ਰੀ। ਪ੍ਰਭਿ ਪਿਆਰੈ–ਪਿਆਰੇ ਪ੍ਰਭੂ ਨੇ। ਰਾਵੀਆ–ਭੋਗੀ (ਮਿਲ ਕੇ ਅਨੰਦ ਬਖਸ਼ਿਆ)। ਜਾਂ–ਜਦੋਂ। ਭਾਈ–ਚੰਗੀ ਲੱਗੀ। ਅਖੀ–ਅੱਖਾਂ। ਪ੍ਰੇਮ ਕਸਾਈਆ–ਪ੍ਰੇਮ ਵਿਚ ਖਿੱਚੀਆਂ ਗਈਆਂ। ਬਿਲਕ–ਬਿੱਲੀ। ਮਸਾਈ–ਚੂਹਾ; ਮਾਸ। ਗੁਰਿ ਪੂਰੈ–ਪੂਰੇ ਗੁਰੂ ਨੇ। ਹਰਿ ਰਸਿ–ਹਰੀ ਦੇ ਨਾਮ ਰਸ ਨਾਲ। ਆਘਾਈ–ਰੱਜ ਗਈ। ਨਾਮਿ–ਨਾਮ ਵਿਚ ਜੁੜ ਕੇ। ਵਿਗਸਿਆ–ਖਿੜ ਗਈ। ਲਿਵ ਲਾਈ–ਸੁਰਤ ਜੋੜ ਲਈ। ੩। ਹਮ–ਅਸੀਂ (ਮੈਨੂੰ)। ਮੁਗਧ–ਬੇਸਮਝ। ਕਿਰਪਾ ਧਾਰੀ–ਕ੍ਰਿਪਾ ਕਰਕੇ। ਜਿਨਿ–ਜਿਸ ਨੇ। ਮਾਰੀ–ਮਾਰ ਦਿਤੀ। ਉਰਧਾਰੀ–ਹਿਰਦੇ ਵਿਚ ਧਾਰੀ (ਟਿਕਾਈ) ਹੋਈ ਹੈ। ਸਲਾਹਿ ਤੂ–ਤੂੰ ਸਿਫਤ ਸਲਾਹ ਕਰਿਆ ਕਰ। ਨਾਮੇ–ਨਾਮ ਤੋਂ। ਬਲਿਹਾਰੀ–ਕੁਰਬਾਨ ਜਾਇਆ ਕਰ। ੪। ੨। ੪।

ਬਿਲਾਵਲੁ ਮਹਲਾ ੫ ਛੰਤ ੴ ਸਤਿਗੁਰ ਪ੍ਰਸਾਦਿ ॥ ਮੰਗਲ ਸਾਜੁ ਭਇਆ, ਪ੍ਰਭੁ ਅਪਨਾ ਗਾਇਆ ਰਾਮ ॥ ਅਬਿਨਾਸੀ ਵਰੁ ਸੁਣਿਆ, ਮਨਿ ਉਪਜਿਆ ਚਾਇਆ ਰਾਮ ॥ ਮਨਿ ਪ੍ਰੀਤਿ ਲਾਗੈ ਵਡੈ ਭਾਗੈ, ਕਬ ਮਿਲੀਐ ਪੂਰਨ ਪਤੇ ॥ ਸਹਜੇ ਸਮਾਈਐ ਗੋਵਿੰਦੁ ਪਾਈਐ, ਦੇਹੁ ਸਖੀਏ ਮੋਹਿ ਮਤੇ ॥ ਦਿਨੁ ਰੈਣਿ ਠਾਢੀ ਕਰਉ ਸੇਵਾ, ਪ੍ਰਭੁ ਕਵਨ ਜੁਗਤੀ ਪਾਇਆ ॥ ਬਿਨਵੰਤਿ ਨਾਨਕ ਕਰਹੁ ਕਿਰਪਾ, ਲੈਹੁ ਮੋਹਿ ਲੜਿ ਲਾਇਆ ॥੧॥ ਭਇਆ ਸਮਾਹੜਾ, ਹਰਿ ਰਤਨੁ ਵਿਸਾਹਾ ਰਾਮ ॥ ਖੋਜੀ ਖੋਜਿ ਲਧਾ, ਹਰਿ ਸੰਤਨ ਪਾਹਾ ਰਾਮ ॥ ਮਿਲੇ ਸੰਤ ਪਿਆਰੇ ਦਇਆ ਧਾਰੇ, ਕਥਹਿ ਅਕਥ ਬੀਚਾਰੋ ॥ ਇਕ ਚਿਤਿ ਇਕ ਮਨਿ ਧਿਆਇ ਸੁਆਮੀ, ਲਾਇ ਪ੍ਰੀਤਿ ਪਿਆਰੋ ॥ ਕਰ ਜੋੜਿ ਪ੍ਰਭ ਪਹਿ ਕਰਿ ਬਿਨੰਤੀ, ਮਿਲੈ ਹਰਿ ਜਸੁ ਲਾਹਾ ॥ ਬਿਨਵੰਤਿ ਨਾਨਕ ਦਾਸੁ ਤੇਰਾ, ਮੇਰਾ ਪ੍ਰਭੁ ਅਗਮ ਅਥਾਹਾ ॥੨॥ (ਵਿਆਹ ਦੇ ਅਲੰਕਾਰ ਰਾਹੀਂ ਜੀਵ ਇਸਤ੍ਰੀ ਅਪਣੀ ਗਿਆਨਵਾਨ ਸਹੇਲੀ ਪਾਸੋਂ ਪੁਛਦੀ ਹੈ ਕਿ ਤੈਨੂੰ ਪਤੀ ਪ੍ਰਮੇਸ਼ਰ ਕਿਵੇਂ ਮਿਲਿਆ ਹੈ? ਅੱਗੇ ਉਹ ਉਤਰ ਦੇਂਦੀ ਹੈ) ਹੇ ਸਹੇਲੀਏ! ਜਦੋਂ ਮੇਂ ਅਪਣੇ ਪਤੀ ਪ੍ਰਭੂ ਦਾ ਜਸ ਗਾਇਆ, ਤਾਂ (ਮੇਰੇ ਮਨ ਵਿਚ) ਖੁਸ਼ੀ ਦਾ ਸਾਜ ਬਾਜ ਪ੍ਰਾਪਤ ਹੋਇਆ (ਖੁਸ਼ੀ ਦਾ ਮਹੌਲ ਬਣ ਗਿਆ। ਜਦ) ਮੈਂ ਸੁਣਿਆ ਕਿ (ਮੇਰਾ) ਪਤੀ ਨਾਸ਼ ਰਹਿਤ ਹੈ, (ਤਾਂ ਉਸ ਦੇ ਮਿਲਾਪ ਦਾ) ਮਨ ਵਿਚ ਚਾਉ ਪੈਦਾ ਹੋਇਆ। ਵੱਡੇ ਭਾਗਾਂ ਨਾਲ (ਜਦੋਂ ਕਿਸੇ ਜੀਵ ਇਸਤ੍ਰੀ ਦੇ) ਮਨ ਵਿਚ ਪ੍ਰੀਤ ਲਗਦੀ ਹੈ, (ਤਾਂ ਉਸ ਦੇ ਮਨ ਵਿਚ ਤਾਂਘ ਪੈਦਾ ਹੁੰਦੀ ਹੈ ਕਿ) ਪੂਰਨ ਪਤੀ ਨੂੰ ਕਦੋਂ ਮਿਲਿਆ ਜਾ ਸਕੇਗਾ? (ਅਤੇ ਬੇਨਤੀ ਕਰਦੀ ਹੈ ਕਿ) ਹੇ ਸਖੀ (ਸਤ ਸੰਗੀ ਮਿਤ੍ਰ)! ਮੈਨੂੰ ਐਸੀ ਸਿੱਖਿਆ ਦਿਓ, (ਜਿਸ ਨਾਲ) ਗੋਬਿੰਦ ਨੂੰ ਪਾ ਲਈਏ ਅਤੇ ਸਹਿਜ ਪਦ ਵਿਚ ਸਮਾ ਜਾਈਏ। (ਮੈਂ ਤੇਰੀ) ਦਿਨ ਰਾਤ ਖੜੀ ਹੋ ਕੇ ਸੇਵਾ ਕਰਾਂਗੀ, (ਮੈਨੂੰ ਦੱਸ ਤੈਂ) ਕਿਹੜੀ ਜੁਗਤੀ ਨਾਲ ਪ੍ਰਭੂ ਨੂੰ ਪਾਇਆ ਹੈ? ਨਾਨਕ ਆਖਦਾ ਹੈ ਕਿ (ਉਹ ਸਹੇਲੀ ਉਤਰ ਦੇਂਦੀ ਹੈ ਕਿ ਇਸ ਤਰ੍ਹਾਂ ਅਰਦਾਸ ਕਰਨੀ ਚਾਹੀਦੀ ਹੈ ਕਿ ਹੇ ਪਤੀ ਪ੍ਰਭੂ!) ਮੇਰੇ ਤੇ ਕ੍ਰਿਪਾ ਕਰ, ਮੈਨੂੰ ਅਪਣੇ ਲੜ ਨਾਲ ਲਗਾ ਲੈ। ੧।

(ਹੇ ਭਾਈ! ਜਿਸ ਮਨੁੱਖ ਨੇ) ਹਰੀ ਦਾ ਨਾਮ ਰੂਪ ਰਤਨ ਖ੍ਰੀਦਿਆ ਹੈ, (ਉਸ ਨੂੰ) ਅਨੰਦ ਪ੍ਰਾਪਤ ਹੋਇਆ ਹੈ। ਖੋਜੀ ਮਨੁੱਖ ਨੇ ਖੋਜ ਕਰਕੇ ਹਰੀ ਦੇ ਸੰਤਾਂ ਪਾਸੋਂ (ਨਾਮ ਰਤਨ) ਲੱਭਿਆ ਹੈ। ਪਿਆਰੇ ਸੰਤ ਦਇਆ ਧਾਰ ਕੇ (ਜਦੋਂ ਕਿਸੇ ਨੂੰ) ਮਿਲਦੇ ਹਨ ,(ਤਾਂ ਉਹ) ਅਕੱਥ ਪ੍ਰਭੂ (ਦੀ ਪ੍ਰਾਪਤੀ) ਦਾ ਵਿਚਾਰ ਕਥਨ ਕਰਦੇ ਹਨ। (ਅਤੇ ਐਸਾ ਉਪਦੇਸ਼ ਦੇਂਦੇ ਹਨ ਕਿ ਹੇ ਭਾਈ!) ਇਕ ਚਿਤ ਹੋ ਕੇ ਇਕਾਗਰ ਮਨ ਨਾਲ ਤੇ ਪ੍ਰੀਤ ਲਾ ਕੇ ਪਿਆਰੇ ਪ੍ਰਭੂ ਮਾਲਕ ਨੂੰ ਧਿਆਇਆ ਕਰ। ਅਤੇ ਦੋਵੇਂ ਹੱਥ ਜੋੜ ਕੇ ਪ੍ਰਭੂ ਪਾਸ ਬੇਨਤੀ ਕਰ, ਕਿ ਹੇ ਹਰੀ! (ਮੈਨੂੰ ਮੈਨੂੰ ਤੇਰਾ) ਜਸ ਕਰਨ ਦਾ ਲਾਭ ਮਿਲੇ। ਨਾਨਕ ਬੇਨਤੀ ਕਰਦਾ ਹੈ ਕਿ ਹੇ ਅਪਹੁੰਚ ਤੇ ਅਥਾਹ ਪ੍ਰਭੂ! ਮੈਂ ਤੇਰਾ ਦਾਸ ਹਾਂ ਤੇ ਤੂੰ ਮੇਰਾ ਮਾਲਕ ਹੈਂ (ਮੈਨੂੰ ਤੇਰਾ ਕੀਰਤਨ ਕਰਨ ਦੀ ਦਾਤ ਬਖਸ਼)। ੨।

ਪਦਾਰਥ = ਮੰਗਲ–ਖੁਸ਼ੀ। ਸਾਜੁ–ਸਾਜੋ ਸਮਾਨ; ਠਾਠ ਬਾਠ; ਮਹੌਲ। ਭਇਆ–ਹੋਇਆ। ਅਬਿਨਾਸੀ–ਨਾਸ਼ ਰਹਿਤ (ਅਮਰ)। ਵਰੁ–ਪਤੀ। ਮਨਿ–ਮਨ ਵਿਚ। ਉਪਜਿਆ–ਪੈਦਾ ਹੋਇਆ। ਚਾਇਆ–ਉਤਸ਼ਾਹ; ਅਨੰਦ ਦੀ ਲਹਿਰ। ਵਡੈ ਭਾਗੈ–ਵੱਡੇ ਭਾਗਾਂ ਨਾਲ। ਕਬ–ਕਦੋਂ। ਪਤੇ–ਪਤੀ। ਸਹਜੇ–ਸਹਿਜ ਅਵਸਥਾ ਵਿਚ। ਸਮਾਈਐ–ਲੀਨ ਹੋ ਜਾਈਏ। ਪਾਈਐ–ਪਾ ਲਈਏ। ਦੇਹੁ–

ਦੇਵੋਂ। ਸਖੀਏ–ਹੇ ਸਹੇਲੀਏ ! । ਮਤੇ–ਸਿੱਖਿਆ। ਰੈਣਿ–ਰਾਤ। ਠਾਢੀ–ਖੜੀ ਹੋ ਕੇ। ਕਰਉ–ਮੈਂ ਕਰਾਂਗੀ। ਕਵਨ ਜੁਗਤੀ–ਕਿਹੜੇ ਤਰੀਕੇ ਨਾਲ। ਬਿਨਵੰਤਿ–ਬੇਨਤੀ ਸਹਿਤ ਆਖਦਾ ਹੈ। ਲੈਹੁ ਲਾਇਆ–ਲਾ ਲਵੋ। ਮੋਹਿ–ਮੈਨੂੰ। ਲੜਿ–ਲੜ ਨਾਲ। ੧। ਸਮਾਹੜਾ–ਅਨੰਦ; ਉਤਸ਼ਾਹ। ਵਿਸਾਹਾ–ਖ਼ਰੀਦਿਆ। ਖੋਜੀ–ਖੋਜੀ ਮਨੁੱਖ ਨੇ। ਖੋਜਿ–ਖੋਜ ਕੇ। ਲਧਾ (ਲੱਧਾ ਪੜ੍ਹੋ)–ਲੱਭਿਆ। ਪਾਹਾ–ਪਾਸੋਂ। ਦਇਆ ਧਾਰੇ–ਦਇਆ ਧਾਰ ਕੇ। ਕਥਹਿ–ਕਥਨ ਕਰਦੇ ਹਨ। ਅਕਥ ਬੀਚਾਰੋ–ਅਕੱਥ ਪ੍ਰਭੂ ਦਾ ਵਿਚਾਰ। ਇਕ ਚਿਤਿ–ਇਕ ਚਿਤ ਹੋ ਕੇ। ਇਕ ਮਨਿ–ਇਕਾਗਰ ਮਨ ਨਾਲ। ਲਾਇ ਪ੍ਰੀਤਿ–ਪ੍ਰੀਤ ਲਾ ਕੇ। ਕਰ ਜੋੜਿ–ਦੋਵੇਂ ਹੱਥ ਜੋੜ ਕੇ। ਪਹਿ–ਪਾਸ। ਲਾਹਾ –ਲਾਭ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਥਾਹਾ–ਬੇਅੰਤ। ੨।

ਅੰਗ ੮੪੬ = ਸਾਹਾ ਅਟਲੁ ਗਣਿਆ, ਪੂਰਨ ਸੰਜੋਗੋ ਰਾਮ ॥ ਸੁਖਹ ਸਮੂਹ ਭਇਆ, ਗਇਆ ਵਿਜੋਗੋ ਰਾਮ ॥ ਮਿਲਿ ਸੰਤ ਆਏ ਪ੍ਰਭ ਧਿਆਏ, ਬਣੇ ਅਚਰਜ ਜਾਞੀਆਂ ॥ ਮਿਲਿ ਇਕਤ੍ਰ ਹੋਏ ਸਹਜਿ ਢੋਏ, ਮਨਿ ਪ੍ਰੀਤਿ ਉਪਜੀ ਮਾਞੀਆ ॥ ਮਿਲਿ ਜੋਤਿ ਜੋਤੀ ਓਤਿਪੋਤੀ, ਹਰਿ ਨਾਮੁ ਸਭਿ ਰਸ ਭੋਗੋ ॥ ਬਿਨਵੰਤਿ ਨਾਨਕ ਸਭ ਸੰਤਿ ਮੇਲੀ, ਪ੍ਰਭ ਕਰਣ ਕਾਰਣ ਜੋਗੋ ॥ ੩॥ ਭਵਨੁ ਸੁਹਾਵੜਾ, ਧਰਤਿ ਸਭਾਗੀ ਰਾਮ ॥ ਪ੍ਰਭੁ ਘਰਿ ਆਇਅੜਾ, ਗੁਰ ਚਰਣੀ ਲਾਗੀ ਰਾਮ ॥ ਗੁਰ ਚਰਣ ਲਾਗੀ ਸਹਜਿ ਜਾਗੀ, ਸਗਲ ਇਛਾ ਪੁੰਨੀਆ ॥ ਮੇਰੀ ਆਸ ਪੂਰੀ ਸੰਤ ਧੂਰੀ, ਹਰਿ ਮਿਲੇ ਕੰਤ ਵਿਛੁੰਨਿਆ ॥ ਆਨੰਦ ਅਨਦਿਨੁ ਵਜਹਿ ਵਾਜੇ, ਅਹੰਮਤਿ ਮਨ ਕੀ ਤਿਆਗੀ ॥ ਬਿਨਵੰਤਿ ਨਾਨਕ ਸਰਣਿ ਸੁਆਮੀ, ਸੰਤ ਸੰਗਿ ਲਿਵ ਲਾਗੀ ॥੪॥੧॥ (ਜਿਵੇਂ ਲਾੜੀ ਤੇ ਲਾੜੇ ਦੇ ਵਿਆਹ ਦਾ ਮਹੂਰਤ ਨੀਯਤ ਕਰੀਦਾ ਹੈ, ਲਾੜੇ ਦੇ ਨਾਲ ਬਰਾਤ ਲਾੜੀ ਦੇ ਘਰ ਆ ਢੁਕਦੀ ਹੈ। ਲਾੜੀ ਦੇ ਸਬੰਧੀ ਖੁਸ਼ ਹੁੰਦੇ ਹਨ ਅਤੇ ਬਰਾਤ ਨੂੰ ਸੁਆਦਲੇ ਖਾਣੇ ਖੁਆਈਦੇ ਹਨ। ਵਿਆਹ ਹੋ ਕੇ ਲਾੜੀ ਤੇ ਲਾੜੇ ਦਾ ਮੇਲ ਹੋ ਜਾਂਦਾ ਹੈ। ਇਸੇ ਤਰ੍ਹਾਂ ਜੀਵ ਇਸਤ੍ਰੀ ਦਾ ਜੋ) ਪੂਰਨ ਪ੍ਰਭੂ ਨਾਲ ਮੇਲ (ਵਿਆਹ) ਹੋਇਆ ਹੈ, ਮੇਲ ਦਾ ਇਹ ਨਾ ਟਲਣ ਵਾਲਾ ਮਹੂਰਤ ਗਿਣਿਆ ਗਿਆ ਹੈ। (ਇਸ ਮੇਲ ਦੀ ਬਰਕਤ ਨਾਲ ਜੀਵ ਇਸਤ੍ਰੀ ਨੂੰ) ਸੁਖਾਂ ਦਾ ਸਮੂੰਹ ਪ੍ਰਾਪਤ ਹੋਇਆ ਅਤੇ (ਪਤੀ ਪ੍ਰਭੂ ਨਾਲੋਂ ਉਸ ਦਾ) ਵਿਛੋੜਾ ਦੂਰ ਹੋ ਗਿਆ। (ਜਿਹੜੇ) ਸੰਤ ਜਨ ਮਿਲ ਕੇ ਆਏ ਹਨ, ਜੋ ਪ੍ਰਭੂ ਨੂੰ ਧਿਆਉਂਦੇ ਹਨ, (ਇਹ ਸੰਤ ਜਨ ਜੀਵ ਇਸਤ੍ਰੀ ਨੂੰ ਪਤੀ ਪ੍ਰਭੂ ਨਾਲ ਮਿਲਾਉਣ ਵਾਸਤੇ) ਅਸਚਰਜ ਬਰਾਤੀ ਬਣੇ ਹਨ। ਜਦੋਂ ਸੰਤ ਜਨ ਮਿਲ ਕੇ ਇਕੱਠੇ ਹੋਏ, ਤਾਂ ਸਹਜੇ ਹੀ (ਲਾੜੀ ਦੇ ਘਰ) ਢੁਕਾਉ ਕੀਤਾ, (ਜਿਨ੍ਹਾਂ ਨੂੰ ਦੇਖ ਕੇ) ਮਾਞੀਆਂ ਦੇ ਮਨ ਵਿਚ ਪ੍ਰੀਤ ਪੈਦਾ ਹੋਈ। ਜੋਤ ਸਰੂਪ ਪ੍ਰਭੂ ਨਾਲ ਮਿਲ ਕੇ (ਜੀਵ ਇਸਤ੍ਰੀ ਦੀ ਆਤਮਕ) ਜੋਤ ਤਾਣੇ ਪੇਟੇ ਵਾਂਗ ਇਕ ਮਿਕ ਹੋ ਗਈ ਅਤੇ ਹਰੀ ਦਾ ਨਾਮ ਰੂਪ ਸੁਆਦਲਾ ਭੋਜਨ ਸਭ (ਜਾਞੀਆਂ ਤੇ ਮਾਞੀਆਂ) ਨੇ ਛਕਿਆ। ਨਾਨਕ ਬੇਨਤੀ ਕਰਦਾ ਹੈ ਕਿ ਸਾਰੇ ਸੰਤਾਂ ਨੇ (ਜੀਵ ਇਸਤ੍ਰੀ ਨੂੰ) ਕਰਣ ਕਾਰਣ ਸਮਰੱਥ ਪਤੀ ਪ੍ਰਭੂ ਮਿਲਾ ਦਿਤਾ ਹੈ। ੩। ਹੇ ਭਾਈ ! (ਪਤੀ ਪ੍ਰਭੂ ਦੇ ਮੇਲ ਨਾਲ ਮੇਰਾ) ਹਿਰਦਾ ਘਰ ਸੁੰਦਰ ਹੋ ਗਿਆ ਹੈ ਅਤੇ ਬੁੱਧੀ ਰੂਪ ਧਰਤੀ ਭਾਗਾਂ ਵਾਲੀ ਹੋ ਗਈ ਹੈ। (ਜਦੋਂ ਮੇਰੀ ਬਿਰਤੀ) ਗੁਰੂ ਦੇ ਚਰਨਾਂ ਵਿਚ ਲਗ ਗਈ ਤਾਂ ਪ੍ਰਭੂ ਪਤੀ ਹਿਰਦੇ ਰੂਪ ਘਰ ਵਿਚ ਆ ਗਿਆ। (ਜਦੋਂ) ਮੈਂ ਗੁਰੂ ਦੇ ਚਰਨਾਂ ਵਿਚ ਲੱਗੀ ਤਾਂ ਸਹਜੇ ਹੀ (ਅਗਿਆਨਤਾ ਦੀ ਨੀਂਦ ਵਿਚੋਂ) ਗਿਆਨ ਅਵਸਥਾ ਵਿਚ ਜਾਗ ਪਈ ਅਤੇ (ਮੇਰੀਆਂ) ਸਾਰੀਆਂ ਇੱਛਾਵਾਂ ਪੂਰੀਆਂ ਹੋ ਗਈਆਂ। ਸੰਤਾਂ ਦੀ ਚਰਨਾਂ ਦੀ ਧੂੜ ਲੈਣ ਨਾਲ ਮੇਰੀ ਆਸ ਪੂਰੀ ਹੋ ਗਈ ਅਤੇ ਵਿਛੜੇ ਹੋਏ ਪਤੀ ਪ੍ਰਭੂ ਜੀ ਮਿਲ ਪਏ। (ਹੁਣ ਮੇਰੇ ਹਿਰਦੇ ਅੰਦਰ) ਹਰ ਰੋਜ ਅਨੰਦ ਦੇ ਵਾਜੇ ਵਜਦੇ ਹਨ ਅਤੇ ਮਨ ਦੀ ਹੰਕਾਰ ਵਾਲੀ ਬੁੱਧੀ ਛਡ ਦਿਤੀ ਹੈ। ਨਾਨਕ ਬੇਨਤੀ ਕਰਦਾ ਹੈ ਕਿ ਸੰਤਾਂ ਦੀ ਸੰਗਤ ਵਿਚ ਰਹਿ ਕੇ ਮੇਰੀ ਪ੍ਰਭੂ ਨਾਲ ਲਿਵ ਲੱਗੀ ਰਹਿੰਦੀ ਹੈ ਅਤੇ ਮਾਲਕ ਪ੍ਰਭੂ ਦੀ ਸ਼ਰਣ ਵਿਚ ਪਿਆ ਰਹਿੰਦਾ ਹਾਂ। ੪। ੧।

ਪਦਾਰਥ = ਸਾਹਾ (ਸੁ+ਅਹ)–ਚੰਗਾ ਦਿਨ (ਵਿਆਹ ਲਈ ਨੀਯਤ ਕੀਤਾ ਸਮਾਂ)। ਅਟਲੁ (ਅਟੱਲ ਪੜ੍ਹੋ)–ਨਾ ਖੁੰਝਣ ਵਾਲਾ। ਗਣਿਆ–ਗਿਣਿਆ (ਵਿਚਾਰਿਆ) ਗਿਆ। ਪੂਰਨ ਸੰਜੋਗੋ–ਪੂਰਨ ਪ੍ਰਭੂ ਦਾ ਮਿਲਾਪ। ਸੁਖਹ ਸਮੂਹ–ਸਾਰੇ ਸੁਖਾਂ ਦਾ। ਭਇਆ–ਹੋਇਆ। ਵਿਜੋਗੋ–ਵਿਛੋੜਾ। ਮਿਲਿ–ਮਿਲ ਕੇ। ਜਾਞੀਆਂ–ਲਾੜੇ ਦੇ ਸਾਥੀ (ਬਰਾਤੀ)। ਇਕਤ੍ਰ ਹੋਏ–ਇਕੱਠੇ ਹੋਏ। ਸਹਜਿ–ਸਹਜੇ ਹੀ। ਢੋਏ–ਢੁਕੇ (ਜੰਞ ਬਣ ਕੇ ਲਾੜੀ ਦੇ ਘਰ ਪਹੁੰਚੇ)। ਮਨਿ–ਮਨ ਵਿਚ। ਉਪਜੀ–ਪੈਦਾ ਹੋਈ। ਮਾਞੀਆ–ਲਾੜੀ ਦੇ ਪੇਕੇ ਘਰ ਦੇ ਸਬੰਧੀਆਂ ਦਾ ਜੁੜਿਆ ਮੇਲ। ਜੋਤਿ–ਜੀਵ ਦੀ ਆਤਮਾ। ਜੋਤੀ–ਪ੍ਰਭੂ ਦੀ ਜੋਤ। ਓਤਿ ਪੋਤੀ–ਤਾਣੇ ਪੇਟੇ ਵਾਂਗ। ਰਸ ਭੋਗੋ–ਸੁਆਦਲਾ ਭੋਜਨ। ਬਿਨਵੰਤਿ–ਬੇਨਤੀ ਕਰਦਾ ਹੈ। ਸਭ ਸੰਤਿ–ਸਾਰੇ ਸੰਤਾਂ ਨੇ। ਮੇਲੀ–ਮਿਲਾ ਦਿਤਾ। ਕਰਣ ਕਾਰਣ–ਜਗਤ ਦਾ ਮੂਲ; ਸਾਰੇ ਕਾਰਣ ਕਰਨ ਵਾਲਾ। ਜੋਗੋ–ਸਮਰੱਥ; ਲਾਇਕ। ੩। ਭਵਨੁ–ਘਰ (ਹਿਰਦਾ)। ਸੁਹਾਵੜਾ–ਸੋਹਣਾ। ਧਰਤਿ–ਬੁੱਧੀ ਰੂਪ

ਧਰਤੀ। ਸਭਾਗੀ-ਸ੍ਰੇਸਟ ਭਾਗਾਂ ਵਾਲੀ। ਘਰਿ-ਹਿਰਦੇ ਘਰ ਵਿਚ। ਆਇਅੜਾ-ਆ ਗਿਆ। ਸਹਜਿ-ਸਹਜੇ (ਸੁਭਾਵਕ) ਹੀ। ਜਾਗੀ-ਗਿਆਨ ਅਵਸਥਾ ਵਿਚ ਜਾਗ ਪਈ। ਸਗਲ-ਸਾਰੀਆਂ। ਪੁੰਨੀਆ-ਪੂਰੀਆਂ ਹੋ ਗਈਆਂ। ਧੂਰੀ-ਚਰਨ ਧੂੜ। ਕੰਤ-ਪਤੀ। ਵਿਛੁਨਿਆ-ਵਿਛੜਿਆ ਹੋਇਆ। ਅਨਦਿਨੁ-ਹਰ ਰੋਜ। ਵਜਹਿ ਵਾਜੇ-ਵਾਜੇ ਵਜਦੇ ਹਨ। ਅਹੰ ਮਤਿ-ਹਉਮੈ ਵਾਲੀ ਮੱਤ। ਤਿਆਗੀ-ਛਡ ਦਿਤੀ। ਸੰਤ ਸੰਗਿ-ਸੰਤਾਂ ਦੀ ਸੰਗਤ ਵਿਚ। ਲਿਵ ਲਾਗੀ-ਸੁਰਤ ਜੁੜ ਗਈ।੪।੧।

ਬਿਲਾਵਲੁ ਮਹਲਾ ੫ ॥ ਭਾਗ ਸੁਲਖਣਾ, ਹਰਿ ਕੰਤੁ ਹਮਾਰਾ ਰਾਮ ॥ ਅਨਹਦ ਬਾਜਿਤ੍ਰਾ, ਤਿਸੁ ਧੁਨਿ ਦਰਬਾਰਾ ਰਾਮ ॥ ਆਨੰਦ ਅਨਦਿਨੁ ਵਜਹਿ ਵਾਜੇ, ਦਿਨਸੁ ਰੈਣਿ ਉਮਾਹਾ ॥ ਤਹ ਰੋਗ ਸੋਗ ਨ ਦੂਖੁ ਬਿਆਪੈ, ਜਨਮ ਮਰਣੁ ਨ ਤਾਹਾ ॥ ਰਿਧਿ ਸਿਧਿ ਸੁਧਾ ਰਸੁ ਅੰਮ੍ਰਿਤੁ ,ਭਗਤਿ ਭਰੇ ਭੰਡਾਰਾ ॥ ਬਿਨਵੰਤਿ ਨਾਨਕ ਬਲਿਹਾਰਿ ਵੰਞਾ, ਪਾਰਬ੍ਰਹਮ ਪ੍ਰਾਨ ਅਧਾਰਾ ॥੧॥ ਸੁਣਿ ਸਖੀਅ ਸਹੇਲੜੀਹੋ, ਮਿਲਿ ਮੰਗਲੁ ਗਾਵਹ ਰਾਮ ॥ ਮਨਿ ਤਨਿ ਪ੍ਰੇਮੁ ਕਰੇ, ਤਿਸੁ ਪ੍ਰਭ ਕਉ ਰਾਵਹ ਰਾਮ ॥ ਕਰਿ ਪ੍ਰੇਮੁ ਰਾਵਹ ਤਿਸੈ ਭਾਵਹ, ਇਕ ਨਿਮਖ ਪਲਕ ਨ ਤਿਆਗੀਐ ॥ ਗਹਿ ਕੰਠਿ ਲਾਈਐ ਨਹ ਲਜਾਈਐ, ਚਰਨ ਰਜ ਮਨੁ ਪਾਗੀਐ ॥ ਭਗਤਿ ਠਗਉਰੀ ਪਾਇ ਮੋਹਹ, ਅਨਤ ਕਤਹੂ ਨ ਧਾਵਹ ॥ ਬਿਨਵੰਤਿ ਨਾਨਕ ਮਿਲਿ ਸੰਗਿ ਸਾਜਨ, ਅਮਰ ਪਦਵੀ ਪਾਵਹ ॥੨॥ (ਹੇ ਸਖੀਏ ! ਮੇਰਾ) ਭਾਗ ਚੰਗਾ ਹੈ, ਹਰੀ ਸਾਡਾ (ਸਭ ਜੀਵ ਇਸਤ੍ਰੀਆਂ ਦਾ) ਪਤੀ ਬਣਿਆ ਹੈ; ਸਾਡਾ ਪਤੀ ਪ੍ਰਮੇਸਰ ਚੰਗੇ ਲੱਛਣਾ ਵਾਲੇ ਭਾਗਾਂ ਵਾਲਾ ਹੈ। ਉਸ ਪ੍ਰਭੂ ਦੇ ਦਰਬਾਰ ਵਿਚ ਵਾਜਿਆਂ ਦੀ ਇਕ ਰਸ ਧੁਨੀ ਵਜ ਰਹੀ ਹੈ। ਉਥੇ ਹਰ ਰੋਜ ਅਨੰਦ ਦੇਣ ਵਾਲੇ ਵਾਜੇ ਵਜਦੇ ਹਨ ਅਤੇ ਦਿਨ ਰਾਤ ਉਤਸ਼ਾਹ ਬਣਿਆ ਰਹਿੰਦਾ ਹੈ। ਉਥੇ (ਹਰੀ ਦੇ ਦਰਬਾਰ ਵਿਚ ਕੋਈ) ਰੋਗ, ਸੋਗ ਤੇ ਦੁਖ ਨਹੀਂ ਲਗਦਾ ਹੈ, ਨਾ ਹੀ ਉਥੇ ਜਨਮ ਮਰਨ ਹੁੰਦਾ ਹੈ। (ਉਥੇ ਪ੍ਰਭੂ ਦੇ ਦਰਬਾਰ ਵਿਚ) ਰਿਧੀਆਂ ਸਿਧੀਆਂ ਰੂਪ ਅੰਮ੍ਰਿਤ ਤੇ ਨਾਮ ਰੂਪ ਅੰਮ੍ਰਿਤ ਰਸ ਮੌਜੂਦ ਹੈ ਅਤੇ (ਉਥੇ) ਭਗਤੀ ਦੇ ਭੰਡਾਰ ਭਰੇ ਪਏ ਹਨ। ਨਾਨਕ ਬੇਨਤੀ ਕਰਦਾ ਹੈ ਕਿ ਪਾਰਬ੍ਰਹਮ (ਸਾਰੇ ਜੀਵਾਂ ਦੇ) ਪ੍ਰਾਣਾਂ ਦਾ ਆਸਰਾ ਹੈ, ਮੈਂ (ਉਸ ਤੋਂ) ਬਲਿਹਾਰ ਜਾਂਦਾ ਹਾਂ।੧। ਹੇ ਸਖੀਓ ਸਹੇਲੀਓ ! ਸੁਣੋ, (ਆਓ ਆਪਾਂ) ਮਿਲ ਕੇ ਪਤੀ ਪ੍ਰਭੂ ਦੇ ਜਸ ਦਾ ਗੀਤ ਗਾਈਏ। ਮਨ ਵਿਚ ਤੇ ਸਰੀਰ ਵਿਚ (ਪਤੀ ਪ੍ਰਭੂ ਨਾਲ) ਪ੍ਰੇਮ ਕਰਕੇ ਉਸ ਨੂੰ ਯਾਦ ਕਰੀਏ। ਪ੍ਰੇਮ ਕਰਕੇ (ਉਸ ਨੂੰ) ਯਾਦ ਕਰੀਏ ਤੇ ਉਸ ਨੂੰ ਚੰਗੀਆਂ ਲਗੀਏ, ਇਕ ਪਲ ਇਕ ਨਿਮਖ ਭਰ ਵੀ (ਉਸ ਨੂੰ) ਨਾ ਛੱਡੀਏ। (ਉਸ ਨੂੰ) ਫੜ ਕੇ ਗਲੇ ਨਾਲ ਲਾ ਲਈਏ, ਲੱਜਾ ਨਾ ਕਰੀਏ ਤੇ ਅਪਣੇ ਮਨ ਨੂੰ (ਉਸ ਦੀ) ਚਰਨ ਧੂੜ ਵਿਚ ਲਬੇੜ ਲਈਏ। ਭਗਤੀ ਰੂਪ ਠਗਬੂਟੀ ਪਾ ਕੇ (ਉਸ ਦਾ ਮਨ ਅਸੀਂ) ਮੋਹ (ਵਸ ਵਿਚ ਕਰ) ਲਈਏ, ਹੋਰ ਕਿਸੇ ਪਾਸੇ ਨਾ ਦੌੜੀਏ; (ਫਿਰ ਸਾਨੂੰ ਛਡ ਕੇ ਉਹ) ਕਿਸੇ ਹੋਰ ਪਾਸੇ ਨਹੀਂ ਜਾਵੇਗਾ {ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ ੨੪੯}। ਨਾਨਕ ਬੇਨਤੀ ਕਰਦਾ ਹੈ ਕਿ ਸੱਜਨ ਪ੍ਰਭੂ ਨਾਲ ਮਿਲ ਕੇ (ਅਸੀਂ) ਅਮਰ ਪਦਵੀ ਪਾ ਲਈਏ।੨।

ਪਦਾਰਥ = ਭਾਗ-(ਚੰਗੇ) ਭਾਗਾਂ ਵਾਲਾ। ਸੁਲਖਣਾ (ਸੁਲੱਖਣਾ ਪੜ੍ਹੋ)-ਸੋਹਣੇ ਲੱਛਣਾ ਵਾਲਾ। ਕੰਤ-ਪਤੀ। ਹਮਾਰਾ-ਸਾਡਾ। ਅਨਹਦ-(ਬਿਨਾ ਵਜਾਏ) ਇਕ ਰਸ; ਲਗਾਤਾਰ। ਬਾਜਿਤ੍ਰਾ-ਵਾਜਿਆਂ ਦੀ। ਤਿਸੁ ਦਰਬਾਰਾ-ਉਸ ਦੇ ਦਰਬਾਰ ਵਿਚ। ਧੁਨਿ-ਧੁਨੀ (ਸ਼ਬਦ ਦੀ ਗੂੰਜ)। ਅਨਦਿਨੁ-ਹਰ ਰੋਜ। ਵਜਹਿ-ਵਜਦੇ ਹਨ। ਰੈਣਿ-ਰਾਤ। ਉਮਾਹਾ-ਉਤਸ਼ਾਹ। ਤਹ-ਉਥੇ (ਦਰਬਾਰ ਵਿਚ)। ਨ ਬਿਆਪੈ-ਨਹੀਂ ਲਗਦਾ। ਤਾਹਾ-ਉਥੇ। ਰਿਧਿ ਸਿਧਿ-ਕਰਾਮਾਤੀ ਸ਼ਕਤੀਆਂ। ਸੁਧਾ ਰਸੁ-ਅੰਮ੍ਰਿਤ ਰਸ; ਨਿਰਾ ਅਨੰਦ। ਬਿਨਵੰਤਿ-ਬੇਨਤੀ ਕਰਦਾ ਹੈ। ਬਲਿਹਾਰਿ ਵੰਞਾ-ਸਦਕੇ ਜਾਂਦਾ ਹੈ। ਪ੍ਰਾਨ ਅਧਾਰਾ-ਪ੍ਰਾਣਾਂ (ਜੀਵਨ) ਦਾ ਆਸਰਾ।੧। ਸਖੀਅ-ਹੇ ਸਖੀਓ !। ਸਹੇਲੜੀਹੋ-ਹੇ ਸਹੇਲੀਓ !। ਮਿਲਿ-ਮਿਲ ਕੇ। ਮੰਗਲ-ਜਸ ਦਾ ਗੀਤ। ਗਾਵਹ-(ਆਪਾਂ) ਗਾਈਏ। ਮਨਿ-ਮਨ ਵਿਚ। ਤਨਿ-ਸਰੀਰ ਵਿਚ। ਕਰੇ-ਕਰਕੇ। ਤਿਸੁ ਕਉ-ਉਸ ਨੂੰ। ਰਾਵਹ-ਯਾਦ ਕਰੀਏ; ਮਾਣੀਏ। ਤਿਸੈ-ਉਸ ਨੂੰ। ਭਾਵਹ-ਚੰਗਆਂ ਲਗੀਏ। ਇਕ ਨਿਮਖ-ਅੱਖ ਝਮਕਣ ਜਿੰਨਾ ਸਮਾਂ। ਪਲਕ-ਇਕ ਪਲ ਮਾਤ੍ਰ। ਨ ਤਿਆਗੀਐ-ਨਾ ਛਡੀਏ। ਗਹਿ-ਫੜ ਕੇ। ਕੰਠਿ-ਗਲ ਨਾਲ। ਨਹ ਲਜਾਈਐ-(ਲੱਜਾਈਐ ਪੜ੍ਹੋ) ਸ਼ਰਮ ਨਾ ਕਰੀਏ। ਚਰਨ ਰਜ-ਚਰਨ ਧੂੜ ਨਾਲ। ਪਾਗੀਐ-ਰੰਗੀਏ; ਲਬੇੜੀਏ; ਡਬੋਈਏ; ਮਗਨ ਕਰੀਏ। ਠਗਉਰੀ-ਠਗ ਬੂਟੀ। ਪਾਇ-ਪਾ ਕੇ। ਮੋਹਹ-ਅਸੀਂ ਮੋਹ ਲਈਏ। ਅਨਤ ਕਤਹੂ-ਕਿਸੇ ਹੋਰ ਪਾਸੇ। ਧਾਵਹ-ਦੌੜੀਏ। ਸੰਗਿ ਸਾਜਨ-ਸੱਜਨ ਪ੍ਰਭੂ ਨਾਲ। ਪਾਵਹ-ਪ੍ਰਾਪਤ ਕਰ ਲਈਏ।੨।

ਬਿਸਮਨ ਬਿਸਮ ਭਈ, ਪੇਖਿ ਗੁਣ ਅਬਿਨਾਸੀ ਰਾਮ ॥ ਕਰੁ ਗਹਿ ਭੁਜਾ ਗਹੀ, ਕਟਿ ਜਮ ਕੀ ਫਾਸੀ ਰਾਮ ॥ ਗਹਿ ਭੁਜਾ ਲੀਨ੍ਹੀ ਦਾਸਿ ਕੀਨ੍ਹੀ, ਅੰਕੁਰਿ ਉਦੋਤੁ ਜਣਾਇਆ ॥ ਮਲਨ ਮੋਹ ਬਿਕਾਰ ਨਾਠੇ, ਦਿਵਸ ਨਿਰਮਲ ਆਇਆ ॥ ਦ੍ਰਿਸਟਿ ਧਾਰੀ

ਮਨਿ ਪਿਆਰੀ, ਮਹਾ ਦੁਰਮਤਿ ਨਾਸੀ ॥ ਬਿਨਵੰਤਿ ਨਾਨਕ ਭਈ ਨਿਰਮਲ, ਪ੍ਰਭ ਮਿਲੇ ਅਬਿਨਾਸੀ ॥੩॥ ਸੂਰਜ ਕਿਰਣਿ ਮਿਲੇ, ਜਲ ਕਾ ਜਲੁ ਹੂਆ ਰਾਮ ॥ ਜੋਤੀ ਜੋਤਿ ਰਲੀ, ਸੰਪੂਰਨੁ ਥੀਆ ਰਾਮ ॥ ਬ੍ਰਹਮੁ ਦੀਸੈ ਬ੍ਰਹਮੁ ਸੁਣੀਐ, ਏਕੁ ਏਕੁ ਵਖਾਣੀਐ ॥ ਆਤਮ ਪਸਾਰਾ ਕਰਣਹਾਰਾ, ਪ੍ਰਭ ਬਿਨਾ ਨਹੀ ਜਾਣੀਐ ॥ ਆਪਿ ਕਰਤਾ ਆਪਿ ਭੁਗਤਾ, ਆਪਿ ਕਾਰਣੁ ਕੀਆ ॥ ਬਿਨਵੰਤਿ ਨਾਨਕ ਸੇਈ ਜਾਣਹਿ, ਜਿਨ੍ਹੀ ਹਰਿ ਰਸੁ ਪੀਆ ॥੪॥੨॥ (ਹੇ ਸਹੇਲੀਓ!) ਨਾਸ਼ ਰਹਿਤ ਪ੍ਰਭੂ ਦੇ ਗੁਣ ਦੇਖ ਕੇ ਮੈਂ ਹੈਰਾਨ ਤੋਂ ਹੈਰਾਨ (ਬਹੁਤ ਮੁਗਧ) ਹੋ ਗਈ ਹਾਂ। ਪ੍ਰਭੂ ਨੇ ਮਨ ਰੂਪ ਹੱਥ ਫੜ ਕੇ ਮੇਰੀ ਬਿਰਤੀ ਰੂਪ ਬਾਂਹ ਫੜ ਲਈ ਅਤੇ ਜਮ ਦੀ ਫਾਹੀ ਕਟ ਦਿਤੀ ਹੈ। (ਉਸ ਨੇ ਮੇਰੀ ਬਿਰਤੀ ਰੂਪ) ਬਾਂਹ ਫੜ ਲਈ, (ਮੈਨੂੰ ਅਪਣੀ) ਦਾਸੀ ਬਣਾ ਲਿਆ ਅਤੇ ਭਾਗਾਂ ਦਾ ਬੀਜ ਪੁੰਗ੍ਰਦਾ (ਅੰਗੂਰ) ਪ੍ਰਤੱਖ ਜਣਾ (ਦਿਖਾ) ਦਿਤਾ; ਗਿਆਨ ਦਾ ਪ੍ਰਕਾਸ਼ ਉਦੇ ਹੁੰਦਾ ਜਣਾ ਦਿਤਾ। ਮੋਹ ਆਦਿਕ ਦੇ ਮੈਲੇ ਵਿਕਾਰ ਨੱਸ ਗਏ ਅਤੇ (ਪ੍ਰਭੂ ਦੇ ਮਿਲਾਪ ਦਾ) ਪਵਿਤ੍ਰ ਦਿਨ ਆ ਗਿਆ ਹੈ। (ਜਦ ਪ੍ਰਭੂ ਨੇ) ਮੇਹਰ ਦੀ ਨਜਰ ਕੀਤੀ ਤਾਂ ਵੱਡੀ ਖੋਟੀ ਬੁੱਧੀ ਨਾਸ਼ ਹੋ ਗਈ ਅਤੇ ਮੈਂ (ਉਸ ਦੇ) ਮਨ ਵਿਚ ਪਿਆਰੀ ਲੱਗਣ ਲਗ ਪਈ ਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ (ਹੁਣ ਮੈਂ) ਪਵਿਤ੍ਰ ਜੀਵਨ ਵਾਲੀ ਹੋ ਗਈ ਹਾਂ, (ਕਿਉਂਕਿ) ਨਾਸ਼ ਰਹਿਤ ਪ੍ਰਭੂ ਜੀ ਮਿਲ ਪਏ ਹਨ।੩। ਸੂਰਜ ਦੀਆਂ ਕਿਰਨਾਂ ਨਾਲ ਮਿਲ (ਬਰਫ ਦਾ ਟੁਕੜਾ ਪਿਘਲ) ਕੇ ਪਾਣੀ ਦਾ ਪਾਣੀ ਹੋ ਗਿਆ ਹੈ (ਪਾਣੀ ਜੰਮ ਕੇ ਬਰਫ ਹੋ ਗਿਆ ਸੀ, ਜੋ ਪਾਣੀ ਨਾਲੋਂ ਵਖਰੀ ਦਿਸਦੀ ਹੈ, ਪਰ ਸੂਰਜ ਦੀ ਤਪਸ਼ ਨਾਲ ਬਰਫ ਪਿਘਲ ਕੇ ਪਾਣੀ ਹੋ ਗਿਆ, ਜੋ ਪਹਿਲਾਂ ਵੀ ਪਾਣੀ ਹੀ ਸੀ। ਇਸੇ ਤਰ੍ਹਾਂ ਗੁਰੂ ਰੂਪ ਸੂਰਜ ਦੀ ਉਪਦੇਸ਼ ਰੂਪ ਕਿਰਣ ਮਿਲਣ ਕਰਕੇ ਮਨੁੱਖ ਆਪਾ ਭਾਵ ਛਡ ਕੇ ਪ੍ਰਭੂ ਰੂਪ ਹੋ ਗਿਆ। ਮਨੁੱਖ ਦੀ) ਆਤਮਕ ਜੋਤ ਪ੍ਰਭੂ ਦੀ ਜੋਤ ਵਿਚ ਰਲ ਗਈ, ਮਨੁੱਖ ਸੰਪੂਰਨ ਪ੍ਰਭੂ ਦਾ ਰੂਪ ਹੋ ਗਿਆ। (ਹੁਣ ਉਸ ਨੂੰ ਜੋ ਕੁਛ) ਦਿਸਦਾ ਹੈ, ਬ੍ਰਹਮ ਹੀ ਹੈ, (ਹਰੇਕ ਜੀਵ ਵਿਚ ਪ੍ਰਭੂ ਬੋਲਦਾ) ਸੁਣੀਦਾ ਹੈ ਅਤੇ (ਹਰ ਥਾਂ) ਇਕੋ ਇਕ ਬ੍ਰਹਮ ਬੋਲਦਾ (ਪ੍ਰਤੀਤ ਹੁੰਦਾ) ਹੈ। (ਉਹ ਜਾਣ ਗਿਆ ਹੈ ਕਿ ਹਰੇਕ ਜੀਵ ਦੀ) ਆਤਮਾ, ਕਰਨਹਾਰ ਪ੍ਰਭੂ ਦਾ ਹੀ ਪਸਾਰਾ ਹੈ, (ਉਹ) ਪ੍ਰਭੂ ਤੋਂ ਹੋਰ ਕਿਸੇ ਨੂੰ (ਕਰਣਹਾਰ) ਨਹੀਂ ਜਾਣਦਾ। (ਉਸ ਨੂੰ ਗਿਆਨ ਹੋ ਗਿਆ ਹੈ ਕਿ) ਸ੍ਰਿਸਟੀ ਨੂੰ ਪੈਦਾ ਕਰਨ ਵਾਲਾ ਪ੍ਰਭੂ ਆਪ ਹੈ, (ਜੀਵ ਰੂਪ ਹੋ ਕੇ) ਪ੍ਰਭੂ ਆਪ ਹੀ ਭੋਗਣ ਵਾਲਾ ਹੈ ਅਤੇ ਆਪ ਹੀ ਕਾਰਣ ਰੂਪ ਹੋ ਕੇ (ਉਸ ਨੇ ਜਗਤ) ਪੈਦਾ ਕੀਤਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਇਸ ਉਚੀ ਅਵਸਥਾ ਨੂੰ) ਉਹ ਪੁਰਖ ਹੀ ਜਾਣਦੇ ਹਨ, ਜਿਨ੍ਹਾਂ ਨੇ ਹਰੀ ਦਾ ਨਾਮ ਰਸ ਪੀਤਾ ਹੈ।੪।੨।

ਪਦਾਰਥ = ਬਿਸਮਨ ਬਿਸਮ–ਹੈਰਾਨ ਤੋਂ ਹੈਰਾਨ (ਆਤਮ ਰਸ ਪ੍ਰਾਪਤ ਹੋ ਕੇ ਮਨ ਦੀ ਸਹਿਜ ਅਨੰਦ ਵਾਲੀ ਅਵਸਥਾ)। ਭਈ–ਹੋ ਗਈ ਹਾਂ। ਪੇਖਿ–ਦੇਖ ਕੇ। ਅਬਿਨਾਸੀ–ਨਾਸ਼ ਰਹਿਤ ਪ੍ਰਭੂ। ਕਰੁ–ਹੱਥ। ਗਹਿ–ਫੜ ਕੇ। ਭੁਜਾ–ਬਾਂਹ। ਗਹੀ–ਫੜ ਲਈ। ਕਟਿ –ਕੱਟ ਦਿਤੀ। ਫਾਸੀ–ਫਾਹੀ। ਗਹਿ ਲੀਨ੍ਹੀ–ਫੜ ਲਈ। ਦਾਸਿ ਕੀਨ੍ਹੀ–ਦਾਸੀ ਕਰ (ਬਣਾ) ਲਿਆ। ਅੰਕੁਰਿ ਜਣਾਇਆ–ਅੰਗੂਰ (ਭਾਗਾਂ ਦਾ ਬੀਜ ਪੁੰਗਰਦਾ) ਜਣਾ (ਦਿਖਾ) ਦਿਤਾ)। ਉਦੋਤੁ–ਗਿਆਨ ਦਾ ਪ੍ਰਕਾਸ਼; ਉਦੈ ਹੁੰਦਾ। ਮਲਨ–ਮੈਲੇ। ਨਾਠੇ–ਨੱਸ ਗਏ। ਦਿਵਸ ਨਿਰਮਲ–ਪਵਿਤ੍ਰ ਦਿਨ। ਦ੍ਰਿਸਟਿ ਧਾਰੀ–ਮੇਹਰ ਦੀ ਨਜਰ ਕੀਤੀ। ਮਨਿ–ਮਨ ਵਿਚ। ਮਹਾ ਦੁਰਮਤਿ–ਵੱਡੀ ਖੋਟੀ ਬੁੱਧੀ। ਨਾਸੀ–ਨਾਸ਼ ਹੋ ਗਈ। ਬਿਨਵੰਤਿ–ਆਖਦਾ ਹੈ।੩। ਮਿਲੇ–ਮਿਲ ਕੇ। ਕਿਰਣਿ–ਕਿਰਣਾਂ ਨਾਲ। ਜੋਤੀ–ਪ੍ਰਭੂ ਦੀ ਜੋਤ। ਜੋਤਿ–ਮਨੁੱਖ ਸੀ ਆਤਮਕ ਜੋਤ। ਰਲੀ–ਮਿਲ ਗਈ। ਸੰਪੂਰਨੁ ਥੀਆ–ਪ੍ਰਭੂ ਦਾ ਪੂਰਨ ਰੂਪ ਹੋ ਗਿਆ। ਦੀਸੈ–ਦਿਸਦਾ ਹੈ। ਸੁਣੀਐ–ਸੁਣੀਦਾ ਹੈ। ਏਕੁ ਏਕੁ–ਇਕੋ ਇਕ। ਵਖਾਣੀਐ–ਬੋਲਦਾ (ਪ੍ਰਤੀਤ ਹੁੰਦਾ ਹੈ)। ਕਰਣਹਾਰਾ–ਸਿਰਜਣਹਾਰ ਪ੍ਰਭੂ। ਕਰਤਾ–ਕਰਤਾਰ। ਭੁਗਤਾ–ਭੋਗਣ ਵਾਲਾ। ਕਾਰਣੁ ਕੀਆ–ਕਾਰਣ ਰੂਪ ਹੋ ਕੇ ਜਗਤ ਪੈਦਾ ਕੀਤਾ। ਸੇਈ–ਉਹ ਹੀ। ਪੀਆ–ਪੀਤਾ ਹੈ।੪।੨।

ਅੰਗ ੮੪੭ = ਬਿਲਾਵਲੁ ਮਹਲਾ ੫ ਛੰਤ ੴ ਸਤਿਗੁਰ ਪ੍ਰਸਾਦਿ ॥ ਸਖੀ ਆਉ ਸਖੀ, ਵਸਿ ਆਉ ਸਖੀ, ਅਸੀ ਪਿਰ ਕਾ ਮੰਗਲੁ ਗਾਵਹ ॥ ਤਜਿ ਮਾਨੁ ਸਖੀ ਤਜਿ ਮਾਨੁ ਸਖੀ, ਮਤੁ ਆਪਣੇ ਪ੍ਰੀਤਮ ਭਾਵਹ ॥ ਤਜਿ ਮਾਨੁ ਮੋਹੁ ਬਿਕਾਰੁ ਦੂਜਾ ,ਸੇਵਿ ਏਕੁ ਨਿਰੰਜਨੋ ॥ ਲਗੁ ਚਰਣ ਸਰਣ ਦਇਆਲ ਪ੍ਰੀਤਮ, ਸਗਲ ਦੁਰਤ ਬਿਖੰਡਨੋ ॥ ਹੋਇ ਦਾਸ ਦਾਸੀ ਤਜਿ ਉਦਾਸੀ, ਬਹੁੜਿ ਬਿਧੀ ਨ ਧਾਵਾ ॥ ਨਾਨਕੁ ਪਇਅੰਪੈ ਕਰਹੁ ਕਿਰਪਾ, ਤਾਮਿ ਮੰਗਲੁ ਗਾਵਾ ॥੧॥ ਅੰਮ੍ਰਿਤੁ ਪ੍ਰਿਅ ਕਾ ਨਾਮੁ ,ਮੈ ਅੰਧੁਲੇ ਟੋਹਨੀ ॥ ਓਹ ਜੋਹੈ ਬਹੁ ਪਰਕਾਰ, ਸੁੰਦਰਿ ਮੋਹਨੀ ॥ ਮੋਹਨੀ ਮਹਾ ਬਚਿਤ੍ਰਿ ਚੰਚਲਿ, ਅਨਿਕ ਭਾਵ ਦਿਖਾਵਏ ॥ ਹੋਇ ਢੀਠ ਮੀਠੀ ਮਨਹਿ ਲਾਗੈ, ਨਾਮੁ ਲੈਣ ਨ ਆਵਏ ॥ ਗ੍ਰਿਹ ਬਨਹਿ ਤੀਰੈ ਬਰਤ ਪੂਜਾ, ਬਾਟ ਘਾਟੈ ਜੋਹਨੀ ॥ ਨਾਨਕੁ ਪਇਅੰਪੈ ਦਇਆ ਧਾਰਹੁ ,ਮੈ ਨਾਮੁ ਅੰਧੁਲੇ ਟੋਹਨੀ ॥੨॥ (ਗੁਰਮੁਖ ਸਖੀ ਮਧਿਮ ਸਖੀ ਨੂੰ ਆਖਦੀ ਹੈ ਕਿ) ਹੇ ਸਖੀ! ਤੂੰ ਆ, ਹੇ

ਸਖੀ! (ਤੂੰ ਪ੍ਰਭੂ ਦੇ) ਵਸ ਵਿਚ ਆ ਜਾ, ਅਸੀਂ ਮਿਲ ਕੇ ਪਤੀ ਪ੍ਰਭੂ ਦਾ ਮੰਗਲ ਗਾਈਏ। ਹੇ ਸਖੀ! (ਸਾਧਨਾ ਦਾ) ਮਾਣ ਛਡ ਦੇਹ, ਹੇ ਸਖੀ! (ਲੋਕਾਂ ਦੀ ਵਡਿਆਈਆਂ ਦਾ) ਮਾਣ ਵੀ ਛਡ ਦੇਹ, ਸ਼ਾਇਦ ਅਪਣੇ ਪ੍ਰੀਤਮ ਨੂੰ ਚੰਗੀਆਂ ਲਗ ਜਾਈਏ। ਮਾਣ ਤੇ ਮੋਹ ਆਦਿ ਬਿਕਾਰ ਅਤੇ ਦੂਜਾ ਭਾਉ ਛਡ ਕੇ ਮਾਇਆ ਤੋਂ ਨਿਰਲੇਪ ਇਕ ਪ੍ਰਭੂ ਦੀ ਸੇਵਾ ਭਗਤੀ ਕਰਿਆ ਕਰ। ਦਇਆ ਦੇ ਘਰ ਪ੍ਰੀਤਮ ਦੇ ਚਰਨਾਂ ਦੀ ਸ਼ਰਣ ਵਿਚ ਲਗ ਜਾ, ਜੋ ਸਾਰੇ ਪਾਪ ਨਾਸ਼ ਕਰਨ ਵਾਲਾ ਹੈ। ਉਦਾਸੀ ਛਡ ਕੇ (ਪ੍ਰਭੂ ਦੇ) ਦਾਸਾਂ ਦੀ ਦਾਸੀ ਹੋ ਜਾ ਅਤੇ (ਅਰਦਾਸ ਕਰ ਕਿ ਹੇ ਪ੍ਰਭੂ!) ਮੈਂ ਮੁੜ ਕੇ ਕਿਸੇ ਹੋਰ ਵਿਧੀਆਂ ਵੱਲ ਦੌੜਦਾ ਨਾ ਫਿਰਾਂ। ਨਾਨਕ ਆਖਦਾ ਹੈ ਕਿ ਹੇ ਪ੍ਰਭੂ! (ਮੇਰੇ ਤੇ) ਕ੍ਰਿਪਾ ਕਰੋ, ਤਾਂ ਜੋ ਮੈਂ ਵੀ ਤੇਰਾ ਮੰਗਲ ਗਾਵਾਂ।੧। (ਹੇ ਸਖੀ! ਜੋ) ਪਤੀ ਪ੍ਰਭੂ ਦਾ ਨਾਮ ਅੰਮ੍ਰਿਤ ਹੈ, (ਉਹ) ਮੇਰੇ ਅੰਨ੍ਹੇ ਲਈ ਸੋਟੀ ਦਾ ਆਸਰਾ ਰੂਪ ਹੈ। ਉਹ ਸੁੰਦਰ ਮਾਇਆ ਬਹੁਤ ਪ੍ਰਕਾਰ ਨਾਲ (ਸਾਨੂੰ ਜੀਵਾਂ ਨੂੰ) ਦੇਖਦੀ ਹੈ। ਮਾਇਆ ਬਹੁਤ ਹੈਰਾਨ ਕਰਨ ਵਾਲੀ ਹੈ ਤੇ ਚੰਚਲ ਹੈ ਅਤੇ ਅਨੇਕਾਂ ਹਾਵ ਭਾਵ ਦਿਖਾਉਂਦੀ ਹੈ। ਢੀਠ ਹੋਈ ਮਾਇਆ ਮਨ ਵਿਚ ਮਿੱਠੀ ਲਗਦੀ ਹੈ, (ਇਸ ਦੇ ਕਰਕੇ ਮਨੁੱਖ ਨੂੰ) ਪ੍ਰਭੂ ਦਾ ਨਾਮ ਲੈਣਾ (ਜਪਣਾ) ਨਹੀਂ ਆਉਂਦਾ। ਇਹ ਘਰ ਵਿਚ, ਜੰਗਲ ਵਿਚ, ਤੀਰਥਾਂ ਦੇ ਕੰਢਿਆਂ ਉਤੇ, ਵਰਤ ਰੱਖਦਿਆਂ, ਪੂਜਾ ਕਰਦਿਆਂ, ਰਸਤੇ ਤੇ ਚਲਦਿਆਂ ਤੇ ਪੱਤਣ ਲੰਘਦਿਆਂ (ਮਨੁੱਖਾਂ ਨੂੰ ਡੁਲਾਉਣ ਵਾਸਤੇ) ਸਭ ਜਗ੍ਹਾ ਤਾੜਦੀ ਰਹਿੰਦੀ ਹੈ। ਨਾਨਕ ਆਖਦਾ ਹੈ ਕਿ (ਹੇ ਪ੍ਰਭੂ! ਮੇਰੇ ਉਤੇ) ਦਇਆ ਕਰੋ, ਮੈਨੂੰ ਅੰਨ੍ਹੇ ਨੂੰ (ਮਾਇਆ ਤੋਂ ਬਚਣ ਵਾਸਤੇ ਤੇਰਾ) ਨਾਮ ਰੂਪ ਸੋਟੀ ਮਿਲ ਜਾਵੇ।੨।

ਪਦਾਰਥ = ਸਖੀ–ਹੇ ਸਖੀ!। ਵਸਿ–ਵਸ ਵਿਚ; ਰਜ਼ਾ ਵਿਚ। ਪਿਰ ਕਾ–ਪਤੀ ਦਾ। ਮੰਗਲੁ–ਸਿਫਤ ਸਲਾਹ ਦਾ ਗੀਤ। ਗਾਵਹ–ਅਸੀਂ ਗਾਈਏ। ਤਜਿ–ਛਡ ਦੇਹ। ਮਾਨੁ–ਹੰਕਾਰ। ਮਤੁ–ਸ਼ਾਇਦ। ਪ੍ਰੀਤਮ ਭਾਵਹ–ਪ੍ਰੀਤਮ ਨੂੰ ਚੰਗੀਆਂ ਲੱਗੀਏ। ਦੂਜਾ–ਕਿਸੇ ਦੂਜੇ ਦਾ ਪਿਆਰ। ਸੇਵਿ–ਸੇਵਾ ਭਗਤੀ ਕਰ। ਨਿਰੰਜਨੋ–ਮਾਇਆ ਤੋਂ ਨਿਰਲੇਪ ਪ੍ਰਭੂ। ਸਗਲ–ਸਾਰੇ। ਦੁਰਤ–ਪਾਪ। ਬਿਖੰਡਨੋ–ਨਾਸ਼ ਕਰ ਦੇਣ ਵਾਲਾ। ਦਾਸ ਦਾਸੀ–ਦਾਸਾਂ ਦੀ ਦਾਸੀ। ਉਦਾਸੀ–ਨਿਰਾਸਤਾ; ਉਪਰਾਮਤਾ। ਬਹੁੜਿ–ਮੁੜ ਕੇ। ਬਿਧੀ–ਤਰੀਕਿਆਂ ਨਾਲ; ਕੁਮਾਰਗ (ਮ.ਕੋ.)। ਨ ਧਾਵਾ–ਨਾ ਦੌੜਦਾ ਫਿਰਾਂ; ਨਾ ਭਟਕਾਂ। ਪਇਅੰਪੈ–ਆਖਦਾ ਹੈ। ਤਾਮਿ–ਤਾਂ ਕਿ। ਗਾਵਾ–ਮੈਂ ਗਾਵਾਂ।੧। ਪ੍ਰਿਅ ਕਾ–ਪਤੀ ਪ੍ਰਭੂ ਦਾ। ਅੰਧੁਲੇ–ਅੰਨ੍ਹੇ ਲਈ। ਟੋਹਨੀ–ਸੋਟੀ (ਜਿਸ ਨਾਲ ਅੰਨ੍ਹਾ ਮਨੁੱਖ ਟੋਹ ਟੋਹ ਕੇ ਤੁਰਦਾ ਹੈ)। ਜੋਹੈ–ਦੇਖਦੀ ਹੈ। ਬਹੁ–ਬਹੁਤ। ਸੁੰਦਰਿ ਮੋਹਨੀ–ਸੁੰਦਰ ਮਾਇਆ। ਮਹਾ ਬਚਿਤ੍ਰਿ–ਬਹੁਤ ਹੈਰਾਨ ਕਰਨ ਵਾਲੀ; ਬਹੁਤ ਰੰਗਾਂ ਵਾਲੀ। ਭਾਵ–ਨਖਰੇ (ਹਾਵ ਭਾਵ)। ਦਿਖਾਵਏ–ਦਿਖਾਉਂਦੀ ਹੈ। ਹੋਇ ਢੀਠ–ਬੇਸ਼ਮਰਮ ਹੋਈ। ਮਨਹਿ–ਮਨ ਵਿਚ। ਲੈਣ ਨ ਆਵਏ–ਜਪਣਾ ਨਹੀਂ ਆਉਂਦਾ। ਗ੍ਰਿਹ–ਘਰ। ਬਨਹਿ–ਜੰਗਲ ਵਿਚ। ਤੀਰੈ–ਤੀਰਥਾਂ ਦੇ ਕੰਢਿਆਂ ਉਤੇ। ਬਰਤ–ਵਰਤ। ਬਾਟ–ਰਸਤਾ। ਘਾਟ–ਪੱਤਣ ਲੰਘਦਿਆਂ। ਜੋਹਨੀ–ਤਾੜਦੀ ਹੈ। ਦਇਆ ਧਾਰਹੁ–ਦਇਆ ਕਰੋ।੨।

ਮੋਹਿ ਅਨਾਥ ਪ੍ਰਿਅ ਨਾਥ, ਜਿਉ ਜਾਨਹੁ ਤਿਉ ਰਖਹੁ ॥ ਚਤੁਰਾਈ ਮੋਹਿ ਨਾਹਿ, ਰੀਝਾਵਉ ਕਹਿ ਮੁਖਹੁ ॥ ਨਹ ਚਤੁਰਿ ਸੁਘਰਿ ਸੁਜਾਨ ਬੇਤੀ, ਮੋਹਿ ਨਿਰਗੁਨਿ ਗੁਨੁ ਨਹੀ ॥ ਨਹ ਰੂਪ ਧੂਪ ਨ ਨੈਣ ਬੰਕੇ, ਜਹ ਭਾਵੈ ਤਹ ਰਖੁ ਤੁਹੀ ॥ ਜੈ ਜੈ ਜਇਅੰਪਹਿ ਸਗਲ ਜਾ ਕਉ ,ਕਰੁਣਾਪਤਿ ਗਤਿ ਕਿਨਿ ਲਖਹੁ ॥ ਨਾਨਕੁ ਪਇਅੰਪੈ ਸੇਵ ਸੇਵਕੁ ,ਜਿਉ ਜਾਨਹੁ ਤਿਉ ਮੋਹਿ ਰਖਹੁ ॥੩॥ ਮੋਹਿ ਮਛੁਲੀ ਤੁਮ ਨੀਰ, ਤੁਝ ਬਿਨੁ ਕਿਉ ਸਰੈ ॥ ਮੋਹਿ ਚਾਤ੍ਰਿਕ ਤੁਮ੍ ਬੂੰਦ, ਤ੍ਰਿਪਤਉ ਮੁਖਿ ਪਰੈ ॥ ਮੁਖਿ ਪਰੈ ਹਰੈ ਪਿਆਸ ਮੇਰੀ, ਜੀਅ ਹੀਆ ਪ੍ਰਾਨਪਤੇ ॥ ਲਾਡਿਲੇ ਲਾਡ ਲਡਾਇ ਸਭ ਮਹਿ, ਮਿਲੁ ਹਮਾਰੀ ਹੋਇ ਗਤੇ ॥ ਚੀਤਿ ਚਿਤਵਉ ਮਿਟੁ ਅੰਧਾਰੇ, ਜਿਉ ਆਸ ਚਕਵੀ ਦਿਨੁ ਚਰੈ ॥ ਨਾਨਕੁ ਪਇਅੰਪੈ ਪ੍ਰਿਅ ਸੰਗਿ ਮੇਲੀ, ਮਛੁਲੀ ਨੀਰੁ ਨ ਵੀਸਰੈ ॥੪॥ ਧਨਿ ਧੰਨਿ ਹਮਾਰੇ ਭਾਗ, ਘਰਿ ਆਇਆ ਪਿਰੁ ਮੇਰਾ ॥ ਸੋਹੇ ਬੰਕ ਦੁਆਰ, ਸਗਲਾ ਬਨੁ ਹਰਾ ॥ ਹਰ ਹਰਾ ਸੁਆਮੀ ਸੁਖਹਗਾਮੀ, ਅਨਦ ਮੰਗਲ ਰਸੁ ਘਣਾ ॥ ਨਵਲ ਨਵਤਨ ਨਾਹੁ ਬਾਲਾ, ਕਵਨ ਰਸਨਾ ਗੁਨ ਭਣਾ ॥ ਮੇਰੀ ਸੇਜ ਸੋਹੀ ਦੇਖਿ ਮੋਹੀ, ਸਗਲ ਸਹਸਾ ਦੁਖੁ ਹਰਾ ॥ ਨਾਨਕੁ ਪਇਅੰਪੈ ਮੇਰੀ ਆਸ ਪੂਰੀ, ਮਿਲੇ ਸੁਆਮੀ ਅਪਰੰਪਰਾ ॥੫॥੩॥ (ਇਕ ਇਸਤ੍ਰੀ ਰੂਪ ਵਿਚ ਅਰਦਾਸ ਕਰਦੇ ਹਨ) ਹੇ ਪਿਆਰੇ ਮਾਲਕ ਪ੍ਰਭੂ! ਮੈਂ ਅਨਾਥ ਹਾਂ, ਜਿਵੇਂ ਵੀ ਜਾਣੋ, ਤਿਵੇਂ (ਹਰ ਪ੍ਰਕਾਰ ਮੇਰੀ) ਰੱਖਿਆ ਕਰੋ। ਮੇਰੇ ਵਿਚ ਸਿਆਣਪ ਨਹੀਂ ਹੈ, ਜਿਸ ਨਾਲ ਮੈਂ ਮੂੰਹ ਤੋਂ (ਤੇਰਾ ਜਸ) ਕਹਿ ਕੇ ਤੈਨੂੰ ਖੁਸ਼ ਕਰ ਸਕਾਂ। ਨਾ ਮੈਂ ਚਤਰ ਹਾਂ, ਨਾ ਚੰਗੀ (ਮਾਨਸਕ) ਘਾੜਤ ਘੜਨ ਵਾਲੀ ਹਾਂ, ਨਾ ਸਿਆਣੀ ਅਤੇ ਨਾ ਕੁਝ ਜਾਨਣ ਵਾਲੀ (ਗਿਆਨਵਾਨ) ਹਾਂ, ਮੈਂ ਗੁਣਹੀਣ ਵਿਚ ਕੋਈ ਗੁਣ ਨਹੀਂ। (ਮੇਰਾ) ਸੁੰਦਰ ਰੂਪ ਵੀ ਨਹੀਂ, ਨਾ (ਮੇਰੇ ਅੰਦਰ ਚੰਗੇ ਗੁਣਾਂ ਵਾਲੀ) ਸੁਗੰਧੀ ਹੈ, ਨਾ (ਮੇਰੀਆਂ) ਸੁੰਦਰ

ਅੱਖਾਂ ਹਨ, ਜਿੱਥੇ ਚੰਗਾ ਲਗਦਾ ਹੈ, ਉਥੇ ਤੂੰ ਮੈਨੂੰ (ਅਪਣੇ ਭਾਣੇ ਵਿਚ) ਰੱਖ। ਜਿਸ ਪ੍ਰਭੂ ਨੂੰ ਸਾਰੇ ਜੀਵ (ਅਤੇ ਦੇਵਤੇ) ਜੈ ਜੈ ਕਾਰ ਉਚਾਰਦੇ ਹਨ, ਹੇ ਦਇਆ ਦੇ ਮਾਲਕ! ਮੈਂ ਕਿਸ ਤਰ੍ਹਾਂ ਤੇਰੀ ਅਵਸਥਾ ਜਾਣ ਸਕਦੀ ਹਾਂ? (ਮੈਂ ਜਾਣ ਨਹੀਂ ਸਕਦੀ)। ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਪ੍ਰਭੂ!) ਮੈਂ ਤੇਰਾ ਸੇਵਕ ਹਾਂ, (ਮੈਨੂੰ ਅਪਣੀ) ਸੇਵਾ ਭਗਤੀ ਬਖਸ਼; ਮੈਂ ਤੇਰੇ ਸੇਵਕਾਂ ਦਾ ਸੇਵਕ ਹਾਂ, ਜਿਵੇਂ ਵੀ ਸਮਝੋ, ਤਿਵੇਂ ਮੇਰੀ ਰੱਖਿਆ ਕਰੋ।੩।(ਹੇ ਪ੍ਰਭੂ!) ਮੈਂ ਮੱਛੀ ਰੂਪ ਹਾਂ ਤੇ ਤੂੰ ਪਾਣੀ ਰੂਪ ਹੈਂ, ਤੇਰੇ ਬਿਨਾ ਮੈਨੂੰ ਕਿਵੇਂ ਸਰ (ਗੁਜਾਰਾ ਹੋ) ਸਕਦਾ ਹੈ? ਮੈਂ ਚਾਤ੍ਰਿਕ ਰੂਪ ਹਾਂ ਤੇ ਤੂੰ ਸ੍ਵਾਂਤੀ ਬੂੰਦ ਰੂਪ ਹੈਂ, ਮੈਂ ਉਦੋਂ ਰੱਜਦਾ ਹਾਂ, ਜਦੋਂ ਸ੍ਵਾਂਤੀ ਬੂੰਦ ਮੇਰੇ ਮੂੰਹ ਵਿਚ ਪੈਂਦੀ ਹੈ। ਹੇ ਮੇਰੇ ਜੀਵਨ ਦੇ ਮਾਲਕ! ਹੇ ਮੇਰੇ ਹਿਰਦੇ ਦੇ ਮਾਲਕ! ਹੇ ਮੇਰੇ ਪ੍ਰਾਣਾਂ ਦੇ ਮਾਲਕ ਪ੍ਰਭੂ! (ਤੇਰਾ ਨਾਮ ਰੂਪ ਸ੍ਵਾਂਤੀ ਬੂੰਦ ਮੇਰੇ) ਮੂੰਹ ਵਿਚ ਪੈ ਜਾਵੇ ਤੇ ਮੇਰੀ (ਵਿਛੋੜੇ ਦੀ) ਪਿਆਸ ਦੂਰ ਹੋਵੇ। ਹੇ ਪਿਆਰੇ! ਤੂੰ ਸਾਰੇ ਜੀਵਾਂ ਵਿਚ ਵਸ ਕੇ (ਮਾਤਾ ਪਿਤਾ ਵਾਂਗ ਸਭ ਨੂੰ) ਲਾਡ ਲਡਾਉਂਦਾ ਹੈਂ, (ਮੇਹਰ ਕਰਕੇ) ਮੈਨੂੰ ਮਿਲ, ਤਾਂ ਕਿ ਮੇਰੀ ਮੁਕਤੀ ਹੋ ਜਾਵੇ। ਜਿਵੇਂ ਚਕਵੀ ਆਸ ਕਰਦੀ ਹੈ ਕਿ ਦਿਨ ਚੜ੍ਹ ਜਾਵੇ (ਤਾਂ ਦਿਨ ਚੜ੍ਹੇ ਚਕਵੇ ਨਾਲ ਮੇਲ ਹੋ ਜਾਵੇ), ਤਿਵੇਂ ਮੈਂ ਵੀ ਅਪਣੇ ਚਿਤ ਵਿਚ ਚਿਤਾਰਦੀ ਰਹਿੰਦੀ ਹਾਂ ਕਿ (ਅਗਿਆਨਤਾ ਦਾ) ਹਨ੍ਹੇਰਾ ਮਿਟ ਜਾਵੇ (ਅਤੇ ਪਤੀ ਪ੍ਰਭੂ ਦਾ ਮੇਲ ਹੋ ਜਾਵੇ)। ਨਾਨਕ ਬੇਨਤੀ ਕਰਦਾ ਹੈ ਕਿ ਹੇ ਪਿਆਰੇ ਪ੍ਰਭੂ! ਮੈਨੂੰ ਅਪਣੇ ਨਾਲ ਮਿਲਾ ਲੈ, ਮੈਂ ਮੱਛੀ ਨੂੰ ਤੇਰਾ ਨਾਮ ਰੂਪ ਪਾਣੀ ਨਹੀਂ ਭੁਲਦਾ।੪। ਸਾਡੇ ਭਾਗ ਧੰਨਤਾ ਦੇ ਯੋਗ ਹਨ, (ਕਿਉਂਕਿ) ਮੇਰਾ ਪਤੀ ਪ੍ਰਭੂ ਮੇਰੇ ਹਿਰਦੇ ਘਰ ਵਿਚ ਪ੍ਰਗਟ ਹੋ ਆਇਆ ਹੈ।(ਮੇਰੇ ਸਰੀਰ ਦੇ ਇੰਦ੍ਰੇ ਰੂਪ) ਸੁੰਦਰ ਦਰਵਾਜੇ ਸੋਭਨੀਕ ਹੋ ਗਏ ਹਨ ਅਤੇ ਸਾਰਾ ਬਾਗ ਹਰਾ ਭਰਾ (ਪ੍ਰਫੁੱਲਤ) ਹੋ ਗਿਆ ਹੈ। ਮਾਲਕ ਪ੍ਰਭੂ (ਸਭ ਨੂੰ) ਹਰਾ ਭਰਾ ਕਰਨ ਵਾਲਾ ਹੈ, ਸੁਖਾਂ ਵਿਚ ਪਹੁੰਚਾਉਣ ਵਾਲਾ ਹੈ, ਅਨੰਦ ਮੰਗਲ ਦੇਣ ਵਾਲਾ ਹੈ, (ਉਸ ਨੂੰ ਮਿਲ ਕੇ) ਬਹੁਤ ਰਸ ਬਣ ਗਿਆ ਹੈ। ਮੇਰਾ ਪਤੀ ਸੁੰਦਰ, ਨਵਾਂ ਨਰੋਆ ਜਵਾਨ, ਜੀਭ ਨਾਲ ਮੈਂ (ਉਸ ਦੇ) ਕਿਹੜੇ ਕਿਹੜੇ ਗੁਣ ਕਥਨ ਕਰਾਂ (ਕਿਉਂਕਿ ਉਸ ਦੇ ਗੁਣ ਅਣਗਿਣਤ ਹਨ)। ਹੇ (ਸਖੀ!) ਮੇਰੀ ਹਿਰਦਾ ਰੂਪ ਸੇਜ ਸੋਹਣੀ ਸਜ ਗਈ ਹੈ, ਪਤੀ ਪ੍ਰਭੂ ਨੂੰ ਦੇਖ ਕੇ ਮੈਂ ਮੋਹੀ ਗਈ ਹਾਂ ਅਤੇ ਮੇਰਾ (ਵਿਛੋੜੇ ਦਾ) ਸਾਰਾ ਸੰਸਾ ਤੇ ਦੁਖ ਦੂਰ ਹੋ ਗਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮੇਰੀ ਆਸ ਪੂਰੀ ਹੋ ਗਈ ਹੈ, (ਕਿਉਂਕਿ ਮੈਨੂੰ) ਪਰੇ ਤੋਂ ਪਰੇ ਮਾਲਕ ਮਿਲ ਪਿਆ ਹੈ।੪।੩।

ਪਦਾਰਥ = ਮੋਹਿ–ਮੈਨੂੰ; ਮੇਰੇ ਵਿਚ। ਅਨਾਥ–ਯਤੀਮ। ਪ੍ਰਿਅ ਨਾਥ–ਹੇ ਪਿਆਰੇ ਮਾਲਕ ਪ੍ਰਭੂ!। ਰਖਹੁ–ਰੱਖਿਆ ਕਰੋ। ਰੀਝਾਵਉ–ਮੈਂ ਖੁਸ਼ ਕਰਾਂ। ਕਹਿ–ਕਹਿ ਕੇ। ਮੁਖਹੁ–ਮੂੰਹ ਤੋਂ। ਚਤੁਰਿ–ਬੁੱਧੀ ਵਾਨ। ਸੁਘਰਿ–ਚੰਗੀ ਮਾਨਸਕ ਘਾੜਤ ਘੜਨ ਵਾਲੀ। ਸੁਜਾਨ–ਸਿਆਣੀ। ਬੇਤੀ–ਗਿਆਨਵਾਨ। ਨਿਰਗੁਨਿ–ਗੁਣ ਹੀਣ ਵਿਚ। ਰੂਪ–ਸੁੰਦਰ ਰੂਪ। ਧੂਪ–(ਗੁਣਾਂ ਦੀ) ਸੁਗੰਧੀ। ਬੰਕੇ–ਸੁੰਦਰ। ਨੈਣ–ਅੱਖਾਂ। ਜਹ–ਜਿੱਥੇ। ਭਾਵੈ–ਚੰਗਾ ਲਗਦਾ ਹੈ। ਤਹ–ਉਥੇ। ਤੁਹੀ–ਤੂੰ। ਜੈ ਜੈ–ਜੈ ਜੈਕਾਰ। ਜਇਅੰਪਹਿ–ਉਚਾਰਦੇ ਹਨ।੩। ਮੋਹਿ–ਮੈਂ। ਮਛੁਲੀ–ਮੱਛੀ। ਤੁਮ–ਤੂੰ। ਨੀਰ–ਪਾਣੀ। ਤੁਝ ਬਿਨੁ–ਤੇਰੇ ਬਿਨਾ। ਕਿਉ ਸਰੈ–ਕਿਵੇਂ ਸਰ (ਗੁਜਾਰਾ ਹੋ) ਸਕਦਾ ਹੈ? ਚਾਤ੍ਰਿਕ–ਪਪੀਹਾ। ਤ੍ਰਿਪਤਉ–ਮੈਂ ਰੱਜਦਾ ਹਾਂ। ਮੁਖਿ–ਮੂੰਹ ਵਿਚ। ਪਰੈ–ਪੈਂਦੀ ਹੈ। ਹਰੈ–ਦੂਰ ਹੋਵੇ। ਜੀਅ–ਜੀਵਨ। ਹੀਆ–ਹਿਰਦਾ। ਪ੍ਰਾਨ ਪਤੇ–ਹੇ ਪ੍ਰਾਣਾਂ ਦੇ ਮਾਲਕ!। ਲਾਡਿਲੇ–ਹੇ ਪਿਆਰੇ!। ਲਾਡ ਲਡਾਇ–ਲਾਡ ਲਡਾਉਂਦਾ (ਪਿਆਰ ਕਰਦਾ) ਹੈਂ। ਸਭ ਮਹਿ–ਸਾਰੇ ਜੀਵਾਂ ਵਿਚ। ਗਤੇ–ਮੁਕਤੀ। ਚੀਤਿ–ਚਿੱਤ ਵਿਚ। ਚਿਤਵਉ–ਚਿਤਾਰਦੀ ਹਾਂ। ਅੰਧਾਰੇ–ਹਨ੍ਹੇਰਾ। ਚਰੈ–ਚੜ੍ਹ ਜਾਵੇ। ਪਇਅੰਪੈ–ਬੇਨਤੀ ਕਰਦਾ ਹੈ। ਸੰਗਿ ਮੇਲੀ–(ਅਪਣੇ) ਨਾਲ ਮਿਲਾ ਲੈ। ਨ ਵੀਸਰੈ–ਨਹੀਂ ਭੁਲਦਾ।੪। ਧਨਿ ਧੰਨਿ–ਧੰਨਤਾ ਦੇ ਯੋਗ (ਬਹੁਤ ਚੰਗੇ)। ਘਰਿ–ਹਿਰਦੇ ਘਰ ਵਿਚ। ਪਿਰੁ–ਪਤੀ ਪ੍ਰਭੂ। ਸੋਹੇ–ਸੋਭਨੀਕ; ਸੋਹਣੇ। ਬੰਕ ਦੁਆਰ–ਸੁੰਦਰ ਦਰਵਾਜੇ (ਗਿਆਨ ਇੰਦ੍ਰੇ)। ਸਗਲਾ–ਸਾਰਾ। ਬਨ–ਸਰੀਰ ਰੂਪ ਬਾਗ। ਹਰਾ–ਹਰਾ ਭਰਾ (ਪ੍ਰਫੁੱਲਤ)। ਹਰ ਹਰਾ–ਹਰਾ ਭਰਾ। ਸੁਖਹ ਗਾਮੀ –ਸੁੱਖਾਂ ਵਿਚ ਪਹੁੰਚਾਉਣ ਵਾਲਾ। ਮੰਗਲ–ਖੁਸ਼ੀਆਂ। ਰਸੁ–ਅਨੰਦ। ਘਣਾ–ਬਹੁਤ। ਨਵਲ–ਸੁੰਦਰ। ਨਵ ਤਨ–ਨੌਂ ਜਵਾਨ। ਨਾਹੁ–ਪਤੀ ਪ੍ਰਭੂ। ਬਾਲਾ–ਵੱਡਾ; ਜਵਾਨ; ਉਚਾ। ਕਵਨ–ਕਿਹੜੇ। ਰਸਨਾ–ਜੀਭ। ਭਣਾ–ਕਥਨ ਕਰਾਂ। ਸੇਜ–ਹਿਰਦਾ ਰੂਪ ਪਲੰਘ। ਸੋਹੀ –ਸੋਹਣੀ ਸਜ ਗਈ। ਦੇਖਿ–ਦੇਖ ਕੇ। ਸਹਸਾ–ਸੰਸਾ। ਹਰਾ–ਦੂਰ ਹੋ ਗਿਆ। ਅਪਰੰਪਰਾ–ਪਰੇ ਤੋਂ ਪਰੇ (ਬੇਅੰਤ)।੪।੩।

ਬਿਲਾਵਲੁ ਮਹਲਾ ੫ ਛੰਤ ਮੰਗਲ ੴ ਸਤਿਗੁਰ ਪ੍ਰਸਾਦਿ ॥ ਸਲੋਕੁ ॥ ਸੁੰਦਰ ਸਾਂਤਿ ਦਇਆਲ ਪ੍ਰਭ, ਸਰਬ ਸੁਖਾ ਨਿਧਿ ਪੀਉ ॥ ਸੁਖ ਸਾਗਰ ਪ੍ਰਭ ਭੇਟਿਐ, ਨਾਨਕ ਸੁਖੀ ਹੋਤ ਇਹੁ ਜੀਉ ॥੧॥ ਪਤੀ ਪ੍ਰਭੂ ਸੁੰਦਰ, ਸ਼ਾਂਤ ਰੂਪ, ਦਇਆ ਦਾ ਘਰ ਅਤੇ ਸਾਰੇ ਸੁੱਖਾਂ ਦਾ ਖਜਾਨਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਸੁੱਖਾਂ ਦੇ ਸਾਗਰ ਪ੍ਰਭੂ ਨੂੰ ਮਿਲਣ ਨਾਲ ਇਹ ਜੀਵ

ਸੁਖੀ ਹੋ ਜਾਂਦਾ ਹੈ।੧।

ਅੰਗ ੮੪੮ = ਛੰਤ ॥ ਸੁਖ ਸਾਗਰ ਪ੍ਰਭੁ ਪਾਈਐ, ਜਬ ਹੋਵੈ ਭਾਗੋ ਰਾਮ ॥ ਮਾਨਨਿ ਮਾਨੁ ਵਵਾਈਐ, ਹਰਿ ਚਰਣੀ ਲਾਗੋ ਰਾਮ ॥ ਛੋਡਿ ਸਿਆਨਪ ਚਾਤੁਰੀ, ਦੁਰਮਤਿ ਬੁਧਿ ਤਿਆਗੋ ਰਾਮ ॥ ਨਾਨਕ ਪਉ ਸਰਣਾਈ ਰਾਮ ਰਾਇ, ਥਿਰੁ ਹੋਇ ਸੁਹਾਗੋ ਰਾਮ ॥੧॥ ਸੋ ਪ੍ਰਭੁ ਤਜਿ ਕਤ ਲਾਗੀਐ, ਜਿਸੁ ਬਿਨੁ ਮਰਿ ਜਾਈਐ ਰਾਮ ॥ ਲਾਜ ਨ ਆਵੈ ਅਗਿਆਨ ਮਤੀ, ਦੁਰਜਨ ਬਿਰਮਾਈਐ ਰਾਮ ॥ ਪਤਿਤ ਪਾਵਨ ਪ੍ਰਭੁ ਤਿਆਗਿ ਕਰੇ, ਕਹੁ ਕਤ ਠਹਰਾਈਐ ਰਾਮ ॥ ਨਾਨਕ ਭਗਤਿ ਭਾਉ ਕਰਿ ਦਇਆਲ ਕੀ, ਜੀਵਨ ਪਦੁ ਪਾਈਐ ਰਾਮ ॥੨॥ ਹੇ ਭਾਈ! ਸੁੱਖਾਂ ਦਾ ਸਾਗਰ ਪ੍ਰਭੂ ਤਦ ਪ੍ਰਾਪਤ ਹੁੰਦਾ ਹੈ, ਜਦੋਂ ਭਾਗ ਚੰਗਾ ਹੋਵੇ।ਹੇ ਮਾਣ ਭਰੀ ਇਸਤ੍ਰੀਏ! (ਪ੍ਰਭੂ ਪਤੀ ਨੂੰ ਮਿਲਣ ਲਈ) ਮਾਣ ਨੂੰ ਦੂਰ ਕਰ ਦੇਹ; ਮਾਨ ਅਪਮਾਨ (ਇੱਜਤ ਤੇ ਬੇਇਜਤੀ) ਦਾ ਖਿਆਲ ਛਡ ਦੇਈਏ (ਸ਼ਬਦਾਰਥ) ਅਤੇ ਹਰੀ ਦੇ ਚਰਣੀ ਲਗ ਜਾਹ।ਚਤਰਾਈਆਂ ਤੇ ਸਿਆਣਪਾਂ ਛਡ ਕੇ ਖੋਟੀ ਮਤ ਵਾਲੀ ਬੁੱਧੀ ਛਡ ਦੇਹ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਪਾਤਸ਼ਾਹ ਦੀ ਸ਼ਰਣ ਵਿਚ ਪੈ ਜਾਹ, (ਫਿਰ ਤੇਰਾ) ਸੁਹਾਗ ਸਥਿਰ ਹੋਵੇਗਾ (ਤੂੰ ਸਦਾ ਸੁਹਾਗਵੰਤੀ ਬਣੀ ਰਹੇਂਗੀ)।੧।ਹੇ ਭਾਈ! ਉਸ ਪ੍ਰਭੂ ਨੂੰ ਛਡ ਕੇ ਕਿਸ ਨਾਲ ਲੱਗੀਏ? ਜਿਸ ਤੋਂ ਬਿਨਾ ਮਰ ਜਾਈਦਾ ਹੈ।ਅਗਿਆਨ ਮਤ ਵਾਲੇ ਮਨੁੱਖ ਨੂੰ ਸ਼ਰਮ ਨਹੀਂ ਆਉਂਦੀ, ਉਹ ਭੈੜੇ ਮਨੁੱਖਾਂ ਵਿਚ ਭਰਮਿਆ ਰਹਿੰਦਾ ਹੈ।ਪਾਪੀ ਮਨੁੱਖਾਂ ਨੂੰ ਪਵਿਤ੍ਰ ਕਰਨ ਵਾਲੇ ਪ੍ਰਭੂ ਨੂੰ ਛਡ ਕਰਕੇ ਦੱਸੋ (ਅਪਣੇ ਮਨ ਨੂੰ) ਕਿੱਥੇ ਠਹਰਾਈਏ? ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! ਦਇਆ ਕਰਨ ਵਾਲੇ ਪ੍ਰਭੂ ਦੀ ਪ੍ਰੇਮਾ ਭਗਤੀ ਕਰ, (ਇਸ ਤਰ੍ਹਾਂ) ਜੀਵਨ ਪਦਵੀ ਪਾ ਲਈਦੀ ਹੈ।੨।

ਪਦਾਰਥ = ਮੰਗਲ–ਖੁਸ਼ੀ ਦੇ ਗੀਤ।ਦਇਆਲ–ਦਇਆ ਦਾ ਘਰ।ਸਰਬ–ਸਾਰੇ।ਸੁਖਾ ਨਿਧਿ–ਸੁੱਖਾਂ ਦਾ ਖਜਾਨਾ।ਪੀਉ–ਪਤੀ ਪ੍ਰਭੂ।ਸੁਖ ਸਾਗਰ–ਸੁਖਾਂ ਦਾ ਸਮੁੰਦਰ।ਭੇਟਿਐ–ਮਿਲਣ ਨਾਲ।ਹੋਤ–ਹੋ ਜਾਂਦਾ ਹੈ।ਜੀਉ–ਜੀਵ।੧।ਛੰਤ।ਜਬ–ਜਦੋਂ।ਭਾਗੋ–ਕਿਸਮਤ।ਮਾਨਨਿ–ਹੇ ਮਾਣ (ਹੰਕਾਰ) ਵਾਲੀ ਇਸਤ੍ਰੀਏ!।ਮਾਨੁ–ਮਾਣ (ਹੰਕਾਰ)।ਮਾਨ ਨਿਮਾਨੁ–ਮਾਨ ਅਪਮਾਨ (ਸ਼ਬਦਾਰਥ) ।ਵੰਞਾਈਐ–ਦੂਰ ਕਰ ਦੇਹ।ਲਾਗੋ–ਲੱਗ ਜਾਹ।ਚਾਤੁਰੀ–ਚਤਰਾਈ।ਦੁਰਮਤਿ ਬੁਧਿ–ਖੋਟੀ ਮੱਤ ਵਾਲੀ ਬੁੱਧੀ।ਤਿਆਗੋ–ਛਡ ਦੇਹ।ਪਉ ਸਰਣਾਈ–ਸ਼ਰਣ ਵਿਚ ਪੈ ਜਾ।ਰਾਮ ਰਾਇ–ਪ੍ਰਭੂ ਪਾਤਸ਼ਾਹ।ਥਿਰ ਹੋਇ–ਸਦਾ ਕਾਇਮ ਰਹੇਗਾ।ਸੁਹਾਗੋ–ਸੁਹਾਗ ਭਾਗ (ਇਸਤ੍ਰੀ ਦੇ ਪਤੀਵੰਤ ਹੋਣ ਦੀ ਸੁਖ ਵਾਲੀ ਹਾਲਤ; ਇਸਤ੍ਰੀ ਤੇ ਪਤੀ ਦਾ ਸਦਾ ਕਾਇਮ ਰਹਿਣ ਵਾਲਾ ਰਿਸ਼ਤਾ)।੧।ਸੋ ਪ੍ਰਭੂ–ਉਸ ਪ੍ਰਭੂ ਨੂੰ।ਤਜਿ–ਛਡ ਕੇ।ਕਤ ਲਾਗੀਐ–ਕਿਸ ਨਾਲ ਲੱਗੀਏ (ਜੁੜੀਏ)।ਮਰਿ ਜਾਈਐ–ਮਰ ਜਾਈਦਾ ਹੈ।ਲਾਜ–ਸ਼ਰਮ।ਅਗਿਆਨ ਮਤੀ–ਗਿਆਨ ਹੀਣ ਬੁੱਧੀ ਬਾਲਾ ਮਨੁੱਖ।ਦੁਰਜਨ–ਭੈੜੇ ਮਨੁੱਖਾਂ ਵਿਚ।ਬਿਰਮਾਈਐ–ਭਰਮਿਆ ਰਹਿੰਦਾ ਹੈ; ਪਰਚਿਆ ਰਹਿੰਦਾ ਹੈ।ਪਤਿਤ ਪਾਵਨ–ਪਾਪੀਆਂ ਨੂੰ ਪਵਿਤ੍ਰ ਕਰਨ ਵਾਲਾ।ਤਿਆਗਿ ਕਰੇ–ਛਡ ਕਰਕੇ।ਕਹੁ–ਦੱਸੋ।ਕਤ–ਕਿੱਥੇ।ਠਹਰਾਈਐ–ਟਿਕਾਈਏ।ਭਗਤਿ ਭਾਉ–ਪ੍ਰੇਮਾ ਭਗਤੀ।ਜੀਵਨ ਪਦੁ–ਮੁਕਤੀ।ਪਾਈਐ–ਪਾਈਦੀ ਹੈ।੨।

ਸ੍ਰੀ ਗੋਪਾਲੁ ਨ ਉਚਰਹਿ, ਬਲਿ ਗਈਏ ਦੁਹਚਾਰਣਿ ਰਸਨਾ ਰਾਮ ॥ ਪ੍ਰਭੁ ਭਗਤਿ ਵਛਲੁ ਨਹ ਸੇਵਹੀ, ਕਾਇਆ ਕਾਕ ਗ੍ਰਸਨਾ ਰਾਮ ॥ ਭ੍ਰਮਿ ਮੋਹੀ ਦੂਖ ਨ ਜਾਣਹੀ, ਕੋਟਿ ਜੋਨੀ ਬਸਨਾ ਰਾਮ ॥ ਨਾਨਕ ਬਿਨੁ ਹਰਿ ਅਵਰੁ ਜਿ ਚਾਹਨਾ, ਬਿਸਟਾ ਕ੍ਰਿਮ ਭਸਮਾ ਰਾਮ ॥੩॥ ਲਾਇ ਬਿਰਹੁ ਭਗਵੰਤ ਸੰਗੇ, ਹੋਇ ਮਿਲੁ ਬੈਰਾਗਨਿ ਰਾਮ ॥ ਚੰਦਨ ਚੀਰ ਸੁਗੰਧ ਰਸਾ, ਹਉਮੈ ਬਿਖੁ ਤਿਆਗਨਿ ਰਾਮ ॥ ਈਤ ਊਤ ਨਹ ਡੋਲੀਐ, ਹਰਿ ਸੇਵਾ ਜਾਗਨਿ ਰਾਮ ॥ ਨਾਨਕ ਜਿਨਿ ਪ੍ਰਭੁ ਪਾਇਆ ਆਪਣਾ, ਸਾ ਅਟਲ ਸੁਹਾਗਨਿ ਰਾਮ ॥੪॥੧॥੪॥ ਹੇ ਭੈੜੇ ਆਚਰਨ ਵਾਲੀਏ! ਹੇ ਸੜ ਗਈਏ ਜੀਭੇ! ਤੂੰ ਸ੍ਰੀ ਵਾਹਿਗੁਰੂ ਦਾ ਨਾਮ ਨਹੀਂ ਉਚਾਰਦੀ ।ਭਗਤੀ ਨੂੰ ਪਿਆਰ ਕਰਨ ਵਾਲੇ ਪ੍ਰਭੂ ਦੀ ਤੂੰ ਸੇਵਾ ਭਗਤੀ ਨਹੀਂ ਕਰਦੀ, (ਹੇ ਸਖੀ!) ਤੇਰੇ ਸਰੀਰ ਨੂੰ (ਮੌਤ ਰੂਪ) ਕਾਂ ਨੇ ਖਾ ਲੈਣਾ ਹੈ; ਤੇਰੀ ਬੁੱਧੀ ਕਾਮਾਦਿਕ ਕਾਵਾਂ ਦੀ ਗ੍ਰਸੀ ਹੋਈ ਹੈ।ਭਰਮ ਵਿਚ ਮੋਹੀ ਹੋਈ (ਤੇਰੀ ਬੁੱਧੀ ਉਨ੍ਹਾਂ) ਦੁਖਾਂ ਨੂੰ ਨਹੀਂ ਜਾਣਦੀ, ਜੋ ਕ੍ਰੋੜਾਂ ਜੋਨੀਆਂ ਵਿਚ ਵਸਣ ਨਾਲ ਮਿਲਣੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦੇ ਨਾਮ ਤੋਂ ਬਿਨਾ ਜਿਹੜੀ ਹੋਰ (ਕਿਸੇ ਦੇ ਆਸਰੇ) ਦੀ ਇੱਛਾ ਕਰਨੀ ਹੈ, (ਉਹ) ਵਿਸ਼ਟਾ ਦਾ ਕੀੜਾ ਹੋ ਕੇ ਸੁਆਹ ਹੋਣਾ ਹੈ (ਜੀਵਨ ਨਿਸਫਲ ਚਲੇ ਜਾਂਦਾ ਹੈ।੩।ਹੇ ਸਖੀ!) ਭਗਵਾਨ ਨਾਲ ਪ੍ਰੇਮ ਲਗਾ ਲੈ ਅਤੇ ਬੈਰਾਗਨ ਹੋ ਕੇ ਭਗਵਾਨ ਨੂੰ ਮਿਲ।ਚੰਦਨ, ਸੁੰਦਰ ਬਸਤ੍ਰ ,ਸੁਗੰਧੀਆਂ, ਵਿਸ਼ਿਆਂ ਦੇ ਰਸ ਅਤੇ ਹਉਮੈ ਦੀ ਜਹਿਰ (ਆਦਿ ਸਭ) ਛਡਣ ਯੋਗ ਹਨ।ਤੈਨੂੰ ਇਧਰ ਉਧਰ ਨਹੀਂ ਡੋਲਣਾ ਚਾਹੀਦਾ ਅਤੇ ਹਰੀ ਦੀ ਸੇਵਾ ਵਿਚ ਸਾਵਧਾਨ ਰਹਿਣਾ ਚਾਹੀਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਜੀਵ ਇਸਤ੍ਰੀ ਨੇ

ਅਪਣਾ ਪ੍ਰਭੂ ਪਾ ਲਿਆ ਹੈ, ਉਹ ਸਦਾ ਅਟੱਲ ਰਹਿਣ ਵਾਲੇ ਸੁਹਾਗ ਭਾਗ ਵਾਲੀ ਇਸਤ੍ਰੀ ਹੈ।੪।੧।੪।

ਪਦਾਰਥ = ਸ੍ਰੀ ਗੋਪਾਲ-ਸ੍ਰਿਸਟੀ ਦੀ ਪਾਲਣਾ ਕਰਨ ਵਾਲਾ ਪ੍ਰਭੂ।ਨ ਉਚਰਹਿ-ਨਹੀਂ ਉਚਾਰਦੀ।ਬਲਿ ਗਈਏ-ਹੇ ਸੜ ਗਈਏ!।ਦੁਹਚਾਰਣਿ-ਭੈੜੇ ਆਚਰਨ ਵਾਲੀ।ਰਸਨਾ-ਹੇ ਜੀਭ!।ਭਗਤਿ ਵਛਲੁ-ਭਗਤੀ ਨੂੰ ਪਿਆਰ ਕਰਨ ਵਾਲਾ।ਨਹ ਸੇਵਹੀ-ਸੇਵਾ ਭਗਤੀ ਨਹੀਂ ਕਰਦੀ।ਕਾਇਆ-ਸਰੀਰ।ਕਾਕ-ਕਾਂ।ਗ੍ਰਸਨਾ-ਖਾ ਲੈਣਾ ਹੈ।ਭ੍ਰਮਿ ਮੋਹੀ-ਭਰਮ ਵਿਚ ਮੋਹੀ (ਫਸ) ਹੋਈ।ਨ ਜਾਣਹੀ-ਨਹੀਂ ਜਾਣਦੀ।ਕੋਟਿ ਜੋਨੀ-ਕ੍ਰੋੜਾਂ ਜੋਨੀਆਂ ਵਿਚ।ਬਸਨਾ-ਵਸਣ ਨਾਲ।ਅਵਰੁ-ਹੋਰ।ਜਿ-ਜਿਹੜਾ।ਚਾਹਨਾ-ਚਾਹੁਣਾ; ਇੱਛਾ ਕਰਨਾ।ਬਿਸਟਾ ਕ੍ਰਿਮ-ਗੰਦਗੀ ਦਾ ਕੀੜਾ।ਭਸਮਾ-ਸੁਆਹ।੩।ਬਿਰਹੁ-ਪ੍ਰੇਮ।ਭਗਵੰਤ ਸੰਗੇ-ਭਗਵਾਨ ਨਾਲ।ਹੋਇ ਬੈਰਾਗਨਿ-ਬੈਰਾਗਨ ਹੋ ਕੇ।ਚੀਰ-ਬਸਤ੍ਰ।ਰਸਾ-ਵਿਸ਼ਿਆਂ ਦੇ ਰਸ।ਬਿਖੁ-ਜਹਿਰ।ਤਿਆਗਨਿ-ਛਡਣ ਯੋਗ।ਈਤ ਊਤ-ਇਧਰ ਉਧਰ।ਨਹ ਡੋਲੀਐ-ਡੋਲਣਾ ਨਹੀਂ ਚਾਹੀਦਾ।ਜਾਗਨਿ-ਸਾਵਧਾਨ ਰਹਿਣਾ ਚਾਹੀਦਾ ਹੈ।ਜਿਨਿ-ਜਿਸ ਨੇ।ਸਾ-ਉਹ।ਅਟਲ (ਅਟੱਲ ਪੜ੍ਹੋ)-ਸਦਾ ਕਾਇਮ ਰਹਿਣ ਵਾਲਾ।ਸੁਹਾਗਨਿ-ਪਤੀਵੰਤ ਇਸਤ੍ਰੀ।੪।੧।੪।

ਬਿਲਾਵਲੁ ਮਹਲਾ ੫ ॥ ਹਰਿ ਖੋਜਹੁ ਵਡਭਾਗੀਹੋ, ਮਿਲਿ ਸਾਧੂ ਸੰਗੇ ਰਾਮ ॥ ਗੁਨ ਗੋਵਿਦ ਸਦ ਗਾਈਅਹਿ, ਪਾਰਬ੍ਰਹਮ ਕੈ ਰੰਗੇ ਰਾਮ ॥ ਸੋ ਪ੍ਰਭੁ ਸਦਹੀ ਸੇਵੀਐ, ਪਾਈਅਹਿ ਫਲ ਮੰਗੇ ਰਾਮ ॥ ਨਾਨਕ ਪ੍ਰਭ ਸਰਣਾਗਤੀ, ਜਪਿ ਅਨਤ ਤਰੰਗੇ ਰਾਮ ॥੧॥ ਇਕੁ ਤਿਲੁ ਪ੍ਰਭੂ ਨ ਵੀਸਰੈ, ਜਿਨਿ ਸਭੁ ਕਿਛੁ ਦੀਨਾ ਰਾਮ ॥ ਵਡਭਾਗੀ ਮੇਲਾਵੜਾ, ਗੁਰਮੁਖਿ ਪਿਰੁ ਚੀਨ੍ਹਾ ਰਾਮ ॥ ਬਾਹ ਪਕੜਿ ਤਮ ਤੇ ਕਾਢਿਆ, ਕਰਿ ਅਪੁਨਾ ਲੀਨਾ ਰਾਮ ॥ ਨਾਮੁ ਜਪਤ ਨਾਨਕ ਜੀਵੈ, ਸੀਤਲੁ ਮਨੁ ਸੀਨਾ ਰਾਮ ॥੨॥ ਹੇ ਵੱਡੇ ਭਾਗਾਂ ਵਾਲੇ ਪੁਰਖੋ! ਸਾਧੂਆਂ ਨਾਲ ਮਿਲ ਕੇ ਹਰੀ ਨੂੰ ਲੱਭੋ।ਪ੍ਰਭੂ ਦੇ ਪ੍ਰੇਮ ਵਿਚ ਟਿਕ ਕੇ ਸਦਾ ਗੋਬਿੰਦ ਦੇ ਗੁਣ ਸਦਾ ਗਾਉਣੇ ਚਾਹੀਦੇ ਹਨ।ਉਸ ਪ੍ਰਭੂ ਦੀ ਸਦਾ ਹੀ ਸੇਵਾ ਭਗਤੀ ਕਰਨੀ ਚਾਹੀਦੀ ਹੈ, (ਭਗਤੀ ਦੀ ਬਰਕਤ ਨਾਲ ਉਸ ਪਾਸੋਂ) ਮੂੰਹ ਮੰਗੇ ਫਲ ਪਾ ਲਈਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ! ਪ੍ਰਭੂ ਦੀ ਸ਼ਰਣ ਵਿਚ ਆ ਜਾ ਅਤੇ ਅਨੰਤ ਤਰੰਗਾਂ ਵਾਲੇ ਪ੍ਰਭੂ ਨੂੰ ਜਪਿਆ ਕਰ।੧।ਹੇ ਭਾਈ! (ਮੈਨੂੰ ਉਹ) ਪ੍ਰਭੂ ਇਕ ਤਿਲ ਮਾਤ੍ਰ ਸਮੇਂ ਲਈ ਵੀ ਨਹੀਂ ਭੁਲਦਾ, ਜਿਸ ਨੇ ਸਭ ਕੁਛ ਦਿਤਾ ਹੈ।(ਉਸ ਦਾ) ਮੇਲ ਵੱਡੇ ਭਾਗਾਂ ਨਾਲ ਹੋਇਆ ਹੈ, ਗੁਰੂ ਰਾਹੀਂ (ਉਸ) ਪਤੀ ਪ੍ਰਭੂ ਨੂੰ ਪਛਾਣਿਆ ਹੈ।(ਉਸ ਨੇ ਮੈਨੂੰ) ਅਪਣਾ ਸੇਵਕ ਬਣਾ ਲਿਆ ਹੈ ਅਤੇ (ਮੇਰੀ ਬੁੱਧੀ ਰੂਪ) ਬਾਂਹ ਫੜ ਕੇ ਮੈਨੂੰ ਅਗਿਆਨ ਰੂਪ ਹਨ੍ਹੇਰੇ ਤੋਂ ਬਾਹਰ ਕੱਢ ਲਿਆ ਹੈ।ਨਾਨਕ ਪ੍ਰਭੂ ਦਾ ਨਾਮ ਜਪਦਿਆਂ ਜਿਉਂਦਾ ਹੈ, (ਜਿਸ ਦੇ ਜਪਣ ਨਾਲ ਮੇਰਾ) ਮਨ ਤੇ ਸੀਨਾ ਠੰਢਾ ਠਾਰ ਹੋਇਆ ਹੈ।੨।

ਪਸਰਿਓ ਆਪਿ ਹੋਇ ਅਨਤ ਤਰੰਗ (੨੭੫)।ਅਨਤ ਤਰੰਗੀ ਨਾਮੁ ਜਿਨ ਜਪਿਆ ਮੈ ਗਣਤ ਨ ਕਰਿ ਸਕਿਆ (੯੯੫)।

ਪਦਾਰਥ = ਵਡਭਾਗੀਹੋ-ਹੇ ਵੱਡੇ ਭਾਗਾਂ ਵਾਲਿਓ!।ਮਿਲਿ-ਮਿਲ ਕੇ।ਸਾਧੂ ਸੰਗੇ-ਸਾਧੂਆਂ ਨਾਲ।ਰਾਮ-ਹੇ ਭਾਈ!।ਸਦ-ਸਦਾ।ਗਾਈਅਹਿ-ਗਾਉਣੇ ਚਾਹੀਦੇ ਹਨ।ਕੈ-ਦੇ।ਰੰਗੇ-ਪ੍ਰੇਮ ਵਿਚ (ਟਿਕ ਕੇ)।ਸੋ-ਉਹ; ਉਸ।ਸਦਹੀ-ਸਦਾ ਹੀ।ਸੇਵੀਐ-ਸੇਵਾ ਭਗਤੀ ਕਰਨੀ ਚਾਹੀਦੀ ਹੈ।ਪਾਈਅਹਿ-ਪਾ ਲਈਦੇ ਹਨ।ਫਲ ਮੰਗੇ-(ਮੂੰਹ) ਮੰਗੇ ਫਲ।ਸਰਣਾਗਤੀ-ਸਰਣ ਵਿਚ ਆ ਜਾ।ਜਪਿ-ਜਪਿਆ ਕਰ।ਅਨਤ ਤਰੰਗੇ-ਬੇਅੰਤ ਲਹਿਰਾਂ ਵਾਲਾ ਪ੍ਰਭੂ (ਸਾਰੇ ਬ੍ਰਹਮੰਡ ਤੇ ਦੁਨੀਆਂ ਦੇ ਜੀਵ ਸਮੁੰਦਰ ਰੂਪ ਪ੍ਰਭੂ ਦੀਆਂ ਅਨੰਤ ਤਰੰਗਾਂ ਹਨ)।੧।ਇਕੁ ਤਿਲੁ-ਇਕ ਰੱਤੀ ਭਰ ਸਮੇਂ ਲਈ ਵੀ।ਨ ਵੀਸਰੈ-ਨਹੀਂ ਭੁਲਦਾ।ਜਿਨਿ-ਜਿਸ ਨੇ।ਦੀਨਾ-ਦਿਤਾ ਹੈ।ਵਡਭਾਗੀ-ਵੱਡੇ ਭਾਗਾਂ ਨਾਲ।ਮੇਲਾਵੜਾ-ਮਿਲਾਪ।ਗੁਰਮੁਖਿ-ਗੁਰੂ ਦੁਆਰਾ (ਗੁਰੂ ਦੀ ਸ਼ਰਣ ਪੈ ਕੇ)।ਪਿਰੁ-ਪਤੀ ਪ੍ਰਭੂ ਨੂੰ।ਚੀਨ੍ਹਾ-ਪਛਾਣਿਆ।ਪਕੜਿ-ਫੜ ਕੇ।ਤਮ ਤੇ-ਅਗਿਆਨ ਰੂਪ ਹਨ੍ਹੇਰੇ ਤੋਂ।ਕਰਿ ਲੀਨਾ-ਕਰ (ਬਣਾ) ਲਿਆ।ਜਪਤ-ਜਪਦਿਆਂ।ਜੀਵੈ-ਜਿਉਂਦਾ ਹੈ।ਸੀਤਲੁ-ਠੰਢਾ ਠਾਰ।ਸੀਨਾ-ਛਾਤੀ; ਹਿਰਦਾ।੨।

ਕਿਆ ਗੁਣ ਤੇਰੇ ਕਹਿ ਸਕਉ ,ਪ੍ਰਭ ਅੰਤਰਜਾਮੀ ਰਾਮ ॥ ਸਿਮਰਿ ਸਿਮਰਿ ਨਾਰਾਇਣੈ, ਭਏ ਪਾਰਗਰਾਮੀ ਰਾਮ ॥ ਗੁਨ ਗਾਵਤ ਗੋਵਿੰਦ ਕੇ, ਸਭ ਇਛ ਪੁਜਾਮੀ ਰਾਮ ॥ ਨਾਨਕ ਉਧਰੇ ਜਪਿ ਹਰੇ, ਸਭਹੂ ਕਾ ਸੁਆਮੀ ਰਾਮ ॥੩॥ ਰਸ ਭਿੰਨਿਅੜੇ ਅਪੁਨੇ ਰਾਮ ਸੰਗੇ, ਸੇ ਲੋਇਣ ਨੀਕੇ ਰਾਮ ॥ ਪ੍ਰਭ ਪੇਖਤ ਇਛਾ ਪੁੰਨੀਆ, ਮਿਲਿ ਸਾਜਨ ਜੀ ਕੇ ਰਾਮ ॥ ਅੰਮ੍ਰਿਤ ਰਸੁ ਹਰਿ ਪਾਇਆ, ਬਿਖਿਆ ਰਸ ਫੀਕੇ ਰਾਮ ॥ ਨਾਨਕ ਜਲੁ ਜਲਹਿ ਸਮਾਇਆ, ਜੋਤੀ ਜੋਤਿ ਮੀਕੇ ਰਾਮ ॥੪॥੨॥੫॥੯॥ ਹੇ ਅੰਤਰਜਾਮੀ ਪ੍ਰਭੂ! ਮੈਂ ਤੇਰੇ ਕਿਹੜੇ ਕਿਹੜੇ ਗੁਣ ਕਹਿ ਸਕਦਾ ਹੈ? (ਕਿਉਂਕਿ ਤੇਰੇ ਗੁਣ ਅਣਗਿਣਤ ਹਨ)।ਪ੍ਰਭੂ ਨੂੰ ਸਿਮਰ ਸਿਮਰ ਕੇ (ਬੇਅੰਤ ਪ੍ਰਾਣੀ) ਸੰਸਾਰ ਤੋਂ ਪਾਰ ਸਚਖੰਡ ਰੂਪ ਪਿੰਡ ਦੇ ਵਾਸੀ ਹੋ ਗਏ ਹਨ।ਗੋਵਿੰਦ ਦੇ ਗੁਣ ਗਾਉਂਦਿਆਂ ਸਭ ਇਛਾਵਾਂ ਪੂਰੀਆਂ ਹੋ

ਗਈਆਂ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਜੋ ਸਭ ਜੀਵਾਂ ਦਾ ਮਾਲਕ ਹੈ, ਉਸ ਹਰੀ ਦਾ ਨਾਮ ਜਪ ਕੇ (ਬੇਅੰਤ ਲੋਕ ਸੰਸਾਰ ਸਮੁੰਦਰ ਤੋਂ) ਤਰ ਗਏ ਹਨ।੩। ਹੇ ਭਾਈ! ਉਹ ਨੇਤ੍ਰ ਚੰਗੇ ਹਨ, ਜੋ ਪ੍ਰਭੂ ਦੇ ਪ੍ਰੇਮ ਰਸ ਨਾਲ ਭਿੱਜੇ ਹੋਏ ਹਨ। ਦਿਲ ਦੇ ਸੱਜਣ ਪ੍ਰਭੂ ਨੂੰ ਦੇਖਦਿਆਂ ਤੇ ਮਿਲ ਕੇ (ਮੇਰੀਆਂ) ਇੱਛਾਵਾਂ ਪੂਰੀਆਂ ਹੋ ਗਈਆਂ ਹਨ। ਮੈਂ ਹਰੀ ਦਾ ਅੰਮ੍ਰਿਤ ਨਾਮ ਰਸ ਪਾ ਲਿਆ ਹੈ, (ਹੁਣ ਮੈਨੂੰ) ਵਿਸ਼ਿਆਂ ਦੇ ਰਸ ਫਿੱਕੇ ਲਗਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਵੇਂ ਪਾਣੀ ਵਿਚ ਪਾਣੀ ਮਿਲਦਾ ਹੈ, ਤਿਵੇਂ ਜੋਤ ਸਰੂਪ ਪ੍ਰਭੂ ਵਿਚ ਮਿਲ ਕੇ ਮੇਰੀ ਆਤਮ ਜੋਤ ਇਕ ਮਿਕ ਹੋ ਗਈ ਹੈ।੪।੨।੫।੯।

ਪਦਾਰਥ = ਕਹਿ ਸਕਉ–ਕਹਿ ਸਕਦਾ ਹਾਂ। ਅੰਤਰਜਾਮੀ–ਸਭ ਦੇ ਦਿਲਾਂ ਦੀਆਂ ਜਾਨਣ ਵਾਲਾ। ਸਿਮਰਿ–ਸਿਮਰ ਕੇ। ਨਾਰਾਇਣੈ –ਨਰਾਇਣ ਨੂੰ। ਭਏ–ਹੋ ਗਏ ਹਨ। ਪਾਰਗਰਾਮੀ–ਸੰਸਾਰ ਤੋਂ ਪਾਰ ਪਿੰਡ ਦੇ ਵਾਸੀ। ਗਾਵਤ–ਗਾਉਂਦਿਆਂ। ਸਭ ਇਛ–ਸਾਰੀਆਂ ਇੱਛਾਵਾਂ। ਪੁਜਾਮੀ–ਪੂਰੀਆਂ ਹੋ ਗਈਆਂ। ਉਧਰੇ–ਤਰ ਗਏ। ਜਪਿ–ਜਪ ਕੇ। ਹਰੇ–ਹਰੀ। ਸੁਆਮੀ–ਮਾਲਕ।੩। ਭਿੰਨਿਅੜੇ–ਭਿੱਜੇ ਹੋਏ। ਸੰਗੇ–ਨਾਲ। ਸੇ–ਉਹ। ਲੋਇਣ–ਅੱਖਾਂ। ਨੀਕੇ–ਚੰਗੇ; ਸੋਹਣੇ। ਪੇਖਤ–ਦੇਖਦਿਆਂ। ਪੁੰਨੀਆ–ਪੂਰੀਆਂ ਹੋ ਗਈਆਂ। ਸਾਜਨ–ਮਿੱਤ੍ਰ। ਜੀ ਕੇ–ਦਿਲ ਦੇ। ਬਿਖਿਆ ਰਸ–ਵਿਸ਼ਿਆਂ ਦੇ ਸੁਆਦ। ਫੀਕੇ–ਫਿੱਕੇ। ਜਲਹਿ–ਪਾਣੀ ਵਿਚ। ਸਮਾਇਆ–ਮਿਲ ਜਾਂਦਾ ਹੈ। ਜੋਤੀ–ਪ੍ਰਭੂ ਦੀ ਜੋਤ ਵਿਚ। ਜੋਤਿ–ਆਤਮਕ ਜੋਤ। ਮੀਕੇ–ਇਕ ਮਿੱਕ।੪।੨।੫।੯।

ਅੰਗ ੮੪੯ = ਬਿਲਾਵਲੁ ਕੀ ਵਾਰ ਮਹਲਾ ੪ ੴ ਸਤਿਗੁਰ ਪ੍ਰਸਾਦਿ ॥ ਸਲੋਕ ਮਃ ੪ ॥ ਹਰਿ ਉਤਮੁ ਹਰਿ ਪ੍ਰਭੁ ਗਾਵਿਆ, ਕਰਿ ਨਾਦੁ ਬਿਲਾਵਲੁ ਰਾਗੁ ॥ ਉਪਦੇਸੁ ਗੁਰੂ ਸੁਣਿ ਮੰਨਿਆ, ਧੁਰਿ ਮਸਤਕਿ ਪੂਰਾ ਭਾਗੁ ॥ ਸਭ ਦਿਨਸੁ ਰੈਣਿ ਗੁਣ ਉਚਰੈ, ਹਰਿ ਹਰਿ ਹਰਿ ਉਰਿ ਲਿਵਲਾਗੁ ॥ ਸਭੁ ਤਨੁ ਮਨੁ ਹਰਿਆ ਹੋਇਆ, ਮਨੁ ਖਿੜਿਆ ਹਰਿਆ ਬਾਗੁ ॥ ਅਗਿਆਨੁ ਅੰਧੇਰਾ ਮਿਟਿ ਗਇਆ, ਗੁਰ ਚਾਨਣੁ ਗਿਆਨੁ ਚਰਾਗੁ ॥ ਜਨੁ ਨਾਨਕੁ ਜੀਵੈ ਦੇਖਿ ਹਰਿ, ਇਕ ਨਿਮਖ ਘੜੀ ਮੁਖਿ ਲਾਗੁ ॥੧ ॥ (ਹੇ ਭਾਈ! ਗੁਰਮੁਖ ਨੇ) ਬਿਲਾਵਲ ਰਾਗ ਅਲਾਪ ਕਰਕੇ ਸਭ ਤੋਂ ਉਤਮ ਹਰੀ ਪ੍ਰਭੂ ਦਾ ਜਸ ਗਾਇਆ ਹੈ। (ਜਿਸ ਮਨੁੱਖ ਦੇ) ਮੱਥੇ ਉਤੇ ਧੁਰ ਤੋਂ ਪੂਰਾ ਭਾਗ ਲਿਖਿਆ ਹੋਇਆ ਸੀ, (ਉਸ ਨੇ) ਗੁਰੂ ਦਾ ਉਪਦੇਸ ਸੁਣ ਕੇ ਮੰਨਿਆ ਹੈ। (ਉਹ) ਸਾਰਾ ਦਿਨ ਤੇ ਰਾਤ ਹਰੀ ਦੇ ਗੁਣ ਉਚਾਰਦਾ ਹੈ ਅਤੇ (ਉਸ ਦੇ) ਹਿਰਦੇ ਵਿਚ ਹਰੀ ਦੇ ਨਾਮ ਦੀ ਲਿਵ ਲਗ ਗਈ ਹੈ। (ਜਿਸ ਕਰਕੇ ਉਸ ਦਾ) ਸਾਰਾ ਤਨ ਤੇ ਮਨ ਹਰਾ ਭਰਾ ਹੋ ਗਿਆ (ਅਨੰਦ ਰਸ ਨਾਲ ਭਰ ਗਿਆ), ਮਨ (ਉਸ ਦਾ ਇਉਂ) ਖਿੜ ਗਿਆ, ਜਿਵੇਂ ਹਰਾ ਬਾਗ ਖਿੜਿਆ ਹੁੰਦਾ ਹੈ। (ਉਸ ਦੇ ਅੰਦਰ) ਚਾਨਣ ਕਰਨ ਵਾਲਾ ਗੁਰੂ ਦਾ ਬਖਸ਼ਿਆ ਗਿਆਨ ਰੂਪ ਦੀਵਾ ਜਗ ਪਿਆ ਹੈ, (ਜਿਸ ਨਾਲ ਉਸ ਦੇ ਮਨ ਵਿਚੋਂ) ਅਗਿਆਨ ਰੂਪ ਹਨ੍ਹੇਰਾ ਮਿਟ ਗਿਆ। ਦਾਸ ਨਾਨਕ ਹਰੀ ਨੂੰ ਦੇਖ ਕੇ ਜਿਉਂਦਾ ਹੈ ਅਤੇ (ਬੇਨਤੀ ਕਰਦਾ ਹੈ ਕਿ ਹੇ ਪ੍ਰਭੂ!) ਇਕ ਨਿਮਖ ਘੜੀ ਸਮੇਂ ਲਈ ਮੇਰੇ ਮੂੰਹ ਲੱਗ (ਦਰਸ਼ਨ ਦੇਹ)।੧।

ਮਃ ੩ ॥ ਬਿਲਾਵਲੁ ਤਬ ਹੀ ਕੀਜੀਐ, ਜਬ ਮੁਖਿ ਹੋਵੈ ਨਾਮੁ ॥ ਰਾਗ ਨਾਦ ਸਬਦਿ ਸੋਹਣੇ, ਜਾ ਲਾਗੈ ਸਹਜਿ ਧਿਆਨੁ ॥ ਰਾਗ ਨਾਦ ਛੋਡਿ ਹਰਿ ਸੇਵੀਐ, ਤਾ ਦਰਗਹ ਪਾਈਐ ਮਾਨੁ ॥ ਨਾਨਕ ਗੁਰਮੁਖਿ ਬ੍ਰਹਮੁ ਬੀਚਾਰੀਐ, ਚੂਕੈ ਮਨਿ ਅਭਿਮਾਨੁ ॥ ੨॥ (ਹੇ ਭਾਈ!) ਬਿਲਾਵਲ ਰਾਗ ਤਦ ਹੀ ਗਾਇਨ ਕਰਨਾ ਚਾਹੀਦਾ ਹੈ, ਜਦ ਮੂੰਹ ਵਿਚ ਪ੍ਰਭੂ ਦਾ ਨਾਮ ਹੋਵੇ। ਸ਼ਬਦ ਦੁਆਰਾ ਰਾਗ ਨਾਦ (ਗਾਏ ਹੋਏ ਤਦ ਹੀ) ਸੋਹਣੇ ਲਗਦੇ ਹਨ, ਜਦ ਸਹਿਜ ਅਵਸਥਾ ਵਿਚ ਧਿਆਨ ਲਗ ਜਾਵੇ। (ਗੁਰੂ ਦੇ ਸ਼ਬਦ ਤੋਂ ਬਿਨਾ) ਰਾਗ ਨਾਦ ਗਾਉਣੇ ਛਡ ਕੇ ਹਰੀ ਦੀ ਸੇਵਾ ਭਗਤੀ ਕਰਨੀ ਚਾਹੀਦੀ ਹੈ, ਤਾਂ ਰੱਬੀ ਦਰਗਾਹ ਵਿਚ ਆਦਰ ਮਾਣ ਪਾਈਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਇਸ ਪ੍ਰਕਾਰ) ਗੁਰੂ ਦੁਆਰਾ ਬ੍ਰਹਮ ਨੂੰ ਵਿਚਾਰਨਾ ਚਾਹੀਦਾ ਹੈ, ਤਾਂ ਹੀ ਮਨ ਵਿਚੋਂ ਅਭਿਮਾਨ ਦੂਰ ਹੁੰਦਾ ਹੈ।੨। ਰਾਗ ਗਾਏ ਤਾਂ ਹੀ ਸਫਲ ਹਨ, ਜੇ ਰਾਗਾਂ ਦੁਆਰਾ ਪ੍ਰਭੂ ਦਾ ਜਸ ਕੀਤਾ ਜਾਵੇ।

ਪਦਾਰਥ = ਕਰਿ ਨਾਦੁ–ਅਲਾਪ ਕਰਕੇ। ਸੁਣਿ–ਸੁਣ ਕੇ। ਧੁਰਿ–ਧੁਰ ਤੋਂ। ਮਸਤਕਿ–ਮੱਥੇ ਉਤੇ। ਭਾਗੁ–ਕਿਸਮਤ। ਰੈਣਿ–ਰਾਤ। ਉਰਿ–ਹਿਰਦੇ ਵਿਚ। ਲਿਵ ਲਾਗੁ–ਲਿਵ ਲਗ ਗਈ। ਤਨੁ–ਸਰੀਰ। ਚਰਾਗੁ–ਦੀਵਾ। ਜੀਵੈ–ਜਿਉਂਦਾ ਹੈ। ਦੇਖਿ–ਦੇਖ ਕੇ। ਨਿਮਖ–ਅੱਖ ਝਮਕਣ ਜਿੰਨਾ ਸਮਾਂ। ਘੜੀ–੨੪ ਮਿੰਟਾਂ ਦਾ ਸਮਾਂ। ਮੁਖਿ ਲਾਗੁ–ਮੂੰਹ ਲਗ (ਦਰਸ਼ਨ ਦੇਹ)।੧। ਤਬ ਹੀ–ਤਦ ਹੀ। ਕੀਜੀਐ–ਗਾਇਨ ਕਰਨਾ ਚਾਹੀਦਾ ਹੈ। ਜਬ–ਜਦੋਂ। ਮੁਖਿ–ਮੂੰਹ ਵਿਚ। ਰਾਗ ਨਾਦ–ਰਾਗਾਂ ਦਾ ਅਲਾਪ; ਗਾਉਣਾ ਵਜਾਉਣਾ। ਸਬਦਿ–ਸ਼ਬਦ ਰਾਹੀਂ। ਜਾ–ਜਦ। ਸਹਜਿ–ਸਹਿਜ ਅਵਸਥਾ ਵਿਚ। ਸੇਵੀਐ–ਸੇਵਾ ਭਗਤੀ ਕਰਨੀ ਚਾਹੀਦੀ ਹੈ। ਤਾ–ਤਾਂ; ਤਦ। ਪਾਈਐ ਮਾਨੁ–ਆਦਰ ਪਾਈਦਾ ਹੈ। ਗੁਰਮੁਖਿ–ਗੁਰੂ ਦੁਆਰਾ। ਚੂਕੈ–ਦੂਰ ਹੁੰਦਾ ਹੈ। ਮਨਿ–ਮਨ ਵਿਚੋਂ।੨।

ਪਉੜੀ ॥ ਤੂ ਹਰਿ ਪ੍ਰਭੁ ਆਪਿ ਅਗੰਮੁ ਹੈ, ਸਭਿ ਤੁਧੁ ਉਪਾਇਆ ॥ ਤੂ ਆਪੇ ਆਪਿ ਵਰਤਦਾ, ਸਭੁ ਜਗਤੁ ਸਬਾਇਆ ॥ ਤੁਧੁ ਆਪੇ ਤਾੜੀ ਲਾਈਐ, ਆਪੇ ਗੁਣ ਗਾਇਆ ॥ ਹਰਿ ਧਿਆਵਹੁ ਭਗਤਹੁ ਦਿਨਸੁ ਰਾਤਿ, ਅੰਤਿ ਲਏ ਛਡਾਇਆ ॥ ਜਿਨਿ ਸੇਵਿਆ ਤਿਨਿ ਸੁਖੁ ਪਾਇਆ, ਹਰਿ ਨਾਮਿ ਸਮਾਇਆ ॥੧॥ ਹੇ ਹਰੀ! ਹੇ ਪ੍ਰਭੂ! ਤੂੰ ਆਪ ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈਂ, ਸਾਰੇ ਜੀਵ ਤੇਰੇ ਹੀ ਪੈਦਾ ਕੀਤੇ ਹੋਏ ਹਨ। ਤੂੰ ਆਪ ਹੀ ਆਪ (ਸਾਰੇ ਜੀਵਾਂ ਦੇ ਅੰਦਰ) ਵਰਤ ਰਿਹਾ ਹੈ ਅਤੇ ਸਾਰਾ ਜਗਤ ਤੇਰਾ ਹੀ ਹੈ (ਸਾਰੇ ਜਗਤ ਦਾ ਮਾਲਕ ਹੈਂ। ਭਗਤ ਰੂਪ ਹੋ ਕੇ) ਤੂੰ ਆਪ ਹੀ ਸਮਾਧੀ ਲਾਈ ਹੋਈ ਹੈ ਅਤੇ ਆਪ ਹੀ (ਉਨ੍ਹਾਂ ਦੇ ਅੰਦਰ ਵਸਦਾ ਹੋਇਆ ਅਪਣੇ) ਗੁਣ ਗਾ ਰਿਹਾ ਹੈਂ। (ਉਪਦੇਸ਼ ਦੇ ਰਹੇ ਹਨ ਕਿ) ਹੇ ਭਗਤ ਜਨੋਂ! ਦਿਨ ਰਾਤ ਹਰੀ ਨੂੰ ਧਿਆਇਆ ਕਰੋ, ਜੋ ਅੰਤ ਸਮੇਂ (ਜਮਦੂਤਾਂ ਤੋਂ) ਛੁਡਾ ਲੈਂਦਾ ਹੈ। ਜਿਸ ਮਨੁੱਖ ਨੇ (ਪ੍ਰਭੂ ਦੀ) ਸੇਵਾ ਭਗਤੀ ਕੀਤੀ ਹੈ, ਉਸ ਨੇ ਸੁਖ ਪਾਇਆ ਹੈ ਅਤੇ (ਉਹ ਸਦਾ) ਪ੍ਰਭੂ ਦੇ ਨਾਮ ਵਿਚ ਲੀਨ ਰਿਹਾ ਹੈ।੧।

ਪਦਾਰਥ = ਅਗੰਮੁ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਸਭਿ–ਸਾਰੇ (ਜੀਵ)। ਤੁਧੁ–ਤੇਰੇ। ਉਪਾਇਆ–ਪੈਦਾ ਕੀਤੇ ਹਨ। ਵਰਤਦਾ –ਵਰਤ (ਵਿਆਪਕ ਹੋ) ਰਿਹਾ ਹੈਂ। ਸਬਾਇਆ–ਸਾਰਾ। ਤਾੜੀ ਲਾਈਐ–ਸਮਾਧੀ ਲਾਈ ਹੈ। ਧਿਆਵਹੁ–ਧਿਆਵੋ। ਭਗਤਹੁ– ਹੇ ਭਗਤ ਜਨੋਂ!। ਅੰਤਿ–ਅੰਤ ਸਮੇਂ। ਲਏ ਛਡਾਇਆ–ਛਡਾ ਲੈਂਦਾ ਹੈ। ਜਿਨਿ–ਜਿਸ ਨੇ। ਸੇਵਿਆ–ਸੇਵਾ ਭਗਤੀ ਕੀਤੀ। ਤਿਨਿ– ਉਸ ਨੇ। ਨਾਮਿ ਸਮਾਇਆ–ਨਾਮ ਵਿਚ ਲੀਨ ਰਿਹਾ ਹੈ।੧।

ਵਾਰ ਉਸ ਕਾਵਿ ਰਚਨਾ ਦਾ ਨਾਮ ਹੈ, ਜਿਸ ਵਿਚ ਸੂਰਵੀਰਤਾ ਦਾ ਵਰਨਣ ਹੋਵੇ। ਵਾਰ ਦਾ ਅਰਥ ਪਉੜੀ ਛੰਦ ਵੀ ਹੈ, ਗੁਰੂ ਗ੍ਰੰਥ ਸਾਹਿਬ ਦੀਆਂ ਵਾਰਾਂ ਵਿਚ ਮੋਹ ਅਤੇ ਬਿਬੇਕ, ਗੁਰਮੁਖ ਤੇ ਮਨਮੁਖ ਵਿਚ ਹੋਏ ਜੁੱਧ ਦਾ ਵਰਨਣ ਹੇ। ਜਿੱਤ ਬਿਬੇਕ ਤੇ ਗੁਰਮੁਖਾਂ ਦੀ ਹੁੰਦੀ ਬਿਆਨ ਕੀਤੀ ਗਈ ਹੈ। ਇਸ ਵਾਰ ਦੀਆਂ ੧੩ ਪਉੜੀਆਂ ਹਨ, ਸਾਰੀਆਂ ਪਉੜੀਆਂ ਸ਼੍ਰੀ ਗੁਰੂ ਰਾਮਦਾਸ ਜੀ ਦੀ ਰਚਨਾ ਹਨ। ਮਃ ੪ ਦਾ ੧ ਸਲੋਕ ਹੈ, ਮਃ ੧ ਦੇ ੨ ਸਲੋਕ ਹਨ ਅਤੇ ਮਃ ੩ ਦੇ ੨੪ ਸਲੋਕ ਹਨ।

ਸਲੋਕ ਮਃ ੩ ॥ ਦੂਜੈ ਭਾਇ ਬਿਲਾਵਲੁ ਨ ਹੋਵਈ, ਮਨਮੁਖਿ ਥਾਇ ਨ ਪਾਇ ॥ ਪਾਖੰਡਿ ਭਗਤਿ ਨ ਹੋਵਈ, ਪਾਰਬ੍ਰਹਮੁ ਨਾ ਪਾਇਆ ਜਾਇ ॥ ਮਨ ਹਠਿ ਕਰਮ ਕਮਾਵਣੇ, ਥਾਇ ਨ ਕੋਈ ਪਾਇ ॥ ਨਾਨਕ ਗੁਰਮੁਖਿ ਆਪੁ ਬੀਚਾਰੀਐ, ਵਿਚਹੁ ਆਪੁ ਗਵਾਇ ॥ ਆਪੇ ਆਪਿ ਪਾਰਬ੍ਰਹਮੁ ਹੈ, ਪਾਰਬ੍ਰਹਮੁ ਵਸਿਆ ਮਨਿ ਆਇ ॥ ਜੰਮਣੁ ਮਰਣਾ ਕਟਿਆ, ਜੋਤੀ ਜੋਤਿ ਮਿਲਾਇ ॥੧॥ (ਹੇ ਭਾਈ! ਪ੍ਰਭੂ ਨੂੰ ਛਡ ਕੇ) ਦ੍ਵੈਤ ਭਾਵ ਵਿਚ ਬਿਲਾਵਲ ਰਾਗ ਗਾਇਨ ਨਹੀਂ ਹੋ ਸਕਦਾ; ਦ੍ਵੈਤ ਭਾਵ ਵਿਚ ਲੱਗਿਆਂ ਆਤਮਕ ਅਨੰਦ ਪ੍ਰਾਪਤ ਨਹੀਂ ਹੁੰਦਾ, ਮਨਮੁਖ (ਰੱਬੀ ਦਰਗਾਹ ਵਿਚ) ਪ੍ਰਵਾਨ ਨਹੀਂ ਪੈਂਦਾ। ਪਖੰਡ ਕਰਨ ਨਾਲ ਭਗਤੀ ਨਹੀਂ ਹੋ ਸਕਦੀ ਅਤੇ ਨਾ ਹੀ ਪਾਰਬ੍ਰਹਮ ਪਾਇਆ ਜਾਂਦਾ ਹੈ। ਮਨ ਦੇ ਹਠ ਨਾਲ ਜੋ ਕਰਮ ਕਮਾਏ ਜਾਂਦੇ ਹਨ, ਉਹ ਕੋਈ ਵੀ ਕਰਮ ਥਾਇ ਨਹੀਂ ਪੈਂਦਾ (ਮਨਜੂਰ ਨਹੀਂ ਹੁੰਦਾ)। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੁਆਰਾ ਮਨ ਵਿਚੋਂ ਆਪਾ ਭਾਵ ਗਵਾ ਕੇ ਅਪਣੇ ਆਪ ਨੂੰ ਵਿਚਾਰਨਾ ਚਾਹੀਦਾ ਹੈ। (ਜਿਸ ਨੇ ਵਿਚਾਰਿਆ ਹੈ, ਉਸ ਦੇ) ਮਨ ਵਿਚ ਪਾਰਬ੍ਰਹਮ ਆ ਵਸਿਆ ਹੈ, (ਉਸ ਨੂੰ ਸਮਝ ਪੈ ਜਾਂਦੀ ਹੈ ਕਿ ਸਭ ਜਗ੍ਹਾ) ਪਾਰਬ੍ਰਹਮ ਆਪੇ ਆਪ ਹੈ; ਅਪਣਾ ਆਪ ਪਾਰਬ੍ਰਹਮ ਰੂਪ ਹੈ। (ਪ੍ਰਭੂ ਨੇ ਉਸ ਦੀ) ਆਤਮਕ ਜੋਤ ਨੂੰ ਅਪਣੀ ਜੋਤ ਵਿਚ ਮਿਲਾ ਲਿਆ ਹੈ, (ਜਿਸ ਕਰਕੇ ਉਸ ਦਾ) ਜੰਮਣਾ ਮਰਨਾ ਕਟਿਆ ਗਿਆ ਹੈ।੧।

ਮਃ ੩ ॥ ਬਿਲਾਵਲੁ ਕਰਿਹੁ ਤੁਮ੍ ਪਿਆਰਿਹੋ, ਏਕਸੁ ਸਿਉ ਲਿਵ ਲਾਇ ॥ ਜਨਮ ਮਰਣ ਦੁਖੁ ਕਟੀਐ, ਸਚੇ ਰਹੈ ਸਮਾਇ ॥ ਸਦਾ ਬਿਲਾਵਲੁ ਅਨੰਦੁ ਹੈ, ਜੇ ਚਲਹਿ ਸਤਿਗੁਰ ਭਾਇ ॥ ਸਤਸੰਗਤੀ ਬਹਿ ਭਾਉ ਕਰਿ, ਸਦਾ ਹਰਿ ਕੇ ਗੁਣ ਗਾਇ ॥ ਨਾਨਕ ਸੇ ਜਨ ਸੋਹਣੇ, ਜਿ ਗੁਰਮੁਖਿ ਮੇਲਿ ਮਿਲਾਇ ॥੨॥ ਹੇ ਪਿਆਰੇ ਮਿੱਤ੍ਰੋ! ਇਕ ਪ੍ਰਭੂ ਨਾਲ ਲਿਵ ਲਾ ਕੇ ਤੁਸੀਂ ਬਿਲਾਵਲ ਰਾਗ ਗਾਇਆ ਕਰੋ; ਅਨੰਦ ਮਾਣਿਆ ਕਰੋ। (ਜੋ ਮਨੁੱਖ) ਸੱਚੇ ਪ੍ਰਭੂ ਵਿਚ ਲੀਨ ਰਹਿੰਦਾ ਹੈ, (ਉਸ ਦਾ) ਜਨਮ ਮਰਣ ਦਾ ਦੁਖ ਕੱਟਿਆ ਜਾਂਦਾ ਹੈ। ਜਿਹੜੇ ਮਨੁੱਖ ਸਤਿਗੁਰੂ ਦੀ ਆਗਿਆ ਵਿਚ ਚਲਦੇ ਹਨ, (ਉਨ੍ਹਾਂ ਦੇ) ਮਨ ਵਿਚ ਵੀ ਅਨੰਦ ਹੈ ਤੇ ਸਰੀਰ ਵਿਚ ਵੀ ਸਦਾ ਅਨੰਦ ਬਣਿਆ ਰਹਿੰਦਾ ਹੈ। ਉਹ ਸਤਸੰਗਤ ਵਿਚ ਬੈਠ ਕਰਕੇ ਪ੍ਰੇਮ ਨਾਲ ਸਦਾ ਹਰੀ ਦੇ ਗੁਣ ਗਾਉਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਮਨੁੱਖ ਸੋਹਣੇ ਹਨ, ਜਿਹੜੇ (ਪ੍ਰਭੂ ਨੇ) ਗੁਰਮੁਖਾਂ ਦੇ ਮੇਲ ਵਿਚ ਮਿਲਾਏ ਹਨ; ਜਿਹੜੇ ਗੁਰੂ ਨਾਲ ਮਿਲ ਕੇ (ਹੋਰ ਮਨੁੱਖਾਂ ਨੂੰ ਵੀ ਗੁਰੂ ਨਾਲ) ਮਿਲਾਉਂਦੇ ਹਨ।੨।

ਪਦਾਰਥ = ਦੂਜੈ ਭਾਇ–ਦ੍ਵੈਤ ਭਾਵ ਵਿਚ ਲੱਗਿਆਂ। ਬਿਲਾਵਲੁ–ਬਿਲਾਵਲ ਰਾਗ; ਅਨੰਦ। ਥਾਇ ਨ ਪਾਇ–ਪ੍ਰਵਾਨ ਨਹੀਂ ਪੈਂਦਾ

।ਪਾਖੰਡਿ–ਪਖੰਡ ਕਰਨ ਨਾਲ।ਮਨ ਹਠਿ–ਮਨ ਦੇ ਹਠ ਨਾਲ।ਕਰਮ–ਧਾਰਮਕ ਕਰਮ।ਗੁਰਮੁਖਿ–ਗੁਰੂ ਰਾਹੀਂ।ਆਪੁ–ਅਪਣੇ ਆਪ ਨੂੰ।ਵਿਚਹੁ–ਮਨ ਦੇ ਵਿਚੋਂ।ਆਪੁ–ਆਪਾ ਭਾਵ (ਹੰਕਾਰ)।ਗਵਾਇ–ਗਵਾ ਕੇ।ਮਨਿ–ਮਨ ਵਿਚ।ਜੋਤੀ–ਪ੍ਰਭੂ ਦੀ ਜੋਤ ਵਿਚ।ਜੋਤਿ–ਆਤਮਕ ਜੋਤ।੧।ਕਰਿਹੋ–(ਗਾਇਆ) ਕਰੋ।ਪਿਆਰਿਹੋ–ਹੇ ਪਿਆਰਓ!।ਏਕਸੁ ਸਿਉ–ਇਕ ਪ੍ਰਭੂ ਨਾਲ।ਲਿਵ ਲਾਇ–ਸੁਰਤ ਜੋੜ ਕੇ।ਕਟੀਐ–ਕੱਟਿਆ ਜਾਂਦਾ ਹੈ।ਸਚੇ–ਸੱਚੇ ਪ੍ਰਭੂ ਵਿਚ।ਰਹੈ ਸਮਾਇ–ਲੀਨ ਰਹਿੰਦਾ ਹੈ।ਜੇ–ਜਿਹੜੇ। ਚਲਹਿ–ਚਲਦੇ ਹਨ।ਭਾਇ–ਆਗਿਆ ਵਿਚ; ਅਨੁਸਾਰੀ ਹੋ ਕੇ।ਬਹਿ ਕਰਿ–ਬੈਠ ਕਰਕੇ।ਭਾਉ–ਪ੍ਰੇਮ ਨਾਲ।ਗਾਇ–ਗਾਉਂਦੇ ਹਨ।ਸੇ ਜਨ–ਉਹ ਮਨੁੱਖ।ਜਿ–ਜਿਹੜੇ।ਗੁਰਮੁਖਿ ਮੇਲਿ–ਗੁਰਮੁਖਾਂ ਦੇ ਮੇਲ (ਸੰਗਤ) ਵਿਚ।ਮਿਲਾਇ–ਮਿਲਾਏ ਹਨ।੨।

ਪਉੜੀ ॥ ਸਭਨਾ ਜੀਆ ਵਿਚਿ ਹਰਿ ਆਪਿ, ਸੋ ਭਗਤਾ ਕਾ ਮਿਤੁ ਹਰਿ ॥ ਸਭੁ ਕੋਈ ਹਰਿ ਕੈ ਵਸਿ, ਭਗਤਾ ਕੈ ਅਨੰਦੁ ਘਰਿ ॥ ਹਰਿ ਭਗਤਾ ਕਾ ਮੇਲੀ ਸਰਬਤ, ਸਉ ਨਿਸੁਲ ਜਨ ਟੰਗ ਧਰਿ ॥ ਹਰਿ ਸਭਨਾ ਕਾ ਹੈ ਖਸਮੁ ,ਸੋ ਭਗਤ ਜਨ ਚਿਤਿ ਕਰਿ ॥ ਤੁਧੁ ਅਪੜਿ ਕੋਇ ਨ ਸਕੈ, ਸਭ ਝਖਿ ਝਖਿ ਪਵੈ ਝੜਿ ॥੨॥ (ਹੇ ਭਾਈ!) ਹਰੀ ਆਪ ਸਾਰੇ ਜੀਵਾਂ ਵਿਚ ਵਸਦਾ ਹੈ, ਉਹ ਹਰੀ ਭਗਤਾਂ ਦਾ ਮਿਤ੍ਰ ਹੈ।(ਭਗਤ ਜਾਣਦੇ ਹਨ ਕਿ) ਸਭ ਕੋਈ ਜੀਵ ਹਰੀ ਦੇ ਵਸ ਵਿਚ ਹੈ, (ਇਸ ਲਈ) ਭਗਤਾਂ ਦੇ ਹਿਰਦੇ ਘਰ ਵਿਚ ਅਨੰਦ ਬਣਿਆ ਰਹਿੰਦਾ ਹੈ।ਹਰੀ ਸਭ ਜਗ੍ਹਾ ਭਗਤਾਂ ਦਾ ਮੇਲੀ ਹੈ, (ਇਸ ਕਰਕੇ) ਭਗਤ ਜਨ ਲੱਤ ਤੇ ਲੱਤ ਧਰ ਕੇ ਸੌਂਦੇ ਹਨ (ਵਿਰੋਧੀਆਂ ਵੱਲੋਂ ਬੇਫਿਕਰ ਰਹਿੰਦੇ ਹਨ।ਭਗਤਾਂ ਨੂੰ ਪਤਾ ਹੈ ਕਿ) ਹਰੀ ਸਾਰੇ ਜੀਵਾਂ ਦਾ ਮਾਲਕ ਹੈ, ਉਹ ਭਗਤ ਜਨ ਹਰੀ ਨੂੰ ਚਿਤ ਵਿਚ ਯਾਦ ਕਰਦੇ ਹਨ।(ਭਗਤ ਇਉਂ ਬੇਨਤੀ ਕਰਦੇ ਹਨ ਕਿ) ਹੇ ਪ੍ਰਭੂ! ਤੇਰੇ ਬਰਾਬਰ ਕੋਈ ਨਹੀਂ ਪਹੁੰਚ ਸਕਦਾ, ਸਾਰੇ (ਨਿੰਦਕ) ਝੱਖਾਂ ਮਾਰ ਮਾਰ ਕੇ ਝੜ ਪੈਂਦੇ ਹਨ ੨।

ਪਦਾਰਥ = ਸਭਨਾ–ਸਾਰੇ।ਜੀਆ ਵਿਚਿ–ਜੀਵਾਂ ਵਿਚ।ਸੋ–ਉਹ (ਪ੍ਰਭੂ)।ਕਾ–ਦਾ।ਮਿਤੁ–ਮਿਤ੍ਰ।ਕੈ ਵਸਿ–ਦੇ ਵਸ ਵਿਚ।ਘਰਿ –ਹਿਰਦੇ ਘਰ ਵਿਚ।ਮੇਲੀ–ਮੇਲ ਰੱਖਣ ਵਾਲਾ ਸੱਜਣ।ਸਰਬਤ–ਸਭ ਜਗ੍ਹਾ।ਸਉ–ਸੌਂਦੇ ਹਨ।ਨਿਸੁਲ–ਲੱਤਾਂ ਬਾਹਾਂ ਪਸਾਰ ਕੇ; ਬੇ ਫਿਕਰ ਹੋ ਕੇ।ਜਨ–ਭਗਤ ਜਨ।ਟੰਗ ਧਰਿ–ਲੱਤ ਤੇ ਲੱਤ ਧਰ ਕੇ।ਖਸਮੁ–ਮਾਲਕ।ਚਿਤਿ ਕਰਿ–ਚਿੱਤ ਵਿਚ ਯਾਦ ਕਰਦੇ ਹਨ।ਤੁਧੁ–ਤੇਰੇ (ਬਰਾਬਰ)।ਅਪੜਿ ਨ ਸਕੈ–ਪਹੁੰਚ ਨਹੀਂ ਸਕਦਾ।ਝਖਿ ਝਖਿ–ਬੇਅਰਥ ਬਕਵਾਸ ਮਾਰ ਮਾਰ ਕੇ; ਖਪ ਖਪ ਕੇ; ਖਿਝ ਖਿਝ ਕੇ; ਝਗੜਾ ਕਰ ਕਰਕੇ।ਪਵੈ ਝੜਿ–ਝੜ (ਡਿਗ) ਪੈਂਦੇ ਹਨ (ਜੰਮਦੇ ਮਰਦੇ ਰਹਿੰਦੇ ਹਨ)।੨।

ਅੰਗ ੮੫੦ = ਸਲੋਕ ਮਃ ੩ ॥ ਬ੍ਰਹਮੁ ਬਿੰਦਹਿ ਤੇ ਬ੍ਰਾਹਮਣਾ, ਜੇ ਚਲਹਿ ਸਤਿਗੁਰ ਭਾਇ ॥ ਜਿਨ ਕੈ ਹਿਰਦੈ ਹਰਿ ਵਸੈ, ਹਉਮੈ ਰੋਗੁ ਗਵਾਇ ॥ ਗੁਣ ਰਵਹਿ ਗੁਣ ਸੰਗ੍ਰਹਹਿ, ਜੋਤੀ ਜੋਤਿ ਮਿਲਾਇ ॥ ਇਸੁ ਜੁਗ ਮਹਿ ਵਿਰਲੇ ਬ੍ਰਾਹਮਣ, ਬ੍ਰਹਮੁ ਬਿੰਦਹਿ ਚਿਤੁ ਲਾਇ ॥ ਨਾਨਕ ਜਿਨ੍ ਕਉ ਨਦਰਿ ਕਰੇ ਹਰਿ ਸਚਾ, ਸੇ ਨਾਮਿ ਰਹੇ ਲਿਵ ਲਾਇ ॥੧॥ (ਹੇ ਭਾਈ!) ਜਿਹੜੇ ਮਨੁੱਖ (ਅਪਣੇ ਮਨ ਦੀ ਮੱਤ ਛਡ ਕੇ) ਸਤਿਗੁਰੂ ਦੀ ਆਗਿਆ ਵਿਚ ਚਲਦੇ ਹਨ ਅਤੇ ਬ੍ਰਹਮ ਨੂੰ ਜਾਣ ਲੈਂਦੇ ਹਨ, (ਅਸਲ ਵਿਚ) ਉਹ ਬ੍ਰਾਹਮਣ ਹਨ।ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਹਰੀ ਵਸਦਾ ਹੈ, (ਉਨ੍ਹਾਂ ਦਾ) ਹਉਮੈ ਦਾ ਰੋਗ ਦੂਰ ਹੋ ਜਾਂਦਾ ਹੈ। (ਉਹ) ਹਰੀ ਦੇ ਗੁਣ ਉਚਾਰਦੇ ਹਨ ਅਤੇ ਦੈਵੀ ਗੁਣ ਇੱਕੱਠੇ ਕਰਦੇ ਹਨ, (ਉਨ੍ਹਾਂ ਦੀ) ਆਤਮ ਜੋਤ ਨੂੰ (ਹਰੀ ਅਪਣੀ) ਜੋਤ ਵਿਚ ਮਿਲਾ ਲੈਂਦਾ ਹੈ।(ਇਹੋ ਜਿਹੇ) ਬ੍ਰਾਹਮਣ ਇਸ ਜੁਗ ਵਿਚ ਵਿਰਲੇ ਹਨ, ਜੋ ਬ੍ਰਹਮ ਨੂੰ ਜਾਣਦੇ ਹਨ ਅਤੇ (ਉਸ ਵਿਚ) ਚਿਤ ਲਾਉਂਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ (ਇਹੋ ਜਿਹੇ ਬ੍ਰਾਹਮਣਾਂ) ਉਤੇ ਸੱਚਾ ਪ੍ਰਭੂ ਮੇਹਰ ਦੀ ਨਜਰ ਕਰਦਾ ਹੈ, ਉਹ ਪ੍ਰਭੂ ਦੇ ਪ੍ਰਭੂ ਦੇ ਨਾਮ ਵਿਚ ਲਿਵ ਲਾ ਕੇ ਰਹਿੰਦੇ ਹਨ।੧।

ਮਃ ੩ ॥ ਸਤਿਗੁਰੁ ਕੀ ਸੇਵ ਨ ਕੀਤੀਆ, ਸਬਦਿ ਨ ਲਗੋ ਭਾਉ ॥ ਹਉਮੈ ਰੋਗੁ ਕਮਾਵਣਾ, ਅਤਿ ਦੀਰਘੁ ਬਹੁ ਸੁਆਉ ॥ ਮਨ ਹਠਿ ਕਰਮ ਕਮਾਵਣੇ, ਫਿਰਿ ਫਿਰਿ ਜੋਨੀ ਪਾਇ ॥ ਗੁਰਮੁਖਿ ਜਨਮੁ ਸਫਲੁ ਹੈ, ਜਿਸ ਨੋ ਆਪੇ ਲਏ ਮਿਲਾਇ ॥ ਨਾਨਕ ਨਦਰੀ ਨਦਰਿ ਕਰੇ, ਤਾ ਨਾਮ ਧਨੁ ਪਲੈ ਪਾਇ ॥੨॥ (ਹੇ ਭਾਈ! ਜਿਸ ਮਨੁੱਖ ਨੇ) ਸਤਿਗੁਰੂ ਦੀ ਸੇਵਾ ਨਹੀਂ ਕੀਤੀ ਅਤੇ ਨਾ ਹੀ (ਉਸ ਦਾ) ਗੁਰੂ ਦੇ ਸ਼ਬਦ ਵਿਚ ਪ੍ਰੇਮ ਲੱਗਾ ਹੈ।(ਉਸ ਨੇ ਪਦਾਰਥਾਂ ਜਾਂ ਵਿਸ਼ਿਆਂ ਦਾ) ਬਹੁਤਾ ਸੁਆਦ ਲੈਣ ਲਈ ਜੋ ਵੀ ਕਰਮ ਕੀਤਾ ਹੈ, (ਉਸ ਕਰਮ ਤੋਂ ਉਸ ਨੂੰ) ਬੜਾ ਭਾਰੀ ਹਉਮੈ ਦਾ ਰੋਗ ਲਗ ਗਿਆ ਹੈ; (ਉਸ ਨੇ) ਹਉਮੈ ਦਾ ਬਹੁਤ ਵਡਾ ਰੋਗ ਕਮਾ (ਲਗਾ) ਲਿਆ ਹੈ ਅਤੇ (ਉਹ) ਬਹੁਤ ਵੱਡਾ ਸੁਆਰਥੀ ਮਨੁੱਖ ਹੈ।(ਉਹ ਅਪਣੇ) ਮਨ ਦੇ ਹਠ ਨਾਲ (ਨਾਮ ਸਿਮਰਨ ਛਡ ਕੇ ਹੋਰ ਦੂਜੇ) ਕਰਮ ਕਮਾਉਂਦਾ ਹੈ, (ਜਿਸ ਕਰਕੇ ਉਹ) ਮੁੜ ਮੁੜ ਜੋਨੀਆਂ ਵਿਚ ਪੈਂਦਾ ਹੈ।ਜਿਸ ਮਨੁੱਖ ਨੂੰ

ਪ੍ਰਭੂ ਆਪ ਹੀ ਅਪਣੇ ਨਾਲ ਮਿਲਾ ਲੈਂਦਾ ਹੈ, (ਉਸ) ਗੁਰਮੁਖ ਜਨਮ ਸਫਲ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮੇਹਰ ਦੀ ਨਜਰ ਕਰਨ ਵਾਲਾ ਪ੍ਰਭੂ (ਜਦ ਕਿਸੇ ਮਨੁੱਖ ਉਤੇ) ਮੇਹਰ ਦੀ ਨਜਰ ਕਰਦਾ ਹੈ, ਤਦ (ਉਸ ਦੇ ਹਿਰਦੇ ਰੂਪ) ਪੱਲੇ ਵਿਚ ਨਾਮ ਧਨ ਪੈਂਦਾ ਹੈ।੨।

ਪਦਾਰਥ = ਬ੍ਰਹਮੁ–ਪ੍ਰਭੂ ਨੂੰ। ਬਿੰਦਹਿ–ਜਾਣਦੇ ਹਨ। ਤੇ–ਉਹ। ਜੇ–ਜਿਹੜੇ। ਚਲਹਿ–ਚਲਦੇ (ਜੀਵਨ ਬਤੀਤ ਕਰਦੇ) ਹਨ। ਭਾਇ–ਆਗਿਆ ਵਿਚ। ਜਿਨ ਕੈ–ਜਿਨ੍ਹਾਂ ਦੇ। ਹਿਰਦੈ–ਹਿਰਦੇ ਵਿਚ। ਗਵਾਇ–ਦੂਰ ਹੋ ਜਾਂਦਾ ਹੈ। ਰਵਹਿ–ਉਚਾਰਦੇ ਹਨ। ਸੰਗ੍ਰਹਹਿ–ਇਕੱਠੇ ਕਰਦੇ ਹਨ। ਜੋਤੀ–ਰੱਬੀ ਜੋਤ ਵਿਚ। ਜੋਤਿ–ਮਨੁੱਖ ਦੀ ਆਤਮਕ ਜੋਤ ਨੂੰ। ਜੁਗ ਮਹਿ–ਕਲਜੁਗ ਵਿਚ। ਚਿਤ ਲਾਇ–ਚਿਤ ਲਾ ਕੇ। ਜਿਨ੍ ਕਉ–ਜਿਨ੍ਹਾਂ ਉਤੇ। ਨਦਰਿ ਕਰੇ–ਮੇਹਰ ਦੀ ਨਜਰ ਕਰਦਾ ਹੈ। ਸੇ–ਉਹ। ਨਾਮਿ–ਨਾਮ ਵਿਚ। ਰਹੇ ਲਿਵ ਲਾਇ–ਸੁਰਤ ਜੋੜੀ ਰਖਦੇ ਹਨ।੧। ਸੇਵ–ਸੇਵਾ। ਸਬਦਿ–ਗੁਰੂ ਦੇ ਸ਼ਬਦ ਵਿਚ। ਭਾਉ–ਪ੍ਰੇਮ। ਕਮਾਵਣਾ–ਕਮਾ (ਲਗਾ) ਲਿਆ। ਅਤਿ ਦੀਰਘੁ–ਬਹੁਤ ਵੱਡਾ (ਬਹੁਤ ਲੰਬਾ ਚਿਰ ਰਹਿਣਾ ਵਾਲਾ)। ਬਹੁ ਸੁਆਉ–ਬਹੁਤ ਸੁਆਰਥੀ; ਬਹੁਤਾ ਸੁਆਦ। ਮਨ ਹਠਿ–ਮਨ ਦੇ ਹਠ ਨਾਲ। ਫਿਰਿ ਫਿਰਿ–ਮੁੜ ਮੁੜ। ਪਾਇ–ਪੈਂਦਾ ਹੈ। ਗੁਰਮੁਖਿ–ਗੁਰੂ ਦੀ ਆਗਿਆ ਵਿਚ ਚਲਣ ਵਾਲਾ ਮਨੁੱਖ। ਨਦਰੀ–ਨਜਰ ਕਰਨ ਵਾਲਾ ਪ੍ਰਭੂ। ਨਦਰਿ ਕਰੇ–ਮੇਹਰ ਦੀ ਨਜਰ ਕਰਦਾ ਹੈ। ਤਾ–ਤਦ। ਪਲੈ–ਪੱਲੇ ਵਿਚ।੨।

ਪਉੜੀ ॥ ਸਭ ਵਡਿਆਈਆ ਹਰਿ ਨਾਮ ਵਿਚਿ, ਹਰਿ ਗੁਰਮੁਖਿ ਧਿਆਈਐ ॥ ਜਿ ਵਸਤੁ ਮੰਗੀਐ ਸਾਈ ਪਾਈਐ, ਜੇ ਨਾਮਿ ਚਿਤੁ ਲਾਈਐ ॥ ਗੁਹਜ ਗਲ ਜੀਅ ਕੀ ਕੀਚੈ ਸਤਿਗੁਰੂ ਪਾਸਿ, ਤਾ ਸਰਬ ਸੁਖੁ ਪਾਈਐ ॥ ਗੁਰੁ ਪੂਰਾ ਹਰਿ ਉਪਦੇਸੁ ਦੇਇ, ਸਭ ਭੁਖ ਲਹਿ ਜਾਈਐ ॥ ਜਿਸੁ ਪੂਰਬਿ ਹੋਵੈ ਲਿਖਿਆ, ਸੋ ਹਰਿ ਗੁਣ ਗਾਈਐ ॥੩॥ (ਹੇ ਭਾਈ!) ਹਰੀ ਦੇ ਨਾਮ ਵਿਚ ਸਾਰੀਆਂ ਵਡਿਆਈਆਂ ਹਨ, (ਇਸ ਲਈ) ਗੁਰੂ ਦੁਆਰਾ ਹਰੀ ਦਾ ਨਾਮ ਧਿਆਉਣਾ ਚਾਹੀਦਾ ਹੈ। ਜੇ ਹਰੀ ਦੇ ਨਾਮ ਵਿਚ ਚਿੱਤ ਲਾ ਲਈਏ, ਤਾਂ ਜਿਹੜੀ ਵਸਤੂ ਮੰਗੀਏ, ਉਹ ਹੀ ਪਾ ਲਈਦੀ ਹੈ। (ਅਪਣੇ) ਦਿਲ ਦੀ ਗੁਪਤ ਗੱਲ ਵੀ ਸਤਿਗੁਰੂ ਪਾਸ ਜੇ ਕਰ ਦੇਈਏ, ਤਾਂ ਸਾਰੇ ਸੁਖ ਪਾ ਲਈਦੇ ਹਨ। ਜੇ ਪੂਰਾ ਗੁਰੂ ਹਰੀ ਦਾ ਉਪਦੇਸ਼ ਦੇ ਦੇਵੇ, ਤਾਂ ਸਭ ਤਰ੍ਹਾਂ ਦੀ ਭੁੱਖ ਲਹਿ ਜਾਂਦੀ ਹੈ। ਜਿਸ ਮਨੁੱਖ ਦੇ ਭਾਗਾਂ ਵਿਚ ਪਹਿਲਾਂ ਤੋਂ ਹੀ ਲੇਖ ਲਿਖਿਆ ਹੋਵੇ, ਉਹ ਹਰੀ ਦੇ ਗੁਣ ਗਾਉਂਦਾ ਹੈ।੩।

ਪਦਾਰਥ =ਗੁਰਮੁਖਿ–ਗੁਰੂ ਦੁਆਰਾ। ਜਿ ਵਸਤੁ–ਜਿਹੜੀ ਵਸਤੂ। ਸਾਈ–ਉਹ ਹੀ। ਨਾਮਿ–ਨਾਮ ਵਿਚ। ਗੁਹਜ ਗਲ–ਗੁਪਤ ਗੱਲ। ਜੀਅ ਕੀ–ਦਿਲ ਦੀ। ਕੀਚੈ–ਕਰੀਏ। ਤਾ–ਤਾਂ; ਤਦ। ਸਰਬ–ਸਾਰੇ। ਦੇਇ–ਦੇ ਦੇਵੇ। ਲਹਿ ਜਾਈਐ–ਉਤਰ (ਮਿਟ) ਜਾਂਦੀ ਹੈ। ਪੂਰਬਿ–ਪਹਿਲਾਂ ਤੋਂ; ਧੁਰ ਤੋਂ। ਹੋਵੈ ਲਿਖਿਆ–ਲੇਖ ਲਿਖਿਆ ਹੋਵੇ। ਸੋ–ਉਹ।੩।

ਸਲੋਕ ਮਃ ੩ ॥ ਸਤਿਗੁਰ ਤੇ ਖਾਲੀ ਕੋ ਨਹੀ, ਮੇਰੈ ਪ੍ਰਭਿ ਮੇਲਿ ਮਿਲਾਏ ॥ ਸਤਿਗੁਰ ਕਾ ਦਰਸਨੁ ਸਫਲੁ ਹੈ, ਜੇਹਾ ਕੋ ਇਛੇ ਤੇਹਾ ਫਲੁ ਪਾਏ ॥ ਗੁਰ ਕਾ ਸਬਦੁ ਅੰਮ੍ਰਿਤੁ ਹੈ, ਸਭ ਤ੍ਰਿਸਨਾ ਭੁਖ ਗਵਾਏ ॥ ਹਰਿ ਰਸੁ ਪੀ ਸੰਤੋਖੁ ਹੋਆ, ਸਚੁ ਵਸਿਆ ਮਨਿ ਆਏ ॥ ਸਚੁ ਧਿਆਇ ਅਮਰਾਪਦੁ ਪਾਇਆ, ਅਨਹਦ ਸਬਦ ਵਜਾਏ ॥ ਸਚੋ ਦਹ ਦਿਸਿ ਪਸਰਿਆ, ਗੁਰ ਕੈ ਸਹਜਿ ਸੁਭਾਏ ॥ ਨਾਨਕ ਜਿਨ ਅੰਦਰਿ ਸਚੁ ਹੈ, ਸੇ ਜਨ ਛਪਹਿ ਨ ਕਿਸੈ ਦੇ ਛਪਾਏ ॥੧॥ (ਹੇ ਭਾਈ! ਜਿਨ੍ਹਾਂ ਨੂੰ) ਮੇਰੇ ਪ੍ਰਭੂ ਨੇ ਸਤਿਗੁਰੂ ਦੇ ਮੇਲ ਵਿਚ ਮਿਲਾਇਆ ਹੈ, (ਉਨ੍ਹਾਂ ਵਿਚੋਂ) ਕੋਈ ਵੀ ਮਨੁੱਖ ਸਤਿਗੁਰੂ ਦੇ ਦਰ ਤੋਂ ਖਾਲੀ ਨਹੀਂ ਗਿਆ। ਸਤਿਗੁਰੂ ਦਾ ਦਰਸ਼ਨ ਫਲ ਦਾਇਕ ਹੈ, ਜਿਹੋ ਜਿਹੀ ਕੋਈ ਮਨੁੱਖ (ਮਨ ਵਿਚ) ਇੱਛਾ ਕਰਦਾ ਹੈ, ਉਹੋ ਜਿਹਾ ਫਲ (ਸਤਿਗੁਰੂ ਪਾਸੋਂ) ਪਾ ਲੈਂਦਾ ਹੈ। ਗੁਰੂ ਦਾ ਸ਼ਬਦ ਅੰਮ੍ਰਿਤ ਰੂਪ ਹੈ, ਜੋ ਸਭ (ਪਦਾਰਥਾਂ ਦੀ) ਤ੍ਰਿਸ਼ਨਾ ਤੇ ਭੁੱਖ ਮਿਟਾ ਦੇਂਦਾ ਹੈ। (ਜਿਸ ਮਨੁੱਖ ਨੂੰ) ਹਰੀ ਦਾ ਨਾਮ ਰਸ ਪੀ ਕੇ ਸੰਤੋਖ ਪ੍ਰਾਪਤ ਹੋਇਆ ਹੈ, ਸੱਚਾ ਪ੍ਰਭੂ (ਉਸ ਦੇ) ਮਨ ਵਿਚ ਆ ਵਸਿਆ ਹੈ। (ਉਸ ਨੇ) ਸੱਚੇ ਨਾਮ ਨੂੰ ਸਿਮਰ ਕੇ ਅਮਰ ਪਦਵੀ ਪਾ ਲਈ ਹੈ ਅਤੇ (ਉਸ ਦੇ ਅੰਦਰ) ਇਕ ਰਸ ਵਾਜੇ ਵੱਜਣ ਲਗ ਪਏ ਹਨ। ਗੁਰੂ ਦੇ ਸ਼ਾਂਤ ਤੇ ਅਡੋਲ ਸੁਭਾਵ ਦੀ ਪ੍ਰਾਪਤ ਹੋਣ ਕਰਕੇ; ਗੁਰੂ ਦੇ ਰਾਹੀਂ ਸੁਤੇ ਸਿੱਧ (ਉਸ ਨੂੰ) ਦਸੇ ਪਾਸੇ ਹਰੀ ਪਸਰਿਆ ਦਿਸਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਦੇ ਅੰਦਰ ਸੱਚਾ ਪ੍ਰਭੂ ਪ੍ਰਗਟ ਹੋਇਆ ਹੈ, ਉਹ ਪੁਰਖ ਕਿਸੇ ਦੇ ਛੁਪਾਏ ਛੁਪਦੇ ਨਹੀਂ।੧।

ਮਃ ੩ ॥ ਗੁਰ ਸੇਵਾ ਤੇ ਹਰਿ ਪਾਈਐ, ਜਾ ਕਉ ਨਦਰਿ ਕਰੇਇ ॥ ਮਾਨਸ ਤੇ ਦੇਵਤੇ ਭਏ, ਸਚੀ ਭਗਤਿ ਜਿਸੁ ਦੇਇ ॥ ਹਉਮੈ ਮਾਰਿ ਮਿਲਾਇਅਨੁ ,ਗੁਰ ਕੈ ਸਬਦਿ ਸੁਚੇਇ ॥ ਨਾਨਕ ਸਹਜੇ ਮਿਲਿ ਰਹੇ, ਨਾਮੁ ਵਡਿਆਈ ਦੇਇ ॥੨॥ (ਹੇ ਭਾਈ!) ਗੁਰੂ ਦੀ ਸੇਵਾ ਕਰਨ ਤੋਂ ਹਰੀ ਪ੍ਰਾਪਤ ਹੁੰਦਾ ਹੈ, (ਪਰ ਗੁਰੂ ਦੀ ਸੇਵਾ ਉਹ ਮਨੁੱਖ ਕਰਦਾ ਹੈ) ਜਿਸ ਉਤੇ ਪ੍ਰਭੂ ਮੇਹਰ ਦੀ

ਨਜਰ ਕਰਦਾ ਹੈ।(ਗੁਰੂ ਦੀ ਸੇਵਾ ਕਰਨ ਨਾਲ) ਮਨੁੱਖਾਂ ਤੋਂ ਦੇਵਤੇ (ਰੂਹਾਨੀ ਪ੍ਰਕਾਸ਼ ਵਾਲੇ) ਹੋ ਗਏ ਹਨ, (ਪਰ ਦੇਵਤਾ ਉਹ ਮਨੁੱਖ ਬਣਦਾ ਹੈ) ਜਿਸ ਨੂੰ ਪ੍ਰਭੂ ਸੱਚੀ ਭਗਤੀ ਦੀ ਦਾਤ ਬਖਸ਼ ਦੇਂਦਾ ਹੈ।(ਉਹ) ਗੁਰੂ ਦੇ ਸ਼ਬਦ ਦੁਆਰਾ ਸੁੱਚੇ ਹੋ ਗਏ ਹਨ, ਉਸ ਪ੍ਰਭੂ ਨੇ (ਉਨ੍ਹਾਂ ਦੇ ਮਨ ਵਿਚੋਂ) ਹਉਮੈ ਮਾਰ ਕੇ ਉਨ੍ਹਾਂ ਨੂੰ ਅਪਣੇ ਨਾਲ ਮਿਲਾ ਲਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਨ੍ਹਾਂ ਨੂੰ ਗੁਰੂ) ਨਾਮ ਜਪਣ ਦੀ ਵਡਿਆਈ ਦੇਂਦਾ ਹੈ, (ਉਹ) ਸੁਤੇ ਸਿਧ ਹੀ ਪ੍ਰਭੂ ਨਾਲ ਮਿਲੇ ਰਹਿੰਦੇ ਹਨ।੨।

ਪਦਾਰਥ = ਤੇ–ਤੋਂ।ਕੋ–ਕੋਈ (ਮਨੁੱਖ)।ਮੇਰੈ ਪ੍ਰਭਿ–ਮੇਰੇ ਪ੍ਰਭੂ ਨੇ।ਮੇਲਿ ਮਿਲਾਏ–ਮੇਲ (ਸੰਗਤ) ਵਿਚ ਮਿਲਾਇਆ ਹੈ।ਕਾ–ਦਾ।ਸਫਲ–ਫਲ ਦਾਇਕ ਹੈ।ਜੇਹਾ–ਜਿਹੋ ਜਿਹਾ।ਇਛੇ–ਇੱਛਾ ਕਰਦਾ ਹੈ।ਤੇਹਾ–ਉਹੋ ਜਿਹਾ।ਪਾਏ–ਪਾ ਪੈਂਦਾ ਹੈ।ਗਵਾਏ–ਮਿਟਾ ਦੇਂਦਾ ਹੈ।ਪੀ–ਪੀ ਕੇ।ਸਚੁ–ਸੱਚਾ ਪ੍ਰਭੂ।ਮਨਿ–ਮਨ ਵਿਚ।ਅਮਰਾਪਦੁ–ਕਦੇ ਨਾਸ਼ ਨਾ ਹੋਣ ਵਾਲੀ ਪਦਵੀ (ਮੁਕਤੀ)। ਅਨਹਦ ਸਬਦ–ਆਤਮ ਮੰਡਲ ਦੇ ਵਾਜੇ (ਆਤਮ ਮੰਡਲ ਦੀ ਸੰਗੀਤਕ ਧੁਨੀ)।ਵਜਾਏ–ਵਜਦੇ ਹਨ।ਦਹ ਦਿਸਿ–ਦਸੇ ਪਾਸੇ। ਪਸਰਿਆ–ਵਿਆਪਕ।ਗੁਰ ਕੈ–ਗੁਰੂ ਦੇ ਰਾਹੀਂ; ਗੁਰੂ ਵਾਲੇ।ਸਹਜਿ ਸੁਭਾਇ–ਸ਼ਾਂਤ ਸੁਭਾਵ ਦੁਆਰਾ (ਸ਼ਬਦਾਰਥ); ਸਹਿਜ ਸੁਭਾਵਕ ਹੀ।ਜਿਨ ਅੰਦਰਿ–ਜਿਨ੍ਹਾਂ ਦੇ ਅੰਦਰ।ਸੇ ਜਨ–ਉਹ ਪੁਰਖ।ਛਪਹਿ ਨ–ਲੁਕਦੇ ਨਹੀਂ।੧।ਗੁਰ ਸੇਵਾ ਤੇ–ਗੁਰੂ ਦੀ ਸੇਵਾ ਕਰਨ ਤੋਂ।ਜਾ ਕਉ–ਜਿਸ ਉਤੇ।ਨਦਰਿ–ਮੇਹਰ ਦੀ ਨਜਰ।ਕਰੇਇ–ਕਰਦਾ ਹੈ।ਮਾਨਸ ਤੇ–ਮਨੁੱਖਾਂ ਤੋਂ।ਭਏ–ਹੋ ਗਏ। ਜਿਸੁ–ਜਿਸ ਨੂੰ।ਦੇਇ–ਦੇਂਦਾ ਹੈ।ਮਾਰਿ–ਮਾਰ ਕੇ।ਮਿਲਾਇਅਨੁ–ਮਿਲਾ ਲਏ ਹਨ ਉਸ ਪ੍ਰਭੂ ਨੇ।ਕੈ–ਦੇ।ਸਬਦਿ–ਸ਼ਬਦ ਰਾਹੀਂ ।ਸੁਚੇਇ–ਸੁੱਚੇ (ਪਵਿਤ੍ਰ ਜੀਵਨ ਵਾਲੇ)।ਸਹਜੇ–ਸੁਤੇ ਸਿੱਧ।ਮਿਲਿ ਰਹੇ–ਮਿਲੇ ਰਹਿੰਦੇ ਹਨ।੨।

ਪਉੜੀ ॥ ਗੁਰ ਸਤਿਗੁਰ ਵਿਚਿ ਨਾਵੈ ਕੀ ਵਡੀ ਵਡਿਆਈ, ਹਰਿ ਕਰਤੈ ਆਪਿ ਵਧਾਈ ॥ ਸੇਵਕ ਸਿਖ ਸਭਿ ਵੇਖਿ ਵੇਖਿ ਜੀਵਨ੍ਹਿ ,ਓਨ੍ਾ ਅੰਦਰਿ ਹਿਰਦੈ ਭਾਈ ॥ ਨਿੰਦਕ ਦੁਸਟ ਵਡਿਆਈ ਵੇਖਿ ਨ ਸਕਨਿ, ਓਨ੍ਾ ਪਰਾਇਆ ਭਲਾ ਨ ਸੁਖਾਈ ॥ ਕਿਆ ਹੋਵੈ ਕਿਸ ਹੀ ਕੀ ਝਖ ਮਾਰੀ, ਜਾ ਸਚੇ ਸਿਉ ਬਣਿ ਆਈ ॥ ਜਿ ਗਲ ਕਰਤੇ ਭਾਵੈ, ਸਾ ਨਿਤ ਨਿਤ ਚੜੈ ਸਵਾਈ, ਸਭ ਝਖਿ ਝਖਿ ਮਰੈ ਲੋਕਾਈ ॥੪॥ (ਹੇ ਭਾਈ!) ਪੂਜਨੀਕ ਸਤਿਗੁਰੂ ਵਿਚ ਹਰੀ ਦੇ ਨਾਮ ਜਪਣ ਦੀ ਵੱਡੀ ਵਡਿਆਈ ਹਰੀ ਸਿਰਜਨਹਾਰ ਨੇ ਆਪ ਹੀ ਵਧਾਈ ਹੈ।(ਉਹ ਵਡਿਆਈ) ਸਾਰੇ ਸਿਖ ਸੇਵਕ ਦੇਖ ਦੇਖ ਕੇ ਜਿਉਂਦੇ ਹਨ, ਉਨ੍ਹਾਂ (ਸਿਖ ਸੇਵਕਾਂ) ਦੇ ਹਿਰਦੇ ਅੰਦਰ (ਗੁਰੂ ਦੀ ਇਹ ਵਡਿਆਈ) ਚੰਗੀ ਲਗਦੀ ਹੈ।(ਪਰ ਗੁਰੂ ਦੀ ਵਡਿਆਈ) ਨਿੰਦਕ ਤੇ ਦੁਸ਼ਟ ਲੋਕ ਦੇਖ ਕੇ ਸਹਾਰ ਨਹੀਂ ਸਕਦੇ, (ਕਿਉਂਕਿ) ਉਨ੍ਹਾਂ ਨੂੰ ਪਰਾਇਆਂ ਦਾ ਭਲਾ ਚੰਗਾ ਨਹੀਂ ਲਗਦਾ।ਜਦ (ਗੁਰੂ ਦੀ) ਸਚੇ ਪ੍ਰਭੂ ਨਾਲ ਪ੍ਰੀਤੀ ਬਣ ਆਈ ਹੈ, ਤਾਂ ਕਿਸੇ ਦੀ ਝਖ ਮਾਰੀ ਹੋਈ ਦਾ ਕੀ ਹੁੰਦਾ ਹੈ? (ਨਿੰਦਕ ਦੁਸ਼ਟ ਗੁਰੂ ਦਾ ਕੁਛ ਨਹੀਂ ਵਿਗਾੜ ਸਕਦੇ।ਕਿਉਂਕਿ) ਜਿਹੜੀ ਗੱਲ ਕਰਤਾਰ ਨੂੰ ਚੰਗੀ ਲਗਦੀ ਹੈ, ਉਹ ਹਰ ਰੋਜ ਸਵਾਈ ਚੜ੍ਹਦੀ (ਵਧਦੀ ਰਹਿੰਦੀ) ਹੈ, (ਪਰ ਨਿੰਦਾ ਕਰਨ ਵਾਲੀ) ਸਾਰੀ ਦੁਨੀਆਂ ਬੇਹੂਦਾ ਬਕਵਾਸ ਕਰ ਕਰਕੇ ਮਰਦੀ ਰਹਿੰਦੀ ਹੈ।੪।

ਪਦਾਰਥ = ਗੁਰ–ਪੂਜਨੀਕ।ਨਾਵੈ ਕੀ–ਨਾਮ ਜਪਣ ਦੀ।ਕਰਤੈ–ਸਿਰਜਨਹਾਰ ਨੇ।ਜੀਵਨ੍ਹਿ–ਜਿਉਂਦੇ ਹਨ।ਭਾਈ–ਚੰਗੀ ਲਗੀ ਹੈ।ਵੇਖਿ ਨ ਸਕਨਿ–ਦੇਖ ਕੇ ਸਹਾਰ ਨਹੀਂ ਸਕਦੇ।ਨ ਸੁਖਾਈ–ਚੰਗਾ ਨਹੀਂ ਲਗਦਾ।ਝਖ–ਦੁਖਦਾਈ ਬਕਵਾਸ।ਜਾ–ਜਦ।ਸਚੇ ਸਿਉ–ਸੱਚੇ ਪ੍ਰਭੂ ਨਾਲ।ਬਣਿ ਆਈ–ਪ੍ਰੀਤੀ ਬਣ ਆਈ ਹੈ।ਜਿ ਗਲ–ਜਿਹੜੀ ਗੱਲ।ਸਾ–ਉਹ (ਗੱਲ)।ਭਾਵੈ–ਚੰਗੀ ਲਗਦੀ ਹੈ।ਨਿਤ–ਹਰ ਰੋਜ।ਚੜੈ ਸਵਾਈ–ਵਧਦੀ ਹੈ।ਝਖਿ ਝਖਿ–ਬੇਹੂਦਾ ਬਕਵਾਸ ਕਰ ਕਰਕੇ।ਲੋਕਾਈ–ਦੁਨੀਆਂ ਦੇ ਲੋਕ।੪।

ਸਲੋਕ ਮਃ ੩ ॥ ਧ੍ਰਿਗੁ ਏਹ ਆਸਾ ਦੂਜੇ ਭਾਵ ਕੀ, ਜੋ ਮੋਹਿ ਮਾਇਆ ਚਿਤੁ ਲਾਏ ॥ ਹਰਿ ਸੁਖੁ ਪਲ੍ਰਿ ਤਿਆਗਿਆ, ਨਾਮੁ ਵਿਸਾਰਿ ਦੁਖੁ ਪਾਏ ॥ ਮਨਮੁਖ ਅਗਿਆਨੀ ਅੰਧੁਲੇ, ਜਨਮਿ ਮਰਹਿ ਫਿਰਿ ਆਵੈ ਜਾਏ ॥ (ਹੇ ਭਾਈ!) ਜੋ ਮਨੁੱਖ ਮਾਇਆ ਦੇ ਮੋਹ ਵਿਚ ਚਿਤ ਲਾਉਂਦਾ ਹੈ, (ਉਸ ਦੀ) ਇਹ ਦੂਜੇ ਭਾਵ ਦੀ ਆਸਾ ਧ੍ਰਿਕਾਰ ਯੋਗ ਹੈ।(ਸੰਸਾਰੀ ਮਨੁੱਖ ਨੇ) ਸੁਖ ਦੇਣ ਵਾਲੇ ਹਰੀ ਦੇ ਨਾਮ ਨੂੰ ਪਰਾਲੀ ਜਾਣ ਕੇ ਛਡ ਦਿਤਾ ਹੈ; ਮਾਇਆ ਤੋਂ ਮਿਲਣ ਵਾਲਾ ਸੁਖ ਪਰਾਲੀ ਦੀ ਨਿਆਈਂ ਹੈ, ਹਰੀ ਤੋਂ ਮਿਲਣ ਵਾਲੇ ਅਸਲੀ ਸੁਖ ਨੂੰ (ਮਨੁੱਖ) ਛਡੀ ਬੈਠਾ ਹੈ, (ਇਸ ਕਰਕੇ ਉਹ) ਨਾਮ ਨੂੰ ਭੁਲਾ ਕੇ ਦੁਖ ਪਾਉਂਦਾ ਹੈ।ਮਨਮੁਖ ਬੇਸਮਝ ਤੇ ਅੰਨ੍ਹੇ ਹਨ, ਉਹ ਜਨਮ ਲੈ ਕੇ ਮਰਦੇ ਹਨ ਅਤੇ ਮੁੜ ਮੁੜ ਜੋਨੀਆਂ ਵਿਚ ਆਉਂਦੇ ਜਾਂਦੇ ਰਹਿੰਦੇ ਹਨ।

ਅੰਗ ੮੫੧ = ਕਾਰਜ ਸਿਧਿ ਨ ਹੋਵਨੀ, ਅੰਤਿ ਗਇਆ ਪਛੁਤਾਏ ॥ ਜਿਸੁ ਕਰਮੁ ਹੋਵੈ ਤਿਸੁ ਸਤਿਗੁਰੁ ਮਿਲੈ, ਸੋ ਹਰਿ ਹਰਿ ਨਾਮੁ ਧਿਆਏ ॥ ਨਾਮਿ ਰਤੇ ਜਨ ਸਦਾ ਸੁਖੁ ਪਾਇਨ੍ਹਿ, ਜਨ ਨਾਨਕ ਤਿਨ ਬਲਿ ਜਾਏ ॥੧॥ (ਉਸ ਦੇ) ਕਾਰਜ ਸਫਲ

ਨਹੀਂ ਹੁੰਦੇ, (ਇਹੋ ਜਿਹਾ ਮਨਮੁਖ ਦੁਨੀਆਂ ਵਿਚੋਂ) ਅੰਤ ਸਮੇਂ ਪਛਤਾ ਕੇ ਹੀ ਗਿਆ ਹੈ। ਜਿਸ ਮਨੁੱਖ ਉਤੇ ਪ੍ਰਭੂ ਦੀ ਬਖਸ਼ਿਸ਼ ਹੁੰਦੀ ਹੈ; ਜਿਸ ਦਾ ਭਾਗ ਚੰਗਾ ਹੁੰਦਾ ਹੈ, ਉਸ ਨੂੰ ਸਤਿਗੁਰੂ ਮਿਲਦਾ ਹੈ, (ਗੁਰੂ ਦੀ ਕ੍ਰਿਪਾ ਨਾਲ ਫਿਰ) ਉਹ ਹਰਿ ਹਰਿ ਨਾਮ ਧਿਆਉਂਦਾ ਹੈ। ਹਰੀ ਦੇ ਨਾਮ ਵਿਚ ਰੰਗੇ ਮਨੁੱਖ ਸਦਾ ਸੁਖ ਪਾਉਂਦੇ ਹਨ, ਦਾਸ ਨਾਨਕ ਉਨ੍ਹਾਂ ਤੋਂ ਸਦਕੇ ਜਾਂਦਾ ਹੈ।੧।

ਮਃ ੩ ॥ ਆਸਾ ਮਨਸਾ ਜਗਿ ਮੋਹਣੀ, ਜਿਨਿ ਮੋਹਿਆ ਸੰਸਾਰੁ ॥ ਸਭੁ ਕੋ ਜਮ ਕੇ ਚੀਰੇ ਵਿਚਿ ਹੈ, ਜੇਤਾ ਸਭੁ ਆਕਾਰੁ ॥ ਹੁਕਮੀ ਹੀ ਜਮੁ ਲਗਦਾ, ਸੋ ਉਬਰੈ ਜਿਸੁ ਬਖਸੈ ਕਰਤਾਰੁ ॥ ਨਾਨਕ ਗੁਰ ਪਰਸਾਦੀ ਏਹੁ ਮਨੁ ਤਾਂ ਤਰੈ, ਜਾ ਛੋਡੈ ਅਹੰਕਾਰੁ ॥ ਆਸਾ ਮਨਸਾ ਮਾਰੇ ਨਿਰਾਸੁ ਹੋਇ, ਗੁਰ ਸਬਦੀ ਵੀਚਾਰੁ ॥੨॥ (ਹੇ ਭਾਈ!) ਜਗਤ ਵਿਚ ਮਨ ਦੀ ਆਸਾ (ਅਜੇਹੀ) ਮੋਹ ਲੈਣ ਵਾਲੀ ਹੈ, ਜਿਸ ਨੇ ਸਾਰੇ ਸੰਸਾਰ ਨੂੰ ਮੋਹਿਆ ਹੋਇਆ ਹੈ। ਜਿਤਨਾ ਵੀ ਜਗਤ ਦਾ ਸਾਰਾ ਅਕਾਰ ਹੈ, (ਇਸ ਵਿਚ) ਸਭ ਕੋਈ ਜਮ ਦੇ ਘੇਰੇ ਵਿਚ ਹੈ। ਪ੍ਰਭੂ ਦੇ ਹੁਕਮ ਨਾਲ ਹੀ (ਜੀਵ ਨੂੰ) ਜਮ ਲਗਦਾ ਹੈ, (ਜਮ ਤੋਂ) ਉਹ ਜੀਵ ਬਚਦਾ ਹੈ, ਜਿਸ ਨੂੰ ਕਰਤਾਰ ਬਖਸ਼ਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ ਇਹ ਮਨੁੱਖ (ਭਵਜਲ ਤੋਂ) ਤਾਂ ਤਰ ਸਕਦਾ ਹੈ ,ਜਦ ਹੰਕਾਰ ਛਡਦਾ ਹੈ। ਗੁਰੂ ਦੇ ਸ਼ਬਦ ਦੁਆਰਾ ਵਿਚਾਰ ਕਰਕੇ ਮਨ ਦੀ ਆਸਾ ਮਾਰ ਦੇਵੇ ਅਤੇ ਨਿਰਾਸ ਹੋ ਜਾਵੇ।੨।

ਪਦਾਰਥ = ਧ੍ਰਿਗੁ–ਫਿਟਕਾਰ ਯੋਗ। ਦੂਜੇ ਭਾਵ ਕੀ–ਪ੍ਰਭੂ ਤੋਂ ਬਿਨਾ ਕਿਸੇ ਦੂਜੇ ਦੇ ਪਿਆਰ ਦੀ। ਮੋਹਿ–ਮੋਹ ਵਿਚ। ਪਲ੍ਰਿ–ਪਰਾਲੀ (ਦਾਣਿਆਂ ਦੇ ਸਿੱਟਿਆਂ ਤੋਂ ਬਿਨਾ ਨਾੜ); ਨਿਕੰਮਾ; ਬੇ ਕੀਮਤਾ। ਤਿਆਗਿਆ–ਛਡ ਦਿਤਾ। ਵਿਸਾਰਿ–ਭੁਲਾ ਕੇ। ਪਾਏ –ਪਾਉਂਦਾ ਹੈ। ਅਗਿਆਨੀ–ਗਿਆਨ ਹੀਣ; ਬੇਸਮਝ। ਅੰਧੁਲੇ–ਅੰਨ੍ਹੇ। ਜਨਮਿ ਮਰਹਿ–ਜਨਮ ਲੈ ਕੇ ਮਰਦੇ ਹਨ। ਫਿਰਿ–ਮੁੜ ਕੇ। ਆਵੈ ਜਾਇ–(ਜੋਨੀਆਂ ਵਿਚ) ਆਉਂਦੇ ਜਾਂਦੇ ਹਨ। ਸਿਧਿ–ਸਫਲ। ਨ ਹੋਵਨੀ–ਨਹੀਂ ਹੁੰਦਾ। ਅੰਤਿ–ਅਖੀਰ ਨੂੰ; ਅੰਤ ਸਮੇਂ ।ਕਰਮੁ–ਬਖਸ਼ਿਸ਼; ਕਿਸਮਤ। ਤਿਸੁ–ਉਸ ਨੂੰ। ਸੋ–ਉਹ। ਨਾਮਿ ਰਤੇ–ਨਾਮ ਵਿਚ ਰੰਗੇ ਹੋਏ। ਜਨ–ਮਨੁੱਖ। ਪਾਇਨ੍ਹਿ–ਪਾਉਂਦੇ ਹਨ। ਜਨ ਨਾਨਕ–ਦਾਸ ਨਾਨਕ। ਬਲਿ ਜਾਏ–ਸਦਕੇ ਜਾਂਦਾ ਹੈ।੧। ਮਨਸਾ–ਮਨ ਦੀ; ਮਨ ਦਾ ਫੁਰਨਾ। ਜਗਿ–ਜਗਤ ਵਿਚ। ਮੋਹਣੀ–ਮੋਹ ਲੈਣ ਵਾਲੀ। ਜਿਨਿ–ਜਿਸ ਨੇ। ਸਭੁ ਕੋ–ਸਭ ਕੋਈ (ਹਰੇਕ ਜੀਵ)। ਚੀਰੇ ਵਿਚਿ–ਘੇਰੇ ਵਿਚ; ਹੱਦ ਵਿਚ; ਪਕੜ ਵਿਚ। ਜੇਤਾ–ਜਿਤਨਾ ਵੀ। ਆਕਾਰੁ–ਜਗਤ ਰਚਨਾ। ਹੁਕਮੀ–ਹੁਕਮ ਨਾਲ। ਉਬਰੈ–ਬਚਦਾ ਹੈ। ਗੁਰ ਪਰਸਾਦੀ–ਗੁਰੂ ਦੀ ਕਿਰਪਾ ਨਾਲ। ਬਖਸੈ–ਬਖਸ਼ਦਾ ਹੈ। ਮਨੁ–ਮਨੁੱਖ (ਮ.ਕੋ.); ਮਨੁੱਖੀ ਮਨ। ਤਾਂ–ਤਦ। ਜਾ–ਜਦ। ਨਿਰਾਸ–ਆਸਾ ਰਹਿਤ।੨।

ਪਉੜੀ ॥ ਜਿਥੈ ਜਾਈਐ ਜਗਤ ਮਹਿ, ਤਿਥੈ ਹਰਿ ਸਾਈ ॥ ਅਗੈ ਸਭੁ ਆਪੇ ਵਰਤਦਾ, ਹਰਿ ਸਚਾ ਨਿਆਈ ॥ ਕੂੜਿਆਰਾ ਕੇ ਮੁਹ ਫਿਟਕੀਅਹਿ, ਸਚੁ ਭਗਤਿ ਵਡਿਆਈ ॥ ਸਚੁ ਸਾਹਿਬੁ ਸਚਾ ਨਿਆਉ ਹੈ, ਸਿਰਿ ਨਿੰਦਕ ਛਾਈ ॥ ਜਨ ਨਾਨਕ ਸਚੁ ਅਰਾਧਿਆ, ਗੁਰਮੁਖਿ ਸੁਖੁ ਪਾਈ ॥੫॥ (ਹੇ ਭਾਈ!) ਜਗਤ ਵਿਚ ਜਿੱਥੇ ਵੀ ਜਾਈਏ, ਉਥੇ ਹੀ ਹਰੀ ਮਾਲਕ ਮੌਜੂਦ ਹੈ। ਸੱਚਾ ਨਿਆਂ ਕਰਨ ਵਾਲਾ ਹਰੀ ਅੱਗੇ ਪ੍ਰਲੋਕ ਵਿਚ ਵੀ ਸਭ ਆਪ ਹੀ ਵਰਤ ਰਿਹਾ ਹੈ। (ਉਥੇ) ਝੂਠੇ ਬੰਦਿਆਂ ਮੂੰਹ ਫਿਟਕਾਰੇ ਜਾਂਦੇ ਹਨ ਅਤੇ ਸੱਚਾ ਪ੍ਰਭੂ ਭਗਤੀ ਕਰਨ ਵਾਲੇ ਮਨੁੱਖਾਂ ਨੂੰ ਵਡਿਆਈ ਦੇਂਦਾ ਹੈ। ਮਾਲਕ ਪ੍ਰਭੂ ਸੱਚਾ ਹੈ ਅਤੇ (ਉਸ ਦਾ) ਨਿਆਂ ਵੀ ਸੱਚਾ ਹੈ, (ਉਸ ਦੇ ਨਿਆਂ ਕਰਕੇ ਹੀ) ਨਿੰਦਕਾਂ ਦੇ ਸਿਰ ਉਤੇ (ਲਾਹਣਤਾਂ ਰੂਪ) ਸੁਆਹ ਪੈਂਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਪੁਰਖਾਂ ਨੇ ਗੁਰੂ ਦੁਆਰਾ ਸੱਚੇ ਨਾਮ ਨੂੰ ਅਰਾਧਿਆ ਹੈ, (ਉਨ੍ਹਾਂ ਨੇ) ਸੁਖ ਪਾਇਆ ਹੈ।੫।

ਪਦਾਰਥ = ਜਗਤ ਮਹਿ–ਜਗਤ ਵਿਚ। ਤਿਥੈ–ਉਥੇ ਹੀ। ਸਾਈ (ਸਾਈਂ)–ਮਾਲਕ। ਅਗੈ–ਅੱਗੇ ਪ੍ਰਲੋਕ ਵਿਚ। ਆਪੇ–ਆਪ ਹੀ ।ਵਰਤਦਾ–ਕਾਰ ਵਿਹਾਰ ਚਲਾ ਰਿਹਾ ਹੈ; ਮੌਜੂਦ ਹੈ। ਨਿਆਈ–ਨਿਆਂਕਾਰੀ। ਕੂੜਿਆਰਾ ਕੇ–ਝੂਠੇ ਬੰਦਿਆਂ ਦੇ। ਫਿਟਕੀਅਹਿ–ਫਿਟਕਾਰੇ ਜਾਂਦੇ ਹਨ। ਮੁਹ–ਮੂੰਹ। ਸਚੁ–ਸੱਚਾ ਪ੍ਰਭੂ। ਭਗਤਿ–ਭਗਤੀ ਕਰਨ ਵਾਲਿਆਂ ਨੂੰ। ਸਾਹਿਬੁ–ਮਾਲਕ। ਸਿਰਿ–ਸਿਰ ਉਤੇ ।ਛਾਈ–ਸੁਆਹ। ਜਨ–ਮਨੁੱਖਾਂ ਨੇ। ਅਰਾਧਿਆ–ਸਿਮਰਿਆ ਹੈ। ਗੁਰਮੁਖਿ–ਗੁਰੂ ਰਾਹੀਂ। ਪਾਈ–ਪਾਇਆ ਹੈ।੫।

ਸਲੋਕ ਮਃ ੩ ॥ ਪੂਰੈ ਭਾਗਿ ਸਤਿਗੁਰੁ ਪਾਈਐ, ਜੇ ਹਰਿ ਪ੍ਰਭੁ ਬਖਸ ਕਰੇਇ ॥ ਓਪਾਵਾ ਸਿਰਿ ਓਪਾਉ ਹੈ, ਨਾਉ ਪਰਾਪਤਿ ਹੋਇ ॥ ਅੰਦਰੁ ਸੀਤਲੁ ਸਾਂਤਿ ਹੈ, ਹਿਰਦੈ ਸਦਾ ਸੁਖੁ ਹੋਇ ॥ ਅੰਮ੍ਰਿਤੁ ਖਾਣਾ ਪੈਨ੍ਣਾ, ਨਾਨਕ ਨਾਇ ਵਡਿਆਈ ਹੋਇ ॥੧॥ (ਹੇ ਭਾਈ!) ਜੇ ਹਰੀ ਪ੍ਰਭੂ ਬਖਸ਼ਿਸ਼ ਕਰ ਦੇਵੇ ਤਾਂ ਪੂਰੇ ਭਾਗਾਂ ਨਾਲ ਸਤਿਗੁਰੂ ਪਾਈਦਾ ਹੈ। (ਧਾਰਮਕ ਕਰਮ ਦੇ) ਜਤਨਾਂ ਵਿਚੋਂ ਸ਼੍ਰੋਮਣੀ ਜਤਨ ਇਹੀ ਹੈ, (ਜਿਸ ਰਾਹੀਂ ਹਰੀ ਦਾ) ਨਾਮ ਪ੍ਰਾਪਤ ਹੁੰਦਾ ਹੈ। (ਨਾਮ ਜਪਣ ਨਾਲ) ਅੰਦਰੋਂ ਮਨ ਠੰਢਾਂ ਅਤੇ ਸ਼ਾਂਤ ਹੋ ਜਾਂਦਾ ਹੈ ਤੇ ਹਿਰਦੇ ਵਿਚ ਸਦਾ ਸੁਖ ਬਣਿਆ ਰਹਿੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੂੰ) ਨਾਮ

ਦੁਆਰਾ ਵਡਿਆਈ ਪ੍ਰਾਪਤ ਹੁੰਦੀ ਹੈ, (ਉਸ ਦਾ) ਖਾਣਾ ਅਤੇ ਪੈਨਣਾ ਅੰਮ੍ਰਿਤ ਰੂਪ ਬਣ ਜਾਂਦਾ ਹੈ।੧।

ਮਃ ੩ ॥ ਏ ਮਨ ਗੁਰ ਕੀ ਸਿਖ ਸੁਣਿ, ਪਾਇਹਿ ਗੁਣੀ ਨਿਧਾਨੁ ॥ ਸੁਖ ਦਾਤਾ ਤੇਰੈ ਮਨਿ ਵਸੈ, ਹਉਮੈ ਜਾਇ ਅਭਿਮਾਨੁ ॥ ਨਾਨਕ ਨਦਰੀ ਪਾਈਐ, ਅੰਮ੍ਰਿਤੁ ਗੁਣੀ ਨਿਧਾਨੁ ॥੨॥ ਹੇ ਮਨ! ਤੂੰ ਗੁਰੂ ਦੀ ਸਿੱਖਿਆ ਸੁਣ, (ਇਸ ਤਰ੍ਹਾਂ ਤੂੰ) ਗੁਣਾਂ ਦੇ ਖਜਾਨੇ ਪ੍ਰਭੂ ਨੂੰ ਪ੍ਰਾਪਤ ਕਰ ਲਵੇਂਗਾ।ਸੁੱਖਾਂ ਦਾ ਦਾਤਾ ਪ੍ਰਭੂ ਤੇਰੇ ਮਨ ਵਿਚ ਵਸ ਜਾਵੇਗਾ ਅਤੇ (ਤੇਰੇ ਅੰਦਰੋਂ ਗੁਣਾਂ ਦਾ) ਹੰਕਾਰ ਤੇ (ਸਰੀਰ ਦਾ) ਹੰਕਾਰ ਦੂਰ ਹੋ ਜਾਵੇਗਾ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਮੇਹਰ ਭਰੀ ਨਜਰ ਨਾਲ ਨਾਮ ਅੰਮ੍ਰਿਤ ਅਤੇ ਗੁਣਾਂ ਦਾ ਖਜਾਨਾ ਪ੍ਰਭੂ ਪਾ ਲਈਦਾ ਹੈ।੨।

ਪਦਾਰਥ = ਪੂਰੈ ਭਾਗਿ–ਪੂਰੇ ਭਾਗਾਂ ਨਾਲ।ਬਖਸ–ਬਖਸ਼ਿਸ਼।ਕਰੇਇ–ਕਰੇ।ਓਪਾਵਾ–ਸਾਧਨਾਂ ਵਿਚੋਂ।ਸਿਰਿ–ਸ਼੍ਰੋਮਣੀ; ਵਧੀਆ।ਓਪਾਉ–ਜਤਨ; ਸਾਧਨ।ਅੰਦਰੁ–ਮਨ।ਸੀਤਲੁ–ਠੰਢਾ।ਹਿਰਦੈ–ਹਿਰਦੇ ਵਿਚ।ਨਾਇ–ਨਾਮ ਰਾਹੀਂ।੧।ਏ ਮਨ–ਹੇ ਮਨ!। ਸਿਖ–ਸਿੱਖਿਆ।ਪਾਇਹਿ–ਤੂੰ ਪਾ ਲਵੇਂਗਾ।ਗੁਣੀ ਨਿਧਾਨੁ–ਗੁਣਾਂ ਦਾ ਖਜਾਨਾ ਪ੍ਰਭੂ।ਤੇਰੈ ਮਨਿ–ਤੇਰੇ ਮਨ ਵਿਚ।ਵਸੈ–ਵਸ ਜਾਵੇਗਾ।ਜਾਇ–ਦੂਰ ਹੋ ਜਾਵੇਗਾ।ਨਦਰੀ–ਮੇਹਰ ਦੀ ਨਜਰ ਨਾਲ।ਪਾਈਐ–ਪਾ ਲਈਦਾ ਹੈ।੨।

ਪਉੜੀ ॥ ਜਿਤਨੇ ਪਾਤਸਾਹ ਸਾਹ ਰਾਜੇ ਖਾਨ ਉਮਰਾਵ ਸਿਕਦਾਰ ਹਹਿ, ਤਿਤਨੇ ਸਭਿ ਹਰਿ ਕੇ ਕੀਏ ॥ ਜੋ ਕਿਛੁ ਹਰਿ ਕਰਾਵੈ ਸੁ ਓਇ ਕਰਹਿ, ਸਭਿ ਹਰਿ ਕੇ ਅਰਥੀਏ ॥ ਸੋ ਐਸਾ ਹਰਿ ਸਭਨਾ ਕਾ ਪ੍ਰਭੁ ,ਸਤਿਗੁਰ ਕੈ ਵਲਿ ਹੈ, ਤਿਨਿ ਸਭਿ ਵਰਨ ਚਾਰੇ ਖਾਣੀ ਸਭ ਸ੍ਰਿਸਟਿ ਗੋਲੇ ਕਰਿ, ਸਤਿਗੁਰ ਅਗੈ ਕਾਰ ਕਮਾਵਣ ਕਉ ਦੀਏ ॥ ਹਰਿ ਸੇਵੇ ਕੀ ਐਸੀ ਵਡਿਆਈ ਦੇਖਹੁ ਹਰਿ ਸੰਤਹੁ ,ਜਿਨਿ ਵਿਚਹੁ ਕਾਇਆ ਨਗਰੀ ਦੁਸਮਨ ਦੂਤ ਸਭਿ ਮਾਰਿ ਕਢੀਏ ॥ ਹਰਿ ਹਰਿ ਕਿਰਪਾਲੁ ਹੋਆ ਭਗਤ ਜਨਾ ਉਪਰਿ, ਹਰਿ ਆਪਣੀ ਕਿਰਪਾ ਕਰਿ, ਹਰਿ ਆਪਿ ਰਖਿ ਲੀਏ ॥੬॥ (ਹੇ ਭਾਈ! ਜਗਤ ਵਿਚ) ਜਿਤਨੇ ਬਾਦਸ਼ਾਹ, ਸ਼ਾਹੂਕਾਰ, ਰਾਜੇ ਖਾਨ, ਅਮੀਰ ਅਤੇ ਸਰਦਾਰ ਹਨ, ਉਤਨੇ ਸਾਰੇ ਹਰੀ ਨੇ ਪੈਦਾ ਕੀਤੇ ਹੋਏ ਹਨ।ਜੋ ਕੁਛ ਹਰੀ (ਉਨ੍ਹਾਂ ਤੋਂ) ਕਰਾਉਂਦਾ ਹੈ, ਉਹ ਉਹ ਹੀ ਕੁਛ ਕਰਦੇ ਹਨ, (ਇਹ) ਸਾਰੇ ਹਰੀ ਦੇ ਮੰਗਤੇ ਹਨ।ਉਹ ਇਹੋ ਜਿਹਾ ਹਰੀ ਸਭਨਾਂ ਦਾ ਮਾਲਕ ਸਤਿਗੁਰੂ ਦੇ ਵੱਲ ਹੈ, ਉਸ ਪ੍ਰਭੂ ਨੇ ਸਾਰੇ ਵਰਨਾਂ ਦੇ, ਚਾਰੇ ਖਾਣੀਆਂ ਦੀ ਸਾਰੀ ਸ੍ਰਿਸਟੀ ਦੇ ਜੀਵ ਸੇਵਕ ਬਣਾ ਕੇ ਸਤਿਗੁਰੂ ਦੇ ਅੱਗੇ ਸੇਵਾ ਕਰਨ ਲਈ ਲਗਾ ਦਿਤੇ ਹਨ।ਹੇ ਹਰੀ ਦੇ ਸੰਤ ਜਨੋਂ! ਹਰੀ ਦੀ ਸੇਵਾ ਭਗਤੀ ਦੀ ਐਸੀ ਵਡਿਆਈ ਦੇਖੋਂ, ਜਿਸ (ਸੇਵਾ) ਨੇ ਸਰੀਰ ਰੂਪ ਨਗਰ ਵਿਚੋਂ ਦੁਸ਼ਮਣੀ ਕਰਨ ਵਾਲੇ ਸਾਰੇ (ਕਾਮਾਦਿਕ) ਵੈਰੀ ਮਾਰ ਕੇ ਕਢ ਦਿਤੇ ਹਨ।ਹਰੀ ਭਗਤ ਜਨਾਂ ਉਪਰ ਮੇਹਰਵਾਨ ਹੋਇਆ ਹੈ, ਹਰੀ ਨੇ ਅਪਣੀ ਕਿਰਪਾ ਕਰਕੇ (ਭਗਤ ਵੈਰੀਆਂ ਤੋਂ ਬਚਾ ਕੇ) ਆਪ ਰੱਖ ਲਏ ਹਨ।੬।

ਪਦਾਰਥ = ਸਾਹ–ਸ਼ਾਹੂਕਾਰ।ਉਮਰਾਵ–ਅਮੀਰ।ਹਹਿ–ਹਨ।ਤਿਤਨੇ–ਉਤਨੇ।ਕੀਏ–ਪੈਦਾ ਕੀਤੇ ਹੋਏ।ਸੁ–ਉਹ।ਓਇ–ਉਹ (ਬਹੁ ਵਚਨ)।ਕਰਹਿ–ਕਰਦੇ ਹਨ।ਕੇ–ਦੇ।ਅਰਥੀਏ–ਮੰਗਤੇ।ਸੋ–ਉਹ।ਪ੍ਰਭੁ–ਮਾਲਕ।ਕੈ ਵਲਿ–ਦੇ ਪੱਖ ਵਿਚ।ਤਿਨਿ–ਉਸ ਨੇ।ਵਰਨ–ਚਾਰ (ਖਤ੍ਰੀ ਬ੍ਰਾਹਮਣ ਸੂਦਰ ਤੇ ਵੈਸ਼) ਵਰਨ।ਚਾਰੇ ਖਾਣੀ–ਚਾਰ ਖਾਣੀਆਂ ਦੇ ਜੀਵ।ਗੋਲੇ ਕਰਿ–ਸੇਵਕ ਬਣਾ ਕੇ। ਕਾਰ ਕਮਾਵਣ ਕਉ–ਸੇਵਾ ਕਰਨ ਲਈ।ਦੀਏ–(ਲਗਾ) ਦਿਤੇ।ਸੰਤਹੁ–ਹੇ ਸੰਤੋ!।ਜਿਨਿ–ਜਿਸ ਨੇ।ਕਾਇਆ ਨਗਰੀ–ਸਰੀਰ ਰੂਪ ਨਗਰ।ਦੂਤ–ਵੈਰੀ।ਮਾਰਿ ਕਢੀਏ–ਮਾਰ ਕੇ ਕੱਢ ਦਿਤੇ।ਕਰਿ–ਕਰਕੇ।ਰਖਿ ਲੀਏ–ਬਚਾ ਕੇ ਰੱਖ ਲਏ ਹਨ।੬।

ਸਲੋਕ ਮਃ ੩ ॥ ਅੰਦਰਿ ਕਪਟੁ ਸਦਾ ਦੁਖੁ ਹੈ, ਮਨਮੁਖ ਧਿਆਨੁ ਨ ਲਾਗੈ ॥ ਦੁਖ ਵਿਚਿ ਕਾਰ ਕਮਾਵਣੀ, ਦੁਖੁ ਵਰਤੈ ਦੁਖੁ ਆਗੈ ॥ ਕਰਮੀ ਸਤਿਗੁਰੁ ਭੇਟੀਐ, ਤਾ ਸਚਿ ਨਾਮਿ ਲਿਵ ਲਾਗੈ ॥ ਨਾਨਕ ਸਹਜੇ ਸੁਖੁ ਹੋਇ, ਅੰਦਰਹੁ ਭਰਮੁ ਭਉ ਭਾਗੈ ॥੧॥ (ਹੇ ਭਾਈ!) ਮਨਮੁਖ ਦਾ ਪ੍ਰਭੂ ਦੇ ਚਰਨਾਂ ਵਿਚ ਧਿਆਨ ਨਹੀਂ ਲਗਦਾ, (ਉਸ ਦੇ) ਮਨ ਦੇ ਅੰਦਰ ਕਪਟ ਹੈ, (ਜਿਸ ਕਰਕੇ ਉਸ ਨੂੰ) ਸਦਾ ਦੁਖ ਲੱਗਾ ਰਹਿੰਦਾ ਹੈ।(ਉਹ) ਕੰਮ ਕਾਰ ਦੁਖ ਵਿਚ ਹੀ ਕਮਾਉਂਦਾ ਹੈ, (ਉਸ ਲਈ ਇਥੇ ਵੀ) ਦੁਖ ਵਰਤਦਾ ਹੈ ਅਤੇ ਅੱਗੇ ਪ੍ਰਲੋਕ ਵਿਚ ਵੀ (ਉਸ ਨੂੰ) ਦੁਖ ਹੀ ਭੋਗਣਾ ਪਵੇਗਾ।ਜੇ ਚੰਗੇ ਭਾਗਾਂ ਨਾਲ (ਉਸ ਨੂੰ) ਸਤਿਗੁਰੂ ਮਿਲ ਪਵੇ, ਤਾਂ ਸੱਚੇ ਨਾਮ ਵਿਚ (ਉਸ ਦੀ) ਲਿਵ ਲਗ ਸਕਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਸਹਜੇ ਹੀ (ਉਸ ਨੂੰ) ਸੁਖ ਪ੍ਰਾਪਤ ਹੋ ਜਾਂਦਾ ਹੈ ਅਤੇ (ਉਸ ਦੇ) ਅੰਦਰੋਂ ਸਭ ਤਰ੍ਹਾਂ ਦਾ ਭਰਮ ਤੇ ਡਰ ਵੀ ਨੱਸ ਜਾਂਦਾ ਹੈ।੧।

ਮਃ ੩ ॥ ਗੁਰਮੁਖਿ ਸਦਾ ਹਰਿ ਰੰਗੁ ਹੈ, ਹਰਿ ਕਾ ਨਾਉ ਮਨਿ ਭਾਇਆ ॥ ਗੁਰਮੁਖਿ ਵੇਖਣੁ ਬੋਲਣਾ, ਨਾਮੁ ਜਪਤ ਸੁਖੁ ਪਾਇਆ ॥ ਨਾਨਕ ਗੁਰਮੁਖਿ ਗਿਆਨੁ ਪ੍ਰਗਾਸਿਆ, ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥੨॥ (ਹੇ ਭਾਈ!) ਗੁਰੂ ਅਨੁਸਾਰੀ

ਮਨੁੱਖ ਨੂੰ ਸਦਾ ਹਰੀ ਦਾ ਪ੍ਰੇਮ ਰਹਿੰਦਾ ਹੈ, (ਉਸ ਦੇ) ਮਨ ਵਿਚ ਹਰੀ ਦਾ ਨਾਉ ਲਗਦਾ ਹੈ। ਗੁਰਮੁਖ (ਸਭ ਜਗ੍ਹਾ ਪ੍ਰਭੂ ਨੂੰ) ਦੇਖਦਾ ਹੈ, ਪ੍ਰਭੂ ਦਾ ਨਾਮ ਬੋਲਦਾ ਹੈ, (ਉਸ ਨੇ) ਨਾਮ ਜਪਦਿਆਂ ਸੁਖ ਪਾਇਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ ਦੇ ਹਿਰਦੇ ਅੰਦਰ ਗਿਆਨ ਪ੍ਰਕਾਸ਼ਿਆ ਹੈ, (ਉਸ ਨੇ ਮਨ ਵਿਚੋਂ) ਅਗਿਆਨ ਰੂਪ ਘੁੱਪ ਹਨ੍ਹੇਰਾ ਚੁਕਾ ਦਿਤਾ ਹੈ।੨।

ਪਦਾਰਥ = ਅੰਦਰਿ–ਮਨ ਦੇ ਅੰਦਰ। ਮਨਮੁਖ–ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ। ਕਾਰ ਕਮਾਵਣੀ–ਕੰਮ ਕਾਰ ਕਰਦਾ ਹੈ। ਵਰਤੈ–ਵਰਤਦਾ ਹੈ। ਆਗੈ–ਅੱਗੇ ਪ੍ਰਲੋਕ ਵਿਚ। ਕਰਮੀ–ਭਾਗਾਂ ਨਾਲ; ਰੱਬ ਦੀ ਮੇਹਰ ਨਾਲ। ਭੇਟੀਐ–ਮਿਲ ਪਵੇ। ਤਾ–ਤਾਂ। ਸਚਿ ਨਾਮਿ–ਸੱਚੇ ਨਾਮ ਵਿਚ। ਲਿਵ ਲਾਗੈ–ਸੁਰਤ ਲਗ ਜਾਂਦੀ ਹੈ। ਸਹਜੇ–ਸੁਭਾਵਕ ਹੀ। ਅੰਦਰਹੁ–ਮਨ ਦੇ ਅੰਦਰੋਂ। ਭਉ–ਡਰ। ਭ੍ਰਮੁ–ਭਰਮ। ਭਾਗੈ–ਨੱਸ ਜਾਂਦਾ ਹੈ।੧। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਰੰਗੁ–ਪ੍ਰੇਮ। ਮਨਿ–ਮਨ ਵਿਚ। ਭਾਇਆ–ਚੰਗਾ ਲਗਾ ਹੈ। ਜਪਤ–ਜਪਦਿਆਂ। ਪ੍ਰਗਾਸਿਆ–ਪ੍ਰਕਾਸ਼ ਹੋਇਆ। ਤਿਮਰ ਅੰਧੇਰੁ–ਘੁੱਪ ਹਨ੍ਹੇਰਾ। ਚੁਕਾਇਆ–ਦੂਰ ਕਰ ਦਿਤਾ।੨।

ਅੰਗ ੮੫੨ = ਮਃ ੩ ॥ ਮਨਮੁਖ ਮੈਲੇ ਮਰਹਿ ਗਵਾਰ ॥ ਗੁਰਮੁਖਿ ਨਿਰਮਲ ਹਰਿ ਰਾਖਿਆ ਉਰ ਧਾਰਿ ॥ ਭਨਤਿ ਨਾਨਕੁ ਸੁਣਹੁ ਜਨ ਭਾਈ ॥ ਸਤਿਗੁਰੁ ਸੇਵਿਹੁ ,ਹਉਮੈ ਮਲੁ ਜਾਈ ॥ ਅੰਦਰਿ ਸੰਸਾ ਦੂਖੁ ਵਿਆਪੇ, ਸਿਰਿ ਧੰਧਾ ਨਿਤ ਮਾਰ ॥ ਦੂਜੈ ਭਾਇ ਸੁਤੇ ਕਬਹੁ ਨ ਜਾਗਹਿ, ਮਾਇਆ ਮੋਹ ਪਿਆਰ ॥ ਨਾਮੁ ਨ ਚੇਤਹਿ ਸਬਦੁ ਨ ਵੀਚਾਰਹਿ, ਇਹੁ ਮਨਮੁਖ ਕਾ ਬੀਚਾਰ ॥ ਹਰਿ ਨਾਮੁ ਨ ਭਾਇਆ ਬਿਰਥਾ ਜਨਮੁ ਗਵਾਇਆ, ਨਾਨਕ ਜਮੁ ਮਾਰਿ ਕਰੇ ਖੁਆਰ ॥੩॥ (ਹੇ ਭਾਈ! ਵਿਸ਼ੇ ਵਿਕਾਰਾਂ ਵਿਚ ਪਏ ਹੋਏ) ਮਨਮੁਖ ਮੈਲੇ ਮਨ ਵਾਲੇ ਹਨ ਤੇ ਮੂਰਖ ਹਨ, (ਇਸ ਲਈ ਉਹ) ਮਰਦੇ ਜੰਮਦੇ ਰਹਿੰਦੇ ਹਨ। ਗੁਰਮੁਖਿ ਮੈਲ ਰਹਿਤ ਹਨ, (ਕਿਉਂਕਿ ਉਨ੍ਹਾਂ ਨੇ) ਹਰੀ ਨੂੰ ਅਪਣੇ ਹਿਰਦੇ ਵਿਚ ਟਿਕਾ ਕੇ ਰੱਖਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਭਾਈ ਜਨੋਂ! (ਸਾਡੀ ਸਿੱਖਿਆ) ਸੁਣੋ। ਸਤਿਗੁਰੂ ਦੀ ਸੇਵਾ ਕਰਿਆ ਕਰੋ, (ਇਸ ਨਾਲ ਤੁਹਾਡੀ) ਹਉਮੈ ਦੀ ਮੈਲ ਦੂਰ ਹੋ ਜਾਵੇਗੀ। ਮਨਮੁਖਾਂ ਦੇ ਮਨ ਅੰਦਰ ਭਰਮ ਹੈ, (ਜਿਸ ਕਰਕੇ ਉਨ੍ਹਾਂ ਨੂੰ) ਦੁਖ ਲੱਗਾ ਰਹਿੰਦਾ ਹੈ ਅਤੇ ਸਿਰ ਉਤੇ ਧੰਧਿਆਂ ਦੀ ਨਿਤ ਮਾਰ ਪੈਂਦੀ ਹੈ। (ਅਜੇਹੇ ਮਨੁੱਖ) ਦ੍ਵੈਤ ਭਾਵ ਕਰਕੇ (ਅਗਿਆਨਤਾ ਦੀ ਨੀਂਦ ਵਿਚ) ਸੁੱਤੇ ਹੋਏ ਕਦੇ (ਗਿਆਨ ਅਵਸਥਾ ਵਿਚ) ਨਹੀਂ ਜਾਗਦੇ, (ਕਿਉਂਕਿ ਉਨ੍ਹਾਂ ਨੂੰ) ਮਾਇਆ ਦਾ ਮੋਹ ਹੈ, (ਸਬੰਧੀਆਂ ਨਾਲ) ਪਿਆਰ ਹੈ। (ਉਹ ਹਰੀ ਦਾ) ਨਾਮ ਨਹੀਂ ਸਿਮਰਦੇ, ਨਾ ਹੀ ਗੁਰੂ ਦੇ ਸ਼ਬਦ ਨੂੰ ਵਿਚਾਰਦੇ ਹਨ, ਮਨਮੁਖਾਂ ਦਾ ਇਹੋ ਜਿਹਾ ਵਿਚਾਰ ਹੈ। (ਉਨ੍ਹਾਂ ਨੂੰ) ਹਰੀ ਦਾ ਨਾਮ ਚੰਗਾ ਨਹੀਂ ਲੱਗਾ, (ਜਿਸ ਕਰਕੇ ਉਨ੍ਹਾਂ ਨੇ ਅਪਣਾ ਮਨੁੱਖਾ) ਜਨਮ ਬਿਅਰਥ ਗਵਾ ਲਿਆ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ (ਉਨ੍ਹਾਂ ਨੂੰ) ਜਮ ਮਾਰ ਕੇ ਖੱਜਲ ਖੁਆਰ ਕਰਦਾ ਹੈ।੩।

ਪਦਾਰਥ = ਮਰਹਿ–ਮਰਦੇ ਹਨ। ਗਵਾਰ–ਮੂਰਖ। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ਨਿਰਮਲ–ਪਵਿਤ੍ਰ ਜੀਵਨ ਵਾਲੇ। ਉਰ ਧਾਰਿ–ਹਿਰਦੇ ਵਿਚ ਟਿਕਾ ਕੇ। ਭਨਤਿ–ਆਖਦਾ ਹੈ। ਜਨ ਭਾਈ–ਹੇ ਭਾਈ ਜਨੋਂ!। ਸੇਵਿਹੁ–ਸੇਵਾ ਕਰਿਆ ਕਰੋ। ਮਲੁ–ਮੈਲ। ਜਾਈ–ਦੂਰ ਹੋ ਜਾਵੇਗੀ। ਅੰਦਰਿ–ਮਨ ਦੇ ਅੰਦਰ। ਸੰਸਾ–ਭਰਮ; ਸ਼ੱਕ। ਵਿਆਪੇ–ਲੱਗਾ ਹੈ। ਸਿਰਿ–ਸਿਰ ਉਤੇ। ਨਿਤ–ਹਰ ਰੋਜ; ਸਦਾ। ਮਾਰ–ਮਾਰ ਪੈਂਦੀ ਹੈ। ਦੂਜੈ ਭਾਇ–ਹਰੀ ਤੋਂ ਬਿਨਾ ਕਿਸੇ ਦੂਜਾ ਦਾ ਪਿਆਰ। ਸੁਤੇ–ਸੁੱਤੇ ਹੋਏ। ਕਬਹੁ–ਕਦੇ ਵੀ। ਨ ਜਾਗਦੇ ਨਹੀਂ। ਨ ਚੇਤਹਿ–ਸਿਮਰਦੇ ਨਹੀਂ। ਨ ਭਾਇਆ–ਚੰਗਾ ਨਹੀਂ ਲੱਗਾ। ਗਵਾਇਆ–ਗਵਾ ਦਿਤਾ। ਮਾਰਿ–ਮਾਰ ਕੇ।੩।

ਪਉੜੀ ॥ ਜਿਸ ਨੋ ਹਰਿ ਭਗਤਿ ਸਚੁ ਬਖਸੀਅਨੁ ,ਸੋ ਸਚਾ ਸਾਹੁ ॥ ਤਿਸ ਕੀ ਮੁਹਤਾਜੀ ਲੋਕੁ ਕਢਦਾ, ਹੋਰਤੁ ਹਟਿ ਨ ਵਥੁ ਨ ਵੇਸਾਹੁ ॥ ਭਗਤ ਜਨਾ ਕਉ ਸਨਮੁਖ ਹੋਵੈ ਸੁ ਹਰਿ ਰਾਸਿ ਲਏ, ਵੇਮੁਖ ਭਸੁ ਪਾਹੁ ॥ ਹਰਿ ਕੇ ਨਾਮ ਕੇ ਵਾਪਾਰੀ ਹਰਿ ਭਗਤ ਹਹਿ, ਜਮੁ ਜਾਗਾਤੀ ਤਿਨਾ ਨੇੜਿ ਨ ਜਾਹੁ ॥ ਜਨ ਨਾਨਕਿ ਹਰਿ ਨਾਮ ਧਨੁ ਲਦਿਆ, ਸਦਾ ਵੇਪਰਵਾਹੁ ॥੭॥ ਜਿਸ ਪੁਰਖ ਨੂੰ ਉਸ ਹਰੀ ਨੇ ਸੱਚੀ ਭਗਤੀ ਬਖਸ਼ੀ ਹੈ, ਉਹ (ਨਾਮ ਧਨ ਦਾ) ਸੱਚਾ ਸ਼ਾਹ ਹੈ। ਸਾਰਾ ਜਗਤ ਉਸ ਦੀ ਮੁਹਤਾਜੀ ਕਰਦਾ ਹੈ (ਕਿਉਂਕਿ ਉਸ ਤੋਂ ਹਰੀ ਦਾ ਨਾਮ ਮਿਲਦਾ ਹੈ, ਇਹ ਨਾਮ ਰੂਪ) ਵਸਤੂ ਹੋਰ ਕਿਸੇ ਦੁਕਾਨ ਵਿਚ ਨਹੀਂ ਮਿਲਦੀ ਅਤੇ ਨਾ ਹੀ ਇਸ ਦਾ ਵਪਾਰ ਹੁੰਦਾ ਹੈ; ਨਾ ਹੀ ਕਿਸੇ ਦਾ ਭਰੋਸਾ ਹੈ (ਭਰੋਸੇ ਤੋਂ ਬਿਨਾਂ ਵਪਾਰ ਚਲਦਾ ਨਹੀਂ)। ਜੋ ਮਨੁੱਖ ਭਗਤ ਜਨਾਂ ਦੇ ਸਨਮੁਖ ਹੁੰਦਾ ਹੈ, ਉਹ ਹਰੀ ਦੇ ਨਾਮ ਦੀ ਪੂੰਜੀ ਪ੍ਰਾਪਤ ਕਰ ਲੈਂਦਾ ਹੈ, (ਪਰ) ਬੇਮੁਖ ਮਨੁੱਖ ਦੇ ਸਿਰ ਤੇ (ਲਾਹਣਤਾਂ ਰੂਪ) ਸੁਆਹ ਹੀ ਪੈਂਦੀ ਹੈ। ਹਰੀ ਦੇ ਨਾਮ ਦੇ ਵਪਾਰੀ ਹਰੀ ਦੇ ਭਗਤ ਹਨ, ਮਸੂਲੀਆ ਜਮ ਉਨ੍ਹਾਂ ਦੇ ਨੇੜੇ ਨਹੀਂ ਜਾਂਦਾ। ਦਾਸ ਨਾਨਕ ਨੇ ਹਰੀ ਦਾ ਨਾਮ ਧਨ ਲੱਦਿਆ ਹੈ, (ਇਸ ਲਈ ਦਾਸ ਜਮਰਾਜ ਵੱਲੋਂ) ਸਦਾ ਬੇਪ੍ਰਵਾਹ ਰਹਿੰਦਾ ਹੈ।੭।

ਪਦਾਰਥ = ਜਿਸ ਨੋ-ਜਿਸ ਨੂੰ। ਬਖਸੀਅਨੁ-ਬਖਸ਼ੀ ਹੈ ਉਸ ਨੇ। ਸੋ-ਉਹ। ਸਾਹੁ-ਸ਼ਾਹੂਕਾਰ। ਤਿਸ ਕੀ-ਉਸ ਦੀ। ਮੁਹਤਾਜੀ-ਖੁਸ਼ਾਮਦ; ਗੁਲਾਮੀ। ਲੋਕ ਕਢਦਾ-ਜਗਤ ਕਰਦਾ ਹੈ। ਹੋਰਤੁ ਹਟਿ-ਹੋਰ ਕਿਸੇ ਹੱਟੀ ਵਿਚ। ਵਥੁ-ਸੌਦਾ; ਵਸਤੂ। ਵੇਸਾਹੁ-ਵਪਾਰੀ ;ਭਰੋਸਾ। ਕਉ-ਨੂੰ; ਵੱਲ। ਸਨਮੁਖ-ਆਗਿਆਕਾਰੀ। ਸੁ-ਉਹ। ਰਾਸਿ-ਪੂੰਜੀ। ਲਏ-ਲੈਂਦਾ ਹੈ। ਭਸੁ ਪਾਹੁ-ਸੁਆਹ ਪੈਂਦੀ ਹੈ। ਹਹਿ-ਹਨ। ਜਾਗਾਤੀ-ਟੈਕਸ ਲੈਣ ਵਾਲਾ। ਤਿਨਾ-ਉਨ੍ਹਾਂ ਦੇ। ਜਨ ਨਾਨਕਿ-ਦਾਸ ਨਾਨਕ ਨੇ। ਨ ਜਾਹੁ-ਨਹੀਂ ਜਾਂਦਾ।੭।

ਸਲੋਕ ਮਃ ੩ ॥ ਇਸੁ ਜੁਗ ਮਹਿ ਭਗਤੀ ਹਰਿ ਧਨੁ ਖਟਿਆ, ਹੋਰੁ ਸਭੁ ਜਗਤੁ ਭਰਮਿ ਭੁਲਾਇਆ ॥ ਗੁਰ ਪਰਸਾਦੀ ਨਾਮੁ ਮਨਿ ਵਸਿਆ, ਅਨਦਿਨੁ ਨਾਮੁ ਧਿਆਇਆ ॥ ਬਿਖਿਆ ਮਾਹਿ ਉਦਾਸ ਹੈ, ਹਉਮੈ ਸਬਦਿ ਜਲਾਇਆ ॥ ਆਪਿ ਤਰਿਆ ਕੁਲ ਉਧਰੇ, ਧੰਨੁ ਜਣੇਦੀ ਮਾਇਆ ॥ ਸਦਾ ਸਹਜੁ ਸੁਖੁ ਮਨਿ ਵਸਿਆ, ਸਚੇ ਸਿਉ ਲਿਵ ਲਾਇਆ ॥ ਬ੍ਰਹਮਾ ਬਿਸਨੁ ਮਹਾ ਦੇਉ ਤ੍ਰੈਗੁਣ ਭੁਲੇ, ਹਉਮੈ ਮੋਹੁ ਵਧਾਇਆ ॥ ਪੰਡਿਤ ਪੜਿ ਪੜਿ ਮੋਨੀ ਭੁਲੇ, ਦੂਜੈ ਭਾਇ ਚਿਤੁ ਲਾਇਆ ॥ ਜੋਗੀ ਜੰਗਮ ਸੰਨਿਆਸੀ ਭੁਲੇ, ਵਿਣੁ ਗੁਰ ਤਤੁ ਨ ਪਾਇਆ ॥ ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ, ਤਿਨ੍ਹੀ ਬਿਰਥਾ ਜਨਮੁ ਗਵਾਇਆ ॥ ਨਾਨਕ ਨਾਮਿ ਰਤੇ ਸੇਈ ਜਨ ਸਮਧੇ, ਜਿ ਆਪੇ ਬਖਸਿ ਮਿਲਾਇਆ ॥੧॥ (ਹੇ ਭਾਈ!) ਇਸ ਜੁਗ ਵਿਚ ਭਗਤਾਂ ਨੇ ਹੀ ਨਾਮ ਧਨ ਖੱਟਿਆ ਹੈ, ਹੋਰ ਸਾਰੇ ਜਗਤ ਨੂੰ ਭਰਮ ਨੇ ਭੁਲਾਇਆ ਹੋਇਆ ਹੈ। ਗੁਰੂ ਦੀ ਕ੍ਰਿਪਾ ਨਾਲ (ਭਗਤਾਂ ਦੇ) ਮਨ ਵਿਚ ਨਾਮ ਵਸਿਆ ਹੈ, (ਉਨ੍ਹਾਂ ਨੇ) ਹਰ ਰੋਜ ਹਰੀ ਦੇ ਨਾਮ ਨੂੰ ਧਿਆਇਆ ਹੈ। (ਹਰੀ ਦਾ ਭਗਤ) ਮਾਇਆ ਵਿਚ ਉਦਾਸ ਰਹਿੰਦਾ ਹੈ, (ਉਸ ਨੇ) ਗੁਰੂ ਦੇ ਸ਼ਬਦ ਦੁਆਰਾ ਹਉਮੈ ਨੂੰ ਜਲਾ ਦਿਤਾ ਹੈ। ਆਪ ਵੀ (ਉਹ ਭਵਜਲ ਤੋਂ) ਤਰ ਗਿਆ ਹੈ, (ਉਸ ਦੀ) ਕੁਲ ਦੇ ਸਾਰੇ ਲੋਕ ਤਰ ਗਏ ਹਨ, (ਉਸ ਭਗਤ ਨੂੰ) ਜਨਮ ਦੇਣ ਵਾਲੀ ਮਾਂ ਧੰਨ ਹੈ। (ਉਸ ਦੇ) ਮਨ ਵਿਚ ਸਦਾ ਲਈ ਆਤਮਕ ਸੁਖ ਵਸਿਆ ਹੈ (ਕਿਉਂਕਿ ਉਸ ਨੇ) ਸੱਚੇ ਪ੍ਰਭੂ ਨਾਲ ਅਪਣੀ ਸੁਰਤ ਨੂੰ ਜੋੜਿਆ ਹੈ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਜੀ (ਮਾਇਆ ਦੇ) ਤਿੰਨ ਗੁਣਾਂ ਵਿਚ ਭੁੱਲੇ ਫਿਰਦੇ ਰਹੇ ਹਨ, (ਇਨ੍ਹਾਂ ਨੇ ਤਿੰਨਾਂ ਗੁਣ ਵਿਚ ਰਹਿ ਕੇ) ਹਉਮੈ ਤੇ ਮੋਹ ਵਧਾਇਆ ਹੋਇਆ ਹੈ ।ਪੰਡਤ ਵੇਦ ਪੜ੍ਹ ਪੜ੍ਹ ਕੇ ਤੇ ਮੋਨੀ ਮੋਨ ਧਾਰ ਕੇ (ਹਰੀ ਨੂੰ) ਭੁੱਲੇ ਹੋਏ ਹਨ, (ਕਿਉਂਕਿ ਉਨ੍ਹਾਂ ਨੇ) ਦੂਜੇ ਭਾਵ ਵਿਚ ਚਿਤ ਲਾਇਆ ਹੋਇਆ ਹੈ। ਜੋਗੀ, ਜੰਗਮ ਤੇ ਸੰਨਿਆਸੀ ਵੀ (ਹਰੀ ਨੂੰ) ਭੁੱਲੇ ਹੋਏ ਹਨ, (ਇਨ੍ਹਾਂ ਸਭਨਾਂ ਨੇ) ਗੁਰੂ ਤੋਂ ਬਿਨਾ ਪ੍ਰਭੂ ਨੂੰ ਨਹੀਂ ਪਾਇਆ। ਮਨਮੁਖ ਭਰਮ ਵਿਚ ਭੁੱਲੇ ਹੋਏ ਸਦਾ ਦੁਖੀ ਰਹਿੰਦੇ ਹਨ, ਉਨ੍ਹਾਂ ਨੇ ਅਪਣਾ ਮਨੁੱਖਾ ਜਨਮ ਬਿਅਰਥ ਗਵਾ ਲਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦੇ ਨਾਮ ਵਿਚ ਰੰਗੇ ਹੋਏ ਉਹ ਹੀ ਮਨੁੱਖ ਪੂਰਨ ਅਵਸਥਾ ਵਾਲੇ ਹਨ, ਜਿਨ੍ਹਾਂ ਨੂੰ ਪ੍ਰਭੂ ਨੇ ਆਪ ਬਖਸ਼ਿਸ਼ ਕਰਕੇ (ਅਪਣੇ ਨਾਲ) ਮਿਲਾ ਲਿਆ ਹੈ।੧।

ਪਦਾਰਥ = ਇਸੁ ਜੁਗ ਮਹਿ-ਇਸ ਜੁਗ ਵਿਚ। ਭਗਤੀ-ਭਗਤਾਂ ਨੇ। ਖਟਿਆ (ਖੱਟਿਆ ਪੜ੍ਹੋ)-ਕਮਾਇਆ; ਲਾਭ ਲਿਆ। ਭਰਮਿ ਭੁਲਾਇਆ-ਭਰਮ ਨੇ ਭੁਲਾਇਆ ਹੈ; ਭਰਮ ਵਿਚ ਪੈ ਕੇ ਕੁਰਾਹੇ ਪਿਆ ਹੋਇਆ ਹੈ। ਗੁਰ ਪਰਸਾਦੀ-ਗੁਰੂ ਦੀ ਕਿਰਪਾ ਨਾਲ। ਮਨਿ-ਮਨ ਵਿਚ। ਅਨਦਿਨੁ-ਹਰ ਰੋਜ। ਬਿਖਿਆ ਮਾਹਿ-ਮਾਇਆ ਵਿਚ। ਉਦਾਸ-ਮੋਹ ਰਹਿਤ; ਨਿਰਲੇਪ। ਸਬਦਿ-ਗੁਰੂ ਦੇ ਸ਼ਬਦ ਰਾਹੀਂ। ਜਲਾਇਆ-ਸਾੜ ਦਿਤਾ। ਕੁਲ-ਖਾਨਦਾਨ (ਦੇ ਸਾਰੇ ਲੋਕ)। ਉਧਰੇ-ਤਰ (ਮੁਕਤ ਹੋ) ਗਏ। ਜਣੇਦੀ ਮਾਇਆ -ਜਨਮ ਦੇਣ ਵਾਲੀ ਮਾਂ। ਸਹਜੁ ਸੁਖ-ਆਤਮਕ ਸੁਖ; ਕੁਦਰਤੀ ਸੁਖ। ਸਚੇ ਸਿਉ-ਸੱਚੇ ਪ੍ਰਭੂ ਨਾਲ। ਲਿਵ ਲਾਇਆ-ਸੁਰਤ ਨੂੰ ਜੋੜਿਆ ਹੈ। ਮਹਾ ਦੇਉ-ਸ਼ਿਵ ਜੀ। ਤ੍ਰੈ ਗੁਣ-ਮਾਇਆ ਦੇ ਤਿੰਨ (ਸਤੋ, ਰਜੋ ਤੇ ਤਮੋ) ਗੁਣ। ਭੁਲੇ-ਭੁੱਲੇ ਹੋਏ ਹਨ। ਪੜਿ-ਪੜ੍ਹ ਕੇ। ਮੋਨੀ-ਚੁੱਪ ਧਾਰਨ ਵਾਲੇ ਸਾਧੂ। ਦੂਜੈ ਭਾਇ-ਹਰੀ ਤੋਂ ਬਿਨਾ ਦੂਜੇ ਇਸ਼ਟ ਵਿਚ ਪ੍ਰੇਮ ਹੋਣਾ। ਜੋਗੀ-ਜੋਗ ਮੱਤ ਵਾਲੇ ਸਾਧੂ। ਜੰਗਮ-ਸ਼ੈਵ ਮੱਤ ਦੇ ਰਮਤੇ ਸਾਧੂ। ਵਿਣ-ਬਿਨਾ। ਤਤੁ-ਪ੍ਰਭੂ। ਭ੍ਰਮਿ-ਭਰਮ ਵਿਚ। ਤਿਨ੍ਹੀ-ਉਨ੍ਹਾਂ ਨੇ। ਨਾਮਿ ਰਤੇ-ਨਾਮ ਵਿਚ ਰੰਗੇ ਹੋਏ। ਸੇਈ ਜਨ-ਉਹ ਹੀ ਪੁਰਖ। ਸਮਧੇ-ਗਿਆਨਵਾਨ; ਪੂਰਨ ਅਵਸਥਾ ਵਾਲੇ; ਸਮਝੇ ਹਨ; ਟਿਕਾਉ ਵਾਲੇ; ਸਮਾਧੀ ਵਾਲੇ। ਜਿ-ਜਿਨ੍ਹਾਂ ਨੂੰ। ਆਪੇ ਬਖਸੇ-ਆਪ ਹੀ ਬਖਸ਼ਿਸ਼ ਕਰਕੇ।੧।

ਮਃ ੩ ॥ ਨਾਨਕ ਸੋ ਸਾਲਾਹੀਐ, ਜਿਸੁ ਵਸਿ ਸਭੁ ਕਿਛੁ ਹੋਇ ॥ ਤਿਸਹਿ ਸਰੇਵਹੁ ਪ੍ਰਾਣੀਹੋ, ਤਿਸੁ ਬਿਨੁ ਅਵਰੁ ਨ ਕੋਇ ॥ ਗੁਰਮੁਖਿ ਅੰਤਰਿ ਮਨਿ ਵਸੈ, ਸਦਾ ਸਦਾ ਸੁਖੁ ਹੋਇ ॥੨॥ ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਪ੍ਰਭੂ ਨੂੰ ਸਲਾਹੁਣਾ ਚਾਹੀਦਾ ਹੈ, ਜਿਸ ਦੇ ਵਸ ਵਿਚ ਸਭ ਕੁਛ ਹੋ ਰਿਹਾ ਹੈ। ਹੇ ਪ੍ਰਾਣੀਓ! ਉਸ ਪ੍ਰਭੂ ਨੂੰ ਸਿਮਰੋ, ਉਸ ਤੋਂ ਬਿਨਾ (ਸਮਰੱਥ) ਹੋਰ ਕੋਈ ਨਹੀਂ ਹੈ। ਗੁਰੂ ਦੁਆਰਾ (ਜਿਸ ਮਨੁੱਖ ਦੇ) ਹਿਰਦੇ ਅੰਦਰ ਪ੍ਰਭੂ ਵਸ ਜਾਂਦਾ ਹੈ, (ਉਸ ਨੂੰ) ਸਦਾ ਸਦਾ ਸੁਖ ਹੁੰਦਾ ਹੈ।੨।

ਪਉੜੀ ॥ ਜਿਨੀ ਗੁਰਮੁਖਿ ਹਰਿ ਨਾਮ ਧਨੁ ਨ ਖਟਿਓ, ਸੇ ਦੇਵਾਲੀਏ ਜੁਗ ਮਾਹਿ ॥ ਓਇ ਮੰਗਦੇ ਫਿਰਹਿ ਸਭ ਜਗਤ ਮਹਿ, ਕੋਈ ਮੁਹਿ ਥੁਕ ਨ ਤਿਨ ਕਉ ਪਾਹਿ ॥ ਪਰਾਈ ਬਖੀਲੀ ਕਰਹਿ, ਆਪਣੀ ਪਰਤੀਤਿ ਖੋਵਨਿ, ਸਗਵਾ ਭੀ ਆਪੁ ਲਖਾਹਿ ॥ ਜਿਸੁ ਧਨ ਕਾਰਣਿ ਚੁਗਲੀ ਕਰਹਿ, ਸੋ ਧਨੁ ਚੁਗਲੀ ਹਥਿ ਨ ਆਵੈ, ਓਇ ਭਾਵੈ ਤਿਥੈ ਜਾਹਿ ॥ ਗੁਰਮੁਖਿ ਸੇਵਕ ਭਾਇ ਹਰਿ ਧਨੁ ਮਿਲੈ, ਤਿਥਹੁ ਕਰਮ ਹੀਣ ਲੈ ਨ ਸਕਹਿ, ਹੋਰ ਥੈ ਦੇਸ ਦਿਸੰਤਰਿ ਹਰਿ ਧਨੁ ਨਾਹਿ ॥੮॥ ਜਿਨ੍ਹਾਂ ਮਨੁੱਖਾਂ ਨੇ ਗੁਰੂ ਦੁਆਰਾ ਹਰੀ ਦਾ ਨਾਮ ਧਨ ਨਹੀਂ ਖੱਟਿਆ, ਉਹ ਇਸ ਜੁਗ ਵਿਚ ਦਿਵਾਲੀਏ ਹਨ। ਉਹ ਸਾਰੇ ਜਗਤ ਵਿਚ ਮੰਗਦੇ ਫਿਰਦੇ ਹਨ, ਉਨ੍ਹਾਂ ਦੇ ਮੂੰਹ ਵਿਚ ਕੋਈ ਥੁੱਕ ਨਹੀਂ ਪਾਉਂਦਾ (ਬਹੁਤ ਧ੍ਰਿਕਾਰੇ ਹੋਏ ਹਨ। ਉਹ) ਦੂਜਿਆਂ ਨਾਲ ਈਰਖਾ ਕਰਦੇ ਹਨ, ਅਪਣਾ ਵਿਸ਼ਵਾਸ਼ ਗੁਆ ਲੈਂਦੇ ਹਨ, ਸੱਗੋਂ ਅਪਣਾ ਆਪ ਦਿਖਾ (ਅਪਣਾ ਪਾਜ ਖੁਲ੍ਹਾ) ਲੈਂਦੇ ਹਨ। ਜਿਸ ਧਨ ਦੇ ਵਾਸਤੇ ਉਹ ਚੁਗਲੀ ਕਰਦੇ ਹਨ, ਚੁਗਲੀ ਕਰਕੇ ਵੀ ਉਹ ਧਨ ਹੱਥ ਨਹੀਂ ਆਉਂਦਾ, ਉਹ ਜਿਥੇ ਚਾਹੁਣ ਉਥੇ ਚਲੇ ਜਾਣ; ਜਿਥੇ ਉਹ ਚਾਹੁੰਦੇ ਹਨ, ਉਥੇ ਚਲੇ ਜਾਂਦੇ ਹਨ (ਮਨ ਮਰਜੀ ਨਾਲ ਤੁਰੇ ਫਿਰਦੇ ਹਨ, ਇਸ ਤਰ੍ਹਾਂ ਨਾਮ ਧਨ ਨਹੀਂ ਮਿਲਦਾ)। ਸੇਵਕ ਭਾਵਨਾ ਨਾਲ ਗੁਰੂ ਦੀ ਸ਼ਰਣ ਪਿਆਂ ਹਰੀ ਦਾ ਨਾਮ ਧਨ ਮਿਲਦਾ ਹੈ, (ਪਰ) ਕਰਮਾਂ ਤੋਂ ਹੀਣੇ ਲੋਕ ਉਥੋਂ (ਗੁਰੂ ਪਾਸੋਂ ਨਾਮ ਧਨ) ਲੈ ਨਹੀਂ ਸਕਦੇ, (ਗੁਰੂ ਤੋਂ ਬਿਨਾ ਕਿਸੇ) ਹੋਰ ਥਾਂ ਦੇਸਾਂ ਪ੍ਰਦੇਸਾਂ ਵਿਚ ਹਰੀ ਦਾ ਨਾਮ ਧਨ ਨਹੀਂ ਮਿਲ ਸਕਦਾ।੮।

ਪਦਾਰਥ = ਸੋ-ਉਸ (ਪ੍ਰਭੂ ਨੂੰ)। ਸਾਲਾਹੀਐ-ਸਲਾਹੁਣ ਚਾਹੀਦਾ ਹੈ। ਵਸਿ-ਵਸ ਵਿਚ। ਤਿਸਹਿ-ਉਸ (ਪ੍ਰਭੂ) ਨੂੰ। ਸਰੇਵਹੁ-ਸਿਮਰਦੇ ਰਹੋ। ਪ੍ਰਾਣੀਹੋ-ਹੇ ਪ੍ਰਾਣੀਓ!। ਅਵਰੁ-ਹੋਰ। ਗੁਰਮੁਖਿ-ਗੁਰੂ ਦੁਆਰਾ। ਅੰਤਰਿ-ਹਿਰਦੇ ਅੰਦਰ। ਮਨਿ-ਮਨ ਵਿਚ।੨। ਜਿਨੀ-ਜਿਨ੍ਹਾਂ ਨੇ। ਨ ਖਟਿਓ-ਨਹੀਂ ਕਮਾਇਆ। ਸੇ-ਉਹ। ਦੇਵਾਲੀਏ-ਕੰਗਾਲ; ਕਰਜਈ। ਜੁਗ ਮਾਹਿ-ਜੁਗ ਵਿਚ। ਓਇ-ਉਹ। ਫਿਰਹਿ-ਫਿਰਦੇ ਹਨ। ਮਹਿ-ਵਿਚ। ਮੁਹਿ-ਮੂੰਹ ਵਿਚ। ਤਿਨ ਕਉ-ਉਨ੍ਹਾਂ ਦੇ। ਨ ਪਾਹਿ-ਨਹੀਂ ਪਾਉਂਦੇ। ਪਰਾਈ ਬਖੀਲੀ-ਪਰਾਈ ਈਰਖਾ; ਪਰਾਈ ਚੁਗਲੀ। ਕਰਹਿ-ਕਰਦੇ ਹਨ। ਪਰਤੀਤਿ-ਵਿਸ਼ਵਾਸ। ਖੋਵਨਿ-ਗਵਾ ਲੈਂਦੇ ਹਨ। ਸਗਵਾ-ਬਲਕਿ; ਸੱਗੋਂ। ਆਪ ਲਖਾਹਿ-ਅਪਣਾ (ਅਸਲੀਅਤ) ਦਿਖਾ ਦੇਂਦੇ ਹਨ। ਕਾਰਣਿ-ਵਾਸਤੇ। ਸੋ-ਉਹ। ਹਥਿ-ਹੱਥ ਵਿਚ। ਭਾਵੈ-ਚਾਹੁਣ। ਤਿਥੈ ਜਾਹਿ-ਉਥੇ ਚਲੇ ਜਾਣ। ਸੇਵਕ ਭਾਇ-ਸੇਵਕਾਂ ਵਾਲੀ ਭਾਵਨਾ ਨਾਲ। ਤਿਥਹੁ-ਉਥੋਂ। ਕਰਮ ਹੀਣ-ਭਾਗ ਹੀਣ। ਹੋਰ ਥੈ-ਹੋਰ ਥਾਂ ਤੋਂ। ਦੇਸ ਦਿਸੰਤਰਿ-ਦੇਸਾਂ ਪ੍ਰਦੇਸਾਂ ਵਿਚ।੮।

ਅੰਗ ੮੫੩ = ਸਲੋਕ ਮਃ ੩ ॥ ਗੁਰਮੁਖਿ ਸੰਸਾ ਮੂਲਿ ਨ ਹੋਵਈ, ਚਿੰਤਾ ਵਿਚਹੁ ਜਾਇ ॥ ਜੋ ਕਿਛੁ ਹੋਇ ਸੁ ਸਹਜੇ ਹੋਇ, ਕਹਣਾ ਕਿਛੂ ਨ ਜਾਇ ॥ ਨਾਨਕ ਤਿਨ ਕਾ ਆਖਿਆ ਆਪਿ ਸੁਣੇ, ਜਿ ਲਇਅਨੁ ਪੰਨੈ ਪਾਇ ॥੧॥ ਗੁਰਮੁਖਾਂ ਦੇ ਮਨ ਵਿਚ ਭਰਮ ਉੱਕਾ ਹੀ ਨਹੀਂ ਹੁੰਦਾ, (ਕਿਉਂਕਿ ਉਨ੍ਹਾਂ ਦੇ) ਮਨ ਵਿਚੋਂ ਚਿੰਤਾ ਦੂਰ ਹੋ ਜਾਂਦੀ ਹੈ। (ਉਨ੍ਹਾਂ ਦੇ ਭਾਣੇ) ਜੋ ਕੁਛ ਹੁੰਦਾ ਹੈ, ਉਹ ਸੁਤੇ ਸਿਧ ਹੀ ਹੁੰਦਾ ਹੈ, (ਗੁਰਮੁਖਾਂ ਦੀ ਮਹਿਮਾਂ ਬਾਰੇ) ਕੁਛ ਕਿਹਾ ਨਹੀਂ ਜਾ ਸਕਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਉਨ੍ਹਾਂ (ਗੁਰਮੁਖਾਂ) ਦਾ ਬੋਲਿਆ ਪ੍ਰਭੂ ਆਪ ਸੁਣਦਾ ਹੈ, ਜਿਹੜੇ ਉਸ ਨੇ ਅਪਣੀ ਵਹੀ ਦੇ ਪੰਨੇ ਵਿਚ ਚੜ੍ਹਾ ਲਏ ਹਨ।੧।

ਮਃ ੩ ॥ ਕਾਲੁ ਮਾਰਿ ਮਨਸਾ ਮਨਹਿ ਸਮਾਣੀ, ਅੰਤਰਿ ਨਿਰਮਲੁ ਨਾਉ ॥ ਅਨਦਿਨੁ ਜਾਗੈ ਕਦੇ ਨ ਸੋਵੈ, ਸਹਜੇ ਅੰਮ੍ਰਿਤੁ ਪਿਆਉ ॥ ਮੀਠਾ ਬੋਲੇ ਅੰਮ੍ਰਿਤ ਬਾਣੀ, ਅਨਦਿਨੁ ਹਰਿ ਗੁਣ ਗਾਉ ॥ ਨਿਜ ਘਰਿ ਵਾਸਾ ਸਦਾ ਸੋਹਦੇ, ਨਾਨਕ ਤਿਨ ਮਿਲਿਆ ਸੁਖੁ ਪਾਉ ॥੨॥ (ਹੇ ਭਾਈ! ਜਿਸ ਮਨੁੱਖ ਦੇ) ਹਿਰਦੇ ਅੰਦਰ ਪ੍ਰਭੂ ਦਾ ਪਵਿਤ੍ਰ ਨਾਮ ਵਸਦਾ ਹੈ, (ਉਸ ਨੇ ਅਪਣੀ) ਵਾਸ਼ਨਾ ਮਨ ਵਿਚ ਹੀ ਮੁਕਾ ਲਈ ਹੈ ਤੇ ਕਾਲ ਨੂੰ ਵੀ ਮਾਰ ਲਿਆ ਹੈ। ਹਰ ਰੋਜ (ਉਹ ਗਿਆਨ ਅਵਸਥਾ ਵਿਚ) ਜਾਗਦਾ ਰਹਿੰਦਾ ਹੈ, ਕਦੇ ਵੀ (ਮੋਹ ਮਾਇਆ ਦੀ ਨੀਂਦ ਵਿਚ) ਨਹੀਂ ਸੌਂਦਾ ਅਤੇ ਸੁਭਾਵਕ ਹੀ ਨਾਮ ਰੂਪ ਅੰਮ੍ਰਿਤ (ਸਭ ਨੂੰ) ਪਿਲਾਉਂਦਾ ਹੈ (ਨਾਮ ਅੰਮ੍ਰਿਤ ਦੀ ਦਾਤ ਵੰਡਦਾ ਹੈ। ਉਹ) ਅੰਮ੍ਰਿਤ ਵਰਗੇ ਮਿੱਠੇ ਬੋਲ ਬੋਲਦਾ ਹੈ ਅਤੇ ਹਰ ਰੋਜ ਹਰੀ ਦੇ ਗੁਣ ਗਾਉਂਦਾ ਹੈ। (ਅਜੇਹੇ ਪੁਰਖ) ਅਪਣੇ ਸ੍ਵੈ ਸਰੂਪ ਵਿਚ ਵਾਸਾ ਪਾ ਕੇ ਸਦਾ ਸੋਭਦੇ ਹਨ, ਉਨ੍ਹਾਂ ਨੂੰ ਮਿਲਿਆਂ ਨਾਨਕ ਨੂੰ ਸੁਖ ਪ੍ਰਾਪਤ ਹੁੰਦਾ ਹੈ।੨।

ਪਦਾਰਥ = ਗੁਰਮੁਖਿ-ਗੁਰਮੁਖਾਂ ਨੂੰ। ਸੰਸਾ-ਸ਼ੱਕ; ਭਰਮ। ਮੂਲਿ-ਬਿਲਕੁਲ। ਨ ਹੋਵਈ-ਨਹੀਂ ਹੁੰਦਾ। ਜਾਇ-ਦੂਰ ਹੋ ਜਾਂਦੀ ਹੈ। ਸੁ-ਉਹ। ਸਹਜੇ-ਸੁਭਾਵਕ ਹੀ। ਤਿਨ ਕਾ-ਉਨ੍ਹਾਂ ਦਾ। ਜਿ-ਜਿਹੜੇ। ਲਇਅਨੁ ਪੰਨੈ ਪਾਇ-ਉਸ ਨੇ ਲੇਖੇ ਵਾਲੀ ਵਹੀ ਦੇ ਪੱਤਰੇ ਉਤੇ ਚੜ੍ਹਾ ਲਏ ਹਨ ਭਾਵ ਪ੍ਰਭੂ ਦੀ ਵਹੀ ਵਿਚ ਨਾਂ ਦਰਜ ਹੋ ਗਿਆ (ਉਸ ਦੇ ਵਿਸ਼ਵਾਸ ਪਾਤ੍ਰ ਬਣ ਗਏ)।੧। ਕਾਲੁ-ਮੌਤ ਨੂੰ। ਮਾਰਿ-ਮਾਰ ਲਿਆ। ਮਨਸਾ-ਵਾਸ਼ਨਾ; ਮਨ ਦਾ ਫੁਰਨਾ। ਮਨਹਿ-ਮਨ ਵਿਚ ਹੀ। ਸਮਾਣੀ-ਮੁਕਾ ਲਈ; ਦਬਾ ਲਈ।

ਅੰਤਰਿ-ਹਿਰਦੇ ਅੰਦਰ। ਨਿਰਮਲੁ-ਪਵਿਤ੍ਰ। ਅਨਦਿਨੁ-ਹਰ ਰੋਜ। ਨ ਸੋਵੈ-ਸੌਂਦਾ ਨਹੀਂ। ਪਿਆਉ-ਪਿਲਾਉਂਦਾ ਹੈ। ਅੰਮ੍ਰਿਤ ਬਾਣੀ-ਅੰਮ੍ਰਿਤ ਮਈ ਬਚਨ। ਗਾਉ-ਗਾਉਂਦਾ ਹੈ। ਨਿਜ ਘਰਿ-ਅਪਣੇ ਅਸਲੀ ਘਰ ਵਿਚ (ਹਰੀ ਦੀ ਹਜੂਰੀ ਵਿਚ)। ਸੋਹਦੇ-ਸੋਭਦੇ ਹਨ। ਤਿਨ-ਉਨ੍ਹਾਂ ਨੂੰ। ਪਾਉ-ਪ੍ਰਾਪਤ ਹੁੰਦਾ ਹੈ।੨।

ਪਉੜੀ ॥ ਹਰਿ ਧਨੁ ਰਤਨ ਜਵੇਹਰੀ, ਸੋ ਗੁਰਿ ਹਰਿ ਧਨੁ ਹਰਿ ਪਾਸਹੁ ਦੇਵਾਇਆ ॥ ਜੇ ਕਿਸੈ ਕਿਹੁ ਦਿਸਿ ਆਵੈ, ਤਾ ਕੋਈ ਕਿਹੁ ਮੰਗਿ ਲਏ, ਅਕੈ ਕੋਈ ਕਿਹੁ ਦੇਵਾਏ, ਏਹੁ ਹਰਿ ਧਨੁ ਜੋਰਿ ਕੀਤੈ, ਕਿਸੈ ਨਾਲਿ ਨ ਜਾਇ ਵੰਡਾਇਆ ॥ ਜਿਸ ਨੋ ਸਤਿਗੁਰ ਨਾਲਿ ਹਰਿ ਸਰਧਾ ਲਾਏ, ਤਿਸੁ ਹਰਿ ਧਨ ਕੀ ਵੰਡ ਹਥਿ ਆਵੈ, ਜਿਸ ਨੋ ਕਰਤੈ ਧੁਰਿ ਲਿਖਿ ਪਾਇਆ ॥ ਇਸੁ ਹਰਿ ਧਨ ਕਾ ਕੋਈ ਸਰੀਕੁ ਨਾਹੀ, ਕਿਸੈ ਕਾ ਖਤੁ ਨਾਹੀ, ਕਿਸੈ ਕੈ ਸੀਵ ਬੰਨੈ ਰੋਲੁ ਨਾਹੀ, ਜੇ ਕੋ ਹਰਿ ਧਨ ਕੀ ਬਖੀਲੀ ਕਰੇ, ਤਿਸ ਕਾ ਮੁਹੁ ,ਹਰਿ ਚਹੁ ਕੁੰਡਾ ਵਿਚਿ ਕਾਲਾ ਕਰਾਇਆ ॥ ਹਰਿ ਕੇ ਦਿਤੇ ਨਾਲਿ ਕਿਸੈ ਜੋਰੁ ਬਖੀਲੀ ਨ ਚਲਈ, ਦਿਹੁ ਦਿਹੁ ਨਿਤ ਨਿਤ ਚੜੈ ਸਵਾਇਆ ॥੯॥ (ਹੇ ਭਾਈ!) ਹਰੀ ਦਾ ਨਾਮ ਧਨ ਰਤਨਾਂ ਜਵਾਹਰਾਂ ਤੋਂ ਵੀ ਅਮੋਲਕ ਹੈ, ਹਰੀ ਦਾ ਉਹ ਨਾਮ ਧਨ ਗੁਰੂ ਨੇ (ਸਾਨੂੰ) ਹਰੀ ਪਾਸੋਂ ਦਿਵਾਇਆ ਹੈ। ਜੇ ਕਿਸੇ ਕੋਲ ਕੁਛ (ਪਦਾਰਥ) ਦਿਸ ਆਵੇ, ਤਾਂ ਕੋਈ ਕੁਛ ਮੰਗ ਕੇ ਲੈ ਲਵੇ, ਜਾਂ ਕੋਈ (ਮਨੁੱਖ ਸਿਫਾਰਸ਼ ਕਰਕੇ ਉਸ ਪਾਸੋਂ ਪਦਾਰਥ ਦਾ ਹਿੱਸਾ) ਕੁਛ ਦਿਵਾ ਦੇਵੇ, (ਪਰ) ਹਰੀ ਦਾ ਇਹ ਨਾਮ ਧਨ ਜੋਰ ਕੀਤਿਆਂ ਕਿਸੇ ਨਾਲੋਂ ਵੰਡਾਇਆ ਨਹੀਂ ਜਾ ਸਕਦਾ (ਨਾਮ ਪਦਾਰਥ ਅਦ੍ਰਿਸ ਹੈ, ਜੇ ਇਹ ਦਿਸਣ ਵਾਲਾ ਹੋਵੇ, ਤਾਂ ਕੋਈ ਕੁਛ ਮੰਗ ਲਵੇ, ਜਾਂ ਕਿਸੇ ਪਾਸੋਂ ਹੋਰ ਨੂੰ ਦਿਵਾ ਦੇਵੇ, ਇਹ ਧਨ ਜੋਰ ਕੀਤਿਆਂ ਕਿਸੇ ਨਾਲੋਂ ਵੰਡਾਇਆ ਨਹੀਂ ਜਾ ਸਕਦਾ। ਇਹ ਤਾਂ ਟਹਲ ਦਾ ਫਲ ਹੈ, ਸਤਿਗੁਰੂ ਪਾਸੋਂ ਹੀ ਮਿਲ ਸਕਦਾ ਹੈ)। ਜਿਸ ਪੁਰਖ ਨੂੰ ਸਤਿਗੁਰੂ ਨਾਲ ਹਰੀ ਸ਼ਰਧਾ ਲਾ ਦੇਵੇ, ਹਰੀ ਦੇ ਨਾਮ ਧਨ ਦੀ ਵੰਡ ਉਸ ਦੇ ਹੱਥ ਵਿਚ ਆਉਂਦੀ ਹੈ, ਜਿਸ ਨੂੰ ਕਰਤਾਰ ਨੇ (ਨਾਮ ਧਨ ਦੀ ਪ੍ਰਾਪਤੀ ਦਾ ਲੇਖ) ਧੁਰ ਤੋਂ ਲਿਖ ਕੇ ਪਾਇਆ ਹੈ। ਹਰੀ ਦੇ ਇਸ ਨਾਮ ਧਨ ਦਾ ਕੋਈ ਹਿੱਸੇਦਾਰ ਨਹੀਂ, ਨਾ ਹੀ (ਇਹ ਧਨ) ਕਿਸੇ ਦੇ ਨਾਂ ਦੀ ਮਾਲਕੀ ਦਾ ਪਟਾ ਹੈ, (ਇਸ ਧਨ ਬਾਰੇ) ਕਿਸੇ ਦੇ ਹੱਦ ਬੰਨੇ ਦਾ ਰੌਲਾ ਨਹੀਂ (ਜਿਵੇਂ ਨਾਲ ਲਗਦੀ ਜਮੀਨ ਵਾਲਿਆਂ ਦਾ ਹੋਇਆ ਕਰਦਾ ਹੈ), ਜੇ ਕੋਈ ਮਨੁੱਖ ਹਰੀ ਦੇ ਨਾਮ ਧਨ ਦੀ ਨਿੰਦਿਆ ਕਰਦਾ ਹੈ, ਤਾਂ ਉਸ ਦਾ ਮੂੰਹ ਹਰੀ ਨੇ ਚੌਹਾਂ ਕੁੰਟਾਂ ਵਿਚ ਕਾਲਾ ਕਰਾਇਆ ਹੈ। ਹਰੀ ਦੇ ਦਿਤੇ ਹੋਏ ਨਾਮ ਧਨ ਨਾਲ ਕਿਸੇ ਮਨੁੱਖ ਦਾ ਜੋਰ ਨਹੀਂ ਚਲਦਾ ਤੇ ਨਾਹੀ ਨਿੰਦਿਆ ਚਲਦੀ ਹੈ, (ਨਾਮ ਧਨ ਦਾ ਦਾਨ) ਦਿਨੋ ਦਿਨ ਹਰ ਰੋਜ ਸਵਾਇਆ ਚੜ੍ਹਦਾ ਹੈ (ਵਧਦਾ ਰਹਿੰਦਾ ਹੈ)।੯।

ਪਦਾਰਥ = ਰਤਨ ਮਾਣਕ ਆਦਿ ਕੀਮਤੀ ਪੱਥਰ। ਜਵੇਹਰੀ-ਹੀਰੇ ਆਦਿ ਜਵਾਹਰ। ਸੋ-ਉਹ। ਗੁਰਿ-ਗੁਰੂ ਨੇ। ਪਾਸਹੁ-ਪਾਸੋਂ। ਦੇਵਾਇਆ-ਦਿਵਾ ਦਿਤਾ ਹੈ। ਕਿਹੁ-ਕੁਛ। ਤਾ-ਤਾਂ। ਅਕੈ-ਜਾਂ। ਜੋਰਿ ਕੀਤੈ-ਜੋਰ ਕੀਤਿਆਂ (ਧੱਕੇ ਨਾਲ)। ਤਿਸੁ-ਉਸ (ਮਨੁੱਖ) ਦੇ। ਵੰਡ-ਛਾਂਦਾ (ਹਿੱਸਾ)। ਹਥਿ-ਹੱਥ ਵਿਚ। ਕਰਤੈ-ਕਰਤਾਰ ਨੇ। ਧੁਰਿ-ਧੁਰ ਤੋਂ (ਹਰੀ ਦੀ ਹਜੂਰੀ ਤੋਂ)। ਲਿਖਿ-ਲਿਖ ਕੇ। ਸਰੀਕੁ-ਬਰਾਬਰ ਦਾ ਹਿੱਸਾ ਵੰਡਾਉਣ ਵਾਲਾ। ਖਤੁ-ਪਟਾ (ਮਾਲਕੀ ਦਾ ਲਿਖਤੀ ਸਬੂਤ)। ਕੈ-ਦੇ। ਸੀਵ-ਸੀਮਾ (ਹੱਦ)। ਬੰਨੈ-ਖੇਤ ਦੀ ਵੱਟ (ਬੰਨਾ)। ਰੋਲੁ-ਰੌਲਾ (ਝਗੜਾ)। ਕੋ-ਕੋਈ। ਬਖੀਲੀ-ਈਰਖਾ; ਨਿੰਦਿਆ। ਤਿਸ ਕਾ-ਉਸ ਦਾ। ਮੁਹੁ-ਮੂੰਹ। ਚਹੁ ਕੁੰਡਾ-ਚਾਰ ਦਿਸ਼ਾਵਾਂ। ਦਿਹੁ ਦਿਹੁ-ਦਿਨੋ ਦਿਨ। ਨਿਤ-ਹਰ ਰੋਜ। ਚੜ੍ਹੈ ਸਵਾਇਆ-ਵਧਦਾ ਰਹਿੰਦਾ ਹੈ।੯।

ਸਲੋਕ ਮਃ ੩ ॥ ਜਗਤੁ ਜਲੰਦਾ ਰਖਿ ਲੈ, ਆਪਣੀ ਕਿਰਪਾ ਧਾਰਿ ॥ ਜਿਤੁ ਦੁਆਰੈ ਉਬਰੈ, ਤਿਤੈ ਲੈਹੁ ਉਬਾਰਿ ॥ ਸਤਿਗੁਰਿ ਸੁਖੁ ਵੇਖਾਲਿਆ, ਸਚਾ ਸਬਦੁ ਬੀਚਾਰਿ ॥ ਨਾਨਕ ਅਵਰੁ ਨ ਸੁਝਈ, ਹਰਿ ਬਿਨੁ ਬਖਸਣਹਾਰੁ ॥੧॥ (ਅਰਦਾਸ। ਹੇ ਪ੍ਰਭੂ! ਤ੍ਰਿਸ਼ਨਾ ਦੀ ਅੱਗ ਵਿਚ) ਸੜਦੇ ਜਗਤ ਨੂੰ ਅਪਣੀ ਕ੍ਰਿਪਾ ਧਾਰ ਕੇ ਬਚਾ ਲੈ। ਜਿਸ ਰਸਤੇ (ਤਰੀਕੇ ਨਾਲ) ਵੀ ਬਚ ਸਕਦਾ ਹੈ, ਉਸ ਤਰ੍ਹਾਂ (ਇਸ ਨੂੰ) ਬਚਾ ਲੈ। (ਜਿਸ ਮਨੁੱਖ ਨੇ) ਸੱਚੇ ਸ਼ਬਦ ਨੂੰ ਵਿਚਾਰਿਆ ਹੈ, (ਉਸ ਨੂੰ) ਸਤਿਗੁਰੂ ਨੇ ਸੁਖ ਦਿਖਾ ਦਿਤਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਨੂੰ) ਹਰੀ ਤੋਂ ਬਿਨਾ ਬਖਸ਼ਿਸ਼ ਕਰਨ ਵਾਲਾ ਹੋਰ ਕੋਈ ਨਹੀਂ ਦਿਸਦਾ।੧।

ਮਃ ੩ ॥ ਹਉਮੈ ਮਾਇਆ ਮੋਹਣੀ, ਦੂਜੈ ਲਗੈ ਜਾਇ ॥ ਨਾ ਇਹ ਮਾਰੀ ਨ ਮਰੈ, ਨਾ ਇਹ ਹਟਿ ਵਿਕਾਇ ॥ ਗੁਰ ਕੈ ਸਬਦਿ ਪਰਜਾਲੀਐ, ਤਾ ਇਹ ਵਿਚਹੁ ਜਾਇ ॥ ਤਨੁ ਮਨੁ ਹੋਵੈ ਉਜਲਾ, ਨਾਮੁ ਵਸੈ ਮਨਿ ਆਇ ॥ ਨਾਨਕ ਮਾਇਆ ਕਾ ਮਾਰਣੁ ਸਬਦੁ ਹੈ, ਗੁਰਮੁਖਿ ਪਾਇਆ ਜਾਇ ॥੨॥ (ਹੇ ਭਾਈ!) ਹੰਕਾਰ ਪੈਦਾ ਕਰਨ ਵਾਲੀ ਮਾਇਆ (ਮਨੁੱਖ ਦੇ ਮਨ ਨੂੰ) ਮੋਹ ਲੈਣ ਵਾਲੀ ਹੈ, (ਇਸ ਨਾਲ ਮਨੁੱਖ) ਦੂਜੇ ਭਾਵ ਵਿਚ ਜਾ ਲਗਦਾ ਹੈ (ਹਰੀ ਨੂੰ ਛਡ ਕੇ ਹੋਰਨਾਂ ਚੀਜਾਂ ਵਿਚ ਲਗਨ ਲਾ ਲੈਂਦਾ ਹੈ)।

ਇਹ (ਹਉਮੈ ਕਿਸੇ ਮਨੁੱਖ ਪਾਸੋਂ) ਮਾਰੀ ਨਹੀਂ ਜਾ ਸਕਦੀ ਤੇ ਨਾ ਹੀ (ਇਹ ਅਪਣੇ ਆਪ) ਮਰਦੀ ਹੈ ਅਤੇ ਨਾ ਹੀ ਇਹ ਕਿਸੇ ਹੱਟੀ ਤੇ ਬੇਚੀ ਜਾ ਸਕਦੀ ਹੈ। ਜੇ ਗੁਰੂ ਦੇ ਸ਼ਬਦ ਦੁਆਰਾ (ਹਉਮੈ ਨੂੰ) ਚੰਗੀ ਤਰ੍ਹਾਂ ਜਲਾ ਦੇਈਏ, ਤਾਂ ਇਹ ਮਨ ਵਿਚੋਂ ਦੂਰ ਹੋ ਜਾਂਦੀ ਹੈ। (ਇਸ ਦੇ ਦੂਰ ਹੋਣ ਨਾਲ) ਸਰੀਰ ਤੇ ਮਨ ਪਵਿਤ੍ਰ ਹੋ ਜਾਂਦਾ ਹੈ ਅਤੇ ਹਰੀ ਦਾ ਨਾਮ ਮਨ ਵਿਚ ਆ ਵਸਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦਾ ਸ਼ਬਦ ਹੀ ਮਾਇਆ ਦੇ ਮਾਰਨ ਦਾ ਮਸਾਲਾ ਹੈ, (ਇਹ ਸ਼ਬਦ) ਗੁਰੂ ਪਾਸੋਂ ਪਾਇਆ ਜਾਂਦਾ ਹੈ। ੨। ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ। (੫੧੩)

ਪਦਾਰਥ = ਜਗਤੁ ਜਲੰਦਾ–(ਤ੍ਰਿਸ਼ਨਾ; ਕਾਮਾਦਿਕਾਂ ਦੀ ਅੱਗ ਵਿਚ) ਸੜਦੇ ਜਗਤ ਨੂੰ। ਰਖਿ ਲੈ–ਬਚਾ ਲੈ। ਧਾਰਿ–ਧਾਰ (ਕਰ) ਕੇ। ਜਿਤੁ ਦੁਆਰੈ–ਜਿਸ ਤਰੀਕੇ ਨਾਲ। ਉਬਰੈ–ਬਚ ਸਕਦਾ ਹੈ। ਤਿਤੈ–ਉਸੇ ਤਰ੍ਹਾਂ। ਲੈਹੁ ਉਬਾਰਿ–ਬਚਾ ਲੈ। ਸਤਿਗੁਰਿ–ਸਤਿ ਗੁਰੂ ਨੇ। ਬੀਚਾਰਿ–ਵਿਚਾਰਿਆ ਹੈ। ਅਵਰੁ–ਹੋਰ। ਨ ਸੁਝਈ–ਨਹੀਂ ਦਿਸਦਾ। ਬਖਸਣਹਾਰੁ–ਬਖਸ਼ਿਸ਼ ਕਰਨ ਵਾਲਾ। ੧। ਹਉਮੈ–ਹੰਕਾਰ (ਮੈਂ ਮੇਰੀ ਦਾ ਭਾਵ)। ਮੋਹਣੀ–ਮੋਹ ਲੈਣ ਵਾਲੀ। ਦੂਜੈ–ਕਿਸੇ ਦੂਜੇ ਦੇ ਪਿਆਰ ਵਿਚ। ਹਟਿ–ਹੱਟੀ ਤੇ। ਵਿਕਾਇ–ਵੇਚੀ ਜਾ ਸਕਦੀ ਹੈ। ਸਬਦਿ–ਸ਼ਬਦ ਦੁਆਰਾ। ਪਰਜਾਲੀਐ–ਚੰਗੀ ਤਰ੍ਹਾਂ ਜਲਾ ਦੇਈਏ। ਤਾ–ਤਾਂ। ਵਿਚਹੁ–ਮਨ ਵਿਚੋਂ। ਜਾਇ–ਦੂਰ ਹੋ ਜਾਂਦੀ ਹੈ। ਤਨੁ–ਸਰੀਰ। ਉਜਲਾ–ਪਵਿਤ੍ਰ। ਮਨਿ–ਮਨ ਵਿਚ। ਮਾਰਣੁ–(ਧਾਤੂਆਂ ਨੂੰ) ਮਾਰਨ ਵਾਲਾ ਮਸਾਲਾ। ੨।

ਪਉੜੀ ॥ ਸਤਿਗੁਰ ਕੀ ਵਡਿਆਈ ਸਤਿਗੁਰਿ ਦਿਤੀ, ਧੁਰਹੁ ਹੁਕਮੁ ਬੁਝਿ ਨੀਸਾਣੁ ॥ ਪੁਤੀ ਭਾਤੀਈ ਜਾਵਾਈ ਸਕੀ, ਅਗਹੁ ਪਿਛਹੁ ਟੋਲਿ ਡਿਠਾ, ਲਾਹਿਓਨੁ ਸਭਨਾ ਕਾ ਅਭਿਮਾਨੁ ॥ ਜਿਥੈ ਕੋ ਵੇਖੈ ਤਿਥੈ ਮੇਰਾ ਸਤਿਗੁਰੂ ,ਹਰਿ ਬਖਸਿਓਸੁ ਸਭੁ ਜਹਾਨੁ ॥ ਜਿ ਸਤਿਗੁਰ ਨੋ ਮਿਲਿ ਮੰਨੇ, ਸੁ ਹਲਤਿ ਪਲਤਿ ਸਿਝੈ, ਜਿ ਵੇਮੁਖੁ ਹੋਵੈ, ਸੁ ਫਿਰੈ ਭਰਿਸਟ ਥਾਨੁ ॥ ਜਨ ਨਾਨਕ ਕੈ ਵਲਿ ਹੋਆ ਮੇਰਾ ਸੁਆਮੀ, ਹਰਿ ਸਜਣ ਪੁਰਖੁ ਸੁਜਾਨੁ ॥ ਪਉਦੀ ਭਿਤਿ ਦੇਖਿ ਕੈ, ਸਭਿ ਆਇ ਪਏ ਸਤਿਗੁਗਰ ਕੀ ਪੈਰੀ, ਲਾਹਿਓਨੁ ਸਭਨਾ ਕਿਅਹੁ ਮਨਹੁ ਗੁਮਾਨੁ ॥੧੦॥ (ਹੇ ਭਾਈ! ਜੋ) ਸਤਿਗੁਰੂ ਅਮਰਦਾਸ ਜੀ ਦੀ ਵਡਿਆਈ ਹੋਈ ਹੈ, (ਉਹ) ਸਤਿਗੁਰੂ ਅੰਗਦ ਦੇਵ ਜੀ ਨੇ ਧੁਰ ਤੋਂ ਪ੍ਰਭੂ ਦਾ ਮਿਲਿਆ ਹੁਕਮ ਰੂਪ ਪ੍ਰਵਾਨਾ ਸਮਝ ਕੇ (ਗੁਰੂ ਅਮਰਦਾਸ ਜੀ ਨੂੰ ਵਡਿਆਈ ਦੀ ਦਾਤ) ਦਿਤੀ ਹੈ। (ਗੁਰੂ ਅੰਗਦ ਦੇਵ ਜੀ ਨੇ ਅਪਣੇ) ਪੁਤ੍ਰਾਂ, ਭਤੀਜਿਆਂ, ਜਵਾਈਆਂ, ਸਕੇ ਸਾਕਾਂ ਅਤੇ ਹੋਰ ਅੱਗੋਂ ਪਿਛੋਂ ਦੇ ਸਬੰਧੀਆਂ ਨੂੰ ਖੋਜ (ਪਰਖ) ਕੇ ਦੇਖ ਲਿਆ ਸੀ, ਉਸ (ਗੁਰੂ ਅੰਗਦ ਦੇਵ ਜੀ) ਨੇ ਸਾਰਿਆਂ ਦਾ ਹੰਕਾਰ ਲਾਹ ਦਿਤਾ {ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ੧੦੮੯}(ਗੁਰੂ ਦੀ ਪਰਖ ਤੇ ਕੋਈ ਪੂਰਾ ਨਹੀਂ ਉਤਰ ਸਕਿਆ; ਉਨ੍ਹਾਂ ਸਭਨਾਂ ਦਾ ਦਾਵਾ ਰੱਦ ਕਰ ਦਿਤਾ)। ਜਿਥੇ ਕੋਈ ਦੇਖਦਾ ਹੈ, ਉਥੇ ਮੇਰਾ ਸਤਿਗੁਰੂ (ਨਾਮ ਦੀ ਦਾਤ ਵੰਡ ਰਿਹਾ) ਹੈ, ਉਸ ਹਰੀ ਨੇ ਸਾਰਾ ਜਹਾਨ (ਸਤਿਗੁਰੂ ਨੂੰ) ਬਖਸ਼ਿਆ ਹੈ (ਸਾਰੇ ਜਹਾਂਨ ਨੂੰ ਸਤਿਗੁਰੂ ਦੀ ਸ਼ਰਣ ਪਾਇਆ ਹੈ)। ਜਿਹੜਾ ਮਨੁੱਖ ਸਤਿਗੁਰੂ ਨੂੰ ਮਿਲ ਕੇ (ਉਨ੍ਹਾਂ ਦੇ ਹੁਕਮ ਨੂੰ) ਮੰਨਦਾ ਹੈ (ਸਤਿਗੁਰੂ ਵਿਚ ਸ਼ਰਧਾ ਲਿਆਉਂਦਾ ਹੈ), ਉਹ ਲੋਕ ਪ੍ਰਲੋਕ ਵਿਚ ਸਫਲ ਹੁੰਦਾ ਹੈ, ਜਿਹੜਾ (ਮਨੁੱਖ ਸਤਿਗੁਰੂ ਤੋਂ) ਬੇਮੁਖ ਹੁੰਦਾ ਹੈ, ਉਹ ਗੰਦੇ ਥਾਂ ਭਟਕਦਾ ਫਿਰਦਾ ਹੈ (ਨੀਚ ਜੋਨੀਆਂ ਵਿਚ ਪੈਂਦਾ ਹੈ)। ਮੇਰਾ ਮਾਲਕ ਪ੍ਰਭੂ ਦਾਸ ਨਾਨਕ ਦੇ ਵੱਲ ਹੋਇਆ ਹੈ, ਉਹ ਹਰੀ ਸੱਜਣ ਸਰਬ ਵਿਆਪਕ ਤੇ ਸਿਆਣਾ ਹੈ। ਚੋਗਾ ਪੈਂਦਾ (ਗੁਰੂ ਅਮਰ ਦਾਸ ਜੀ ਦਾ ਅਤੁੱਟ ਲੰਗਰ ਚਲਦਾ) ਦੇਖ ਕੇ ਸਾਰੇ ਲੋਕ ਸਤਿਗੁਰੂ ਦੇ ਚਰਨੀਂ ਆ ਪਏ ਹਨ, (ਸਾਨੂੰ ਗੁਰਤਾ ਗੱਦੀ ਸੌਂਪ ਕੇ) ਉਸ (ਗੁਰੂ ਅਮਰਦਾਸ ਜੀ ਨੇ) ਸਾਰਿਆਂ ਦੇ ਮਨਾਂ ਵਿਚੋਂ ਗੁਮਾਨ ਲਾਹ ਦਿਤਾ ਹੈ। ੧੦।

ਪਦਾਰਥ = ਸਤਿਗੁਰਿ–ਸਤਿਗੁਰੂ ਨੇ। ਧੁਰਹੁ–ਧੁਰ ਹਰੀ ਦੀ ਹਜੂਰੀ ਤੋਂ। ਬੁਝਿ–ਸਮਝ ਕੇ। ਨੀਸਾਣੁ–ਪਰਵਾਨਾ; ਲਿਖਤ। ਪੁਤੀ–ਪੁਤ੍ਰਾਂ ਨੂੰ। ਭਾਤੀਈ–ਭਤੀਜਿਆਂ ਨੂੰ। ਜਾਵਾਈ–ਜਵਾਈਆਂ ਨੂੰ। ਸਕੀ–ਸਕੇ ਸਾਕਾਂ ਨੂੰ। ਅਗਹੁ ਪਿਛਹੁ–ਅੱਗੋਂ ਪਿੱਛੋਂ ਦੇ। ਟੋਲਿ–ਖੋਜ (ਪਰਖ) ਕੇ। ਡਿਠਾ–ਦੇਖ ਲਿਆ। ਲਾਹਿਓਨੁ–ਲਾਹ ਦਿਤਾ ਉਸ ਨੇ। ਕੋ–ਕੋਈ। ਤਿਥੈ–ਉਥੇ। ਬਖਸਿਓਸੁ–ਬਖਸ਼ਿਆ ਉਸ ਨੇ। ਜਹਾਨੁ–ਜਗਤ ਨੂੰ। ਜਿ–ਜਿਹੜਾ। ਨੋ ਮਿਲਿ–ਨੂੰ ਮਿਲ ਕੇ। ਮੰਨੇ–ਸ਼ਰਧਾ ਲਿਆਵੇ; ਪੂਜਦਾ ਹੈ। ਸੁ–ਉਹ। ਹਲਤਿ–ਇਸ ਲੋਕ ਵਿਚ। ਪਲਤਿ–ਪ੍ਰਲੋਕ ਵਿਚ। ਸਿਝੈ–ਸਫਲ ਹੁੰਦਾ ਹੈ। ਫਿਰੈ–ਭਟਕਦਾ ਫਿਰਦਾ ਹੈ। ਭਰਿਸਟ ਥਾਨੁ–ਗੰਦੇ ਥਾਂ। ਜਨ ਨਾਨਕ ਕੈ–ਦਾਸ ਨਾਨਕ ਦੇ। ਵਲਿ–ਪੱਖ ਵਿਚ। ਸੁਆਮੀ–ਮਾਲਕ ਪ੍ਰਭੂ। ਸਜਣ–ਮਿਤ੍ਰ। ਪੁਰਖੁ–ਸਰਬ ਵਿਆਪਕ। ਸੁਜਾਨੁ–ਸਿਆਣਾ; ਸਭ ਦੇ ਦਿਲਾਂ ਦੀਆਂ ਜਾਨਣ ਵਾਲਾ। ਪਉਦੀ ਦੇਖਿ ਕੈ–ਪੈਂਦਾ ਦੇਖ ਕੇ। ਭਿਤਿ–ਚੋਗਾ (ਲੰਗਰ; ਨਾਮ ਜਾਂ ਗਿਆਨ ਦੀ ਖੁਰਾਕ)। ਆਇ ਪਏ ਪੈਰੀ–ਚਰਨੀ ਆ ਪਏ। ਸਭਨਾ ਕਿਅਹੁ–ਸਾਰਿਆਂ ਦਿਆਂ। ਮਨਹੁ–ਮਨਾਂ ਤੋਂ। ਗੁਮਾਨੁ–ਹੰਕਾਰ। ੧੦।

ਅੰਗ ੮੫੪ = ਸਲੋਕ ਮਃ ੧ ॥ ਕੋਈ ਵਾਹੇ ਕੋ ਲੁਣੈ, ਕੋ ਪਾਏ ਖਲਿਹਾਨਿ ॥ ਨਾਨਕ ਏਵ ਨ ਜਾਪਈ, ਕੋਈ ਖਾਇ ਨਿਦਾਨਿ ॥੧॥ ਕੋਈ ਮਨੁੱਖ ਜਮੀਨ ਨੂੰ ਵਾਹੁੰਦਾ (ਬੀਜਦਾ) ਹੈ ਤੇ (ਪੱਕੀ ਹੋਈ ਫਸਲ ਨੂੰ) ਕੋਈ ਵੱਢਦਾ ਹੈ ਅਤੇ ਖਲਵਾੜੇ ਵਿਚ ਕੋਈ ਗਾਹ ਪਾਉਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਅੰਤ ਵਿਚ (ਉਸ ਅਨਾਜ ਨੂੰ) ਖਾਂਦਾ ਕੋਈ ਹੋਰ ਹੈ, ਇਸ ਤਰ੍ਹਾਂ ਪ੍ਰਭੂ ਦੀ ਰਜ਼ਾ ਦਾ ਪਤਾ ਨਹੀਂ ਲਗਦਾ (ਅੰਤ ਨੂੰ ਕੌਣ ਖਾਂਦਾ ਹੈ? ਪਤਾ ਨਹੀਂ ਲਗਦਾ)।੧।

ਮਃ ੧ ॥ ਜਿਸੁ ਮਨਿ ਵਸਿਆ, ਤਰਿਆ ਸੋਇ ॥ ਨਾਨਕ ਜੋ ਭਾਵੈ ਸੋ ਹੋਇ ॥੨॥ (ਹੇ ਭਾਈ!) ਜਿਸ ਮਨੁੱਖ ਦੇ ਮਨ ਵਿਚ ਪ੍ਰਭੂ ਆ ਵਸਿਆ ਹੈ, ਉਹ ਹੀ (ਸੰਸਾਰ ਸਮੁੰਦਰ ਤੋਂ) ਤਰਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਨੂੰ ਗਿਆਨ ਹੋ ਗਿਆ ਹੁੰਦਾ ਹੈ ਕਿ ਸੰਸਾਰ ਵਿਚ) ਉਹ ਕੁਛ ਹੀ ਹੁੰਦਾ ਹੈ, ਜੋ ਪ੍ਰਮਾਤਮਾ ਨੂੰ ਭਾਉਂਦਾ ਹੈ।੨।

ਪਉੜੀ ॥ ਪਾਰਬ੍ਰਹਮਿ ਦਇਆਲਿ, ਸਾਗਰੁ ਤਾਰਿਆ ॥ ਗੁਰਿ ਪੂਰੈ ਮਿਹਰਵਾਨਿ, ਭਰਮੁ ਭਉ ਮਾਰਿਆ ॥ ਕਾਮ ਕ੍ਰੋਧੁ ਬਿਕਰਾਲੁ ,ਦੂਤ ਸਭਿ ਹਾਰਿਆ ॥ ਅੰਮ੍ਰਿਤ ਨਾਮੁ ਨਿਧਾਨੁ ,ਕੰਠਿ ਉਰਿ ਧਾਰਿਆ ॥ ਨਾਨਕ ਸਾਧੂ ਸੰਗਿ, ਜਨਮੁ ਮਰਣੁ ਸਵਾਰਿਆ ॥ ੧੧॥ (ਹੇ ਭਾਈ!) ਦਇਆ ਕਰਨ ਵਾਲੇ ਪਾਰਬ੍ਰਹਮ ਨੇ (ਜਿਸ ਮਨੁੱਖ ਨੂੰ ਭਵਜਲ ਤੋਂ) ਤਾਰ ਦਿਤਾ ਹੈ। ਮਿਹਰ ਕਰਨ ਵਾਲੇ ਪੂਰੇ ਗੁਰੂ ਨੇ (ਪਹਿਲਾਂ ਉਸ ਦਾ ਸਭ ਕਿਸਮ ਦਾ) ਭਰਮ ਤੇ ਡਰ ਮਾਰ ਦਿਤਾ ਹੈ। ਭਿਆਨਕ ਕਾਮ ਕ੍ਰੋਧ ਆਦਿ ਸਭ ਵੈਰੀ (ਉਸ ਮਨੁੱਖ ਨੂੰ ਅਪਣੇ ਵਸ ਵਿਚ ਕਰਨ ਲਈ) ਹਾਰ ਗਏ।(ਕਿਉਂਕਿ ਉਸ ਨੇ ਸਤਿਗੁਰੂ ਦਾ ਬਖਸ਼ਿਆ) ਅੰਮ੍ਰਿਤ ਨਾਮ ਰੂਪ ਖਜਾਨਾ ਅਪਣੇ ਹਿਰਦੇ ਤੇ ਕੰਠ ਵਿਚ ਧਾਰਨ ਕਰ ਲਿਆ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਮਨੁੱਖ ਨੇ) ਸਾਧੂ ਗੁਰੂ ਦੀ ਸੰਗਤ ਕਰਕੇ ਅਪਣਾ ਜਨਮ ਮਰਣ ਸਵਾਰ (ਸਫਲ ਕਰ) ਲਿਆ ਹੈ।੧੧।

ਪਦਾਰਥ = ਵਾਹੇ–ਹਲ ਵਾਹੁੰਦਾ ਹੈ। ਕੋ–ਕੋਈ। ਲੁਣੈ–(ਪੱਕੀ ਫਸਲ) ਵੱਢਦਾ ਹੈ। ਪਾਏ ਖਲਿਹਾਨਿ–ਪਿੜਾਂ ਵਿਚ ਗਾਹ ਪਾਉਂਦਾ ਹੈ। ਏਵ–ਇਸ ਤਰ੍ਹਾਂ; ਇਹ। ਨ ਜਾਪਈ–ਪਤਾ ਨਹੀਂ ਲਗਦਾ। ਖਾਇ–ਖਾਂਦਾ ਹੈ। ਨਿਦਾਨਿ–ਅੰਤ ਵਿਚ।੧। ਜਿਸੁ ਮਨਿ–ਜਿਸ ਦੇ ਮਨ ਵਿਚ। ਤਰਿਆ–ਤਰ ਜਾਂਦਾ ਹੈ। ਸੋਇ–ਉਹ ਹੀ। ਭਾਵੈ–ਚੰਗਾ ਲਗਦਾ ਹੈ। ਸੋ ਹੋਇ–ਉਹ ਹੁੰਦਾ ਹੈ।੨।

ਪਉੜੀ। ਪਾਰਬ੍ਰਹਮਿ–ਪਾਰਬ੍ਰਹਮ ਨੇ। ਦਇਆਲਿ–ਦਇਆ ਕਰਨ ਵਾਲੇ ਨੇ। ਸਾਗਰੁ–ਸੰਸਾਰ ਸਮੁੰਦਰ। ਤਾਰਿਆ–ਤਾਰ ਦਿਤਾ। ਗੁਰਿ ਪੂਰੈ–ਪੂਰੇ ਗੁਰੂ ਨੇ। ਮਿਹਰਵਾਨਿ–ਮੇਹਰ ਕਰਨ ਵਾਲੇ ਨੇ। ਭਉ–ਡਰ। ਮਾਰਿਆ–ਮਾਰ (ਦੂਰ ਕਰ) ਦਿਤਾ। ਬਿਕਰਾਲੁ–ਭਿਆਨਕ; ਡਰਾਉਣਾ। ਦੂਤ–ਵੈਰੀ। ਹਾਰਿਆ–ਹਾਰ ਗਏ। ਨਿਧਾਨੁ–ਖਜਾਨਾ। ਕੰਠਿ–ਗਲੇ ਵਿਚ। ਉਰਿ–ਹਿਰਦੇ ਵਿਚ। ਧਾਰਿਆ –ਟਿਕਾ (ਵਸਾ) ਲਿਆ। ਸਾਧੂ ਸੰਗਿ–ਸ੍ਰੇਸਟ ਗੁਰੂ ਦੀ ਸੰਗਤ ਕਰਕੇ। ਸਵਾਰਿਆ–ਸਵਾਰ (ਸਫਲ ਕਰ) ਲਿਆ।੧੧।

ਸਲੋਕ ਮਃ ੩ ॥ ਜਿਨੀ ਨਾਮੁ ਵਿਸਾਰਿਆ, ਕੂੜੇ ਕਹਣ ਕਹੰਨ੍ਹਿ ॥ ਪੰਚ ਚੋਰ ਤਿਨਾ ਘਰੁ ਮੁਹਨ੍ਹਿ ,ਹਉਮੈ ਅੰਦਰਿ ਸੰਨ੍ਹਿ ॥ ਸਾਕਤ ਮੁਠੇ ਦੁਰਮਤੀ, ਹਰਿ ਰਸੁ ਨ ਜਾਣੰਨ੍ਹਿ ॥ ਜਿਨੀ ਅੰਮ੍ਰਿਤੁ ਭਰਮਿ ਲੁਟਾਇਆ, ਬਿਖੁ ਸਿਉ ਰਚਹਿ ਰਚੰਨ੍ਹਿ ॥ ਦੁਸਟਾ ਸੇਤੀ ਪਿਰਹੜੀ, ਜਨ ਸਿਉ ਵਾਦੁ ਕਰੰਨ੍ਹਿ ॥ ਨਾਨਕ ਸਾਕਤ ਨਰਕ ਮਹਿ, ਜਮਿ ਬਧੇ ਦੁਖ ਸਹੰਨ੍ਹਿ ॥ ਪਇਐ ਕਿਰਤਿ ਕਮਾਵਦੇ, ਜਿਵ ਰਾਖਹਿ ਤਿਵੈ ਰਹੰਨ੍ਹਿ ॥੧॥ (ਹੇ ਭਾਈ!) ਜਿਨ੍ਹਾਂ ਮਨੁੱਖਾਂ ਨੇ ਹਰੀ ਦਾ ਨਾਮ ਭੁਲਾ ਦਿਤਾ ਹੈ, ਉਹ ਝੂਠੇ ਬੋਲ ਬੋਲਦੇ ਹਨ (ਕਿ ਅਸੀਂ ਵੱਡੇ ਭਗਤ ਹਾਂ)। ਉਨ੍ਹਾਂ ਦੇ ਅੰਦਰ ਹਉਮੈ ਦੀ ਸੰਨ੍ਹ ਲੱਗੀ ਹੋਈ ਹੈ, (ਜਿਸ ਰਾਹੀਂ) ਪੰਜ ਕਾਮਾਦਿਕ ਚੋਰ ਉਨ੍ਹਾਂ ਦੇ ਹਿਰਦੇ ਘਰ ਨੂੰ ਲੁਟ ਰਹੇ ਹਨ। ਖੋਟੀ ਮੱਤ ਵਾਲੇ ਸਾਕਤ ਲੋਕ ਲੁੱਟੇ ਜਾਂਦੇ ਹਨ, ਉਹ ਹਰੀ ਦੇ ਨਾਮ ਦਾ ਅਨੰਦ ਨਹੀਂ ਜਾਣਦੇ। ਜਿਨ੍ਹਾਂ ਮਨੁੱਖਾਂ ਨੇ ਭਰਮ ਵਿਚ ਪੈ ਕੇ ਨਾਮ ਰੂਪ ਅੰਮ੍ਰਿਤ ਲੁਟਾ ਲਿਆ ਹੈ, ਉਹ ਮਾਇਆ ਰੂਪ ਜਹਿਰ ਨਾਲ ਰਚੇ ਹੋਏ ਖੁਸ਼ ਰਹਿੰਦੇ ਹਨ। ਦੁਸ਼ਟਾਂ ਨਾਲ (ਉਨ੍ਹਾਂ ਦਾ) ਪਿਆਰ ਹੈ, (ਪਰ ਰੱਬ ਦੇ) ਸੇਵਕਾਂ ਨਾਲ ਝਗੜਾ ਕਰਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਸਾਕਤ ਲੋਕ ਜਮਾਂ ਦੇ ਬੱਧੇ ਹੋਏ ਨਰਕਾਂ ਵਿਚ ਦੁਖ ਸਹਿੰਦੇ ਹਨ। (ਉਹ ਪਿਛਲੇ ਜਨਮਾਂ ਦੇ) ਕੀਤੇ ਕਰਮਾਂ ਅਨੁਸਾਰ ਕੰਮ ਕਰਦੇ ਹਨ, (ਉਨ੍ਹਾਂ ਦੇ ਵਸ ਵਿਚ ਕੁਛ ਨਹੀਂ), ਜਿਵੇਂ ਪ੍ਰਭੂ ਉਨ੍ਹਾਂ ਨੂੰ ਰਖਦਾ ਹੈ, ਉਹ ਉਵੇਂ ਰਹਿੰਦੇ ਹਨ।੧।

ਪਦਾਰਥ = ਜਿਨੀ–ਜਿਨ੍ਹਾਂ ਨੇ। ਵਿਸਾਰਿਆ–ਭੁਲਾ ਦਿਤਾ ਹੈ। ਕੂੜੇ–ਝੂਠੇ। ਕਹਣ ਕਹੰਨ੍ਹਿ–ਬੋਲ ਬੋਲਦੇ ਹਨ। ਪੰਚ ਚੋਰ–ਪੰਜ ਕਾਮਾਦਿਕ ਚੋਰ। ਤਿਨਾ ਘਰੁ–ਉਨ੍ਹਾਂ ਦੇ ਹਿਰਦੇ ਘਰ ਨੂੰ। ਮੁਹਨ੍ਹਿ–ਲੁੱਟਦੇ ਹਨ। ਸੰਨ੍ਹਿ–(ਚੋਰੀ ਕਰਨ ਲਈ ਘਰ ਦਾ) ਪਾੜ। ਸਾਕਤ–ਰੱਬ ਤੋਂ ਟੁੱਟਿਆ ਮਨੁੱਖ। ਮੁਠੇ–ਲੁੱਟੇ ਜਾਂਦੇ ਹਨ। ਦੁਰਮਤੀ–ਖੋਟੀ ਮੱਤ ਵਾਲੇ। ਰਸੁ–ਅਨੰਦ। ਭਰਮਿ–ਭਰਮ ਵਿਚ ਪੈ ਕੇ। ਬਿਖੁ ਸਿਉ–ਜਹਿਰ (ਮਾਇਆ) ਨਾਲ। ਰਚਹਿ ਰਚੰਨ੍ਹਿ–ਰਚੇ ਹੋਏ ਖੁਸ਼ ਰਹਿੰਦੇ ਹਨ। ਸੇਤੀ–ਨਾਲ। ਪਿਰਹੜੀ–ਪਿਆਰ। ਜਨ–

ਸੇਵਕ। ਵਾਦੁ-ਝਗੜਾ। ਮਹਿ-ਵਿਚ। ਜਮਿ ਬਧੇ-ਜਮਾਂ ਦੇ ਬੰਨ੍ਹੇ ਹੋਏ। ਸਹੰਨਿ੍-ਸਹਿੰਦੇ ਹਨ। ਪਇਐ ਕਿਰਤਿ ਕਮਾਵਦੇ-ਪਿਛਲੇ ਜਨਮਾਂ ਦੇ ਕੀਤੇ ਕਰਮਾਂ ਅਨੁਸਾਰ ਕੰਮ ਕਰਦੇ ਹਨ। ਜਿਵ-ਜਿਵੇਂ। ਤਿਵੈ ਰਹੰਨਿ੍-ਉਵੇਂ ਰਹਿੰਦੇ ਹਨ।੧।

ਮਃ ੩ ॥ ਜਿਨੀ ਸਤਿਗੁਰੁ ਸੇਵਿਆ, ਤਾਣੁ ਨਿਤਾਣੇ ਤਿਸੁ ॥ ਸਾਸਿ ਗਿਰਾਸਿ ਸਦਾ ਮਨਿ ਵਸੈ, ਜਮੁ ਜੋਹਿ ਨ ਸਕੈ ਤਿਸੁ ॥ ਹਿਰਦੈ ਹਰਿ ਹਰਿ ਨਾਮ ਰਸੁ ,ਕਵਲਾ ਸੇਵਕਿ ਤਿਸੁ ॥ ਹਰਿ ਦਾਸਾ ਕਾ ਦਾਸੁ ਹੋਇ, ਪਰਮ ਪਦਾਰਥੁ ਤਿਸੁ ॥ ਨਾਨਕ ਮਨਿ ਤਨਿ ਜਿਸੁ ਪ੍ਰਭੁ ਵਸੈ, ਹਉ ਸਦ ਕੁਰਬਾਣੈ ਤਿਸੁ ॥ ਜਿਨ੍ ਕਉ ਪੂਰਬਿ ਲਿਖਿਆ, ਰਸੁ ਸੰਤ ਜਨਾ ਸਿਉ ਤਿਸੁ ॥੨॥ ਜਿਨ੍ਹਾਂ ਨੇ ਸਤਿਗੁਰੂ ਨੂੰ ਸੇਵਿਆ ਹੈ, ਉਸ ਨਿਰਬਲ ਮਨੁੱਖ ਨੂੰ ਆਤਮਕ ਬਲ ਮਿਲ ਜਾਂਦਾ ਹੈ। ਹਰੇਕ ਸਾਹ ਨਾਲ, ਭੋਜਨ ਦੀ ਹਰੇਕ ਬੁਰਕੀ ਨਾਲ ਸਦਾ (ਉਸ ਦੇ) ਮਨ ਵਿਚ ਹਰੀ ਵਸਦਾ ਹੈ, (ਜਿਸ ਕਰਕੇ) ਜਮ ਉਸ ਵੱਲ ਤੱਕ ਵੀ ਨਹੀਂ ਸਕਦਾ। (ਉਸ ਦੇ) ਹਿਰਦੇ ਵਿਚ ਹਰਿ ਹਰਿ ਨਾਮ ਦਾ ਰਸ ਹੈ, ਮਾਇਆ ਉਸ ਦੀ ਦਾਸੀ ਬਣ ਜਾਂਦੀ ਹੈ। (ਉਹ) ਹਰੀ ਦੇ ਦਾਸਾਂ ਦਾ ਦਾਸ ਹੋ ਜਾਂਦਾ ਹੈ ਅਤੇ ਉਸ ਨੂੰ ਮੋਖ ਰੂਪ ਸਭ ਤੋਂ ਵੱਡਾ ਪਦਾਰਥ ਮਿਲ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਦੇ ਮਨ ਵਿਚ ਤੇ ਸਰੀਰ ਵਿਚ ਪ੍ਰਭੂ ਵਸਦਾ ਹੈ, ਮੈਂ ਉਤ ਤੋਂ ਸਦਾ ਕੁਰਬਾਨ ਜਾਂਦਾ ਹਾਂ। ਜਿਸ ਮਨੁੱਖ ਦੇ ਭਾਗਾਂ ਵਿਚ ਪਹਿਲਾਂ ਤੋਂ (ਸੰਤਾਂ ਦੀ ਸੰਗਤ ਕਰਨ ਦਾ) ਲੇਖ ਲਿਖਿਆ ਹੋਇਆ ਹੈ, ਉਸ ਨੂੰ ਸੰਤ ਜਨਾਂ ਨਾਲ ਪ੍ਰੇਮ ਰਹਿੰਦਾ ਹੈ।੨।

ਪਉੜੀ ॥ ਜੋ ਬੋਲੇ ਪੂਰਾ ਸਤਿਗੁਰੂ ,ਸੋ ਪਰਮੇਸਰਿ ਸੁਣਿਆ ॥ ਸੋਈ ਵਰਤਿਆ ਜਗਤ ਮਹਿ, ਘਟਿ ਘਟਿ ਮੁਖਿ ਭਣਿਆ ॥ ਬਹੁਤੁ ਵਡਿਆਈਆ ਸਾਹਿਬੈ, ਨਹ ਜਾਹੀ ਗਣੀਆ ॥ ਸਚੁ ਸਹਜੁ ਅਨਦੁ ਸਤਿਗੁਰੂ ਪਾਸਿ, ਸਚੀ ਗੁਰ ਮਣੀਆ ॥ ਨਾਨਕ ਸੰਤ ਸਵਾਰੇ ਪਾਰਬ੍ਰਹਮਿ, ਸਚੇ ਜਿਉ ਬਣਿਆ ॥੧੨॥(ਹੇ ਭਾਈ!) ਪੂਰਾ ਸਤਿਗੁਰੂ ਜੋ ਬਚਨ ਬੋਲਦਾ ਹੈ, ਉਹ ਪ੍ਰਮੇਸਰ ਨੇ ਸੁਣਿਆ ਹੈ। ਉਹ ਹੀ (ਗੁਰੂ ਦਾ ਬੋਲਿਆ ਬਚਨ) ਜਗਤ ਵਿਚ ਵਰਤ ਗਿਆ ਅਤੇ ਲੋਕਾਂ ਦੇ ਹਿਰਦੇ ਵਿਚ ਵਸ ਗਿਆ ਹੈ ਅਤੇ (ਉਨ੍ਹਾਂ ਦੇ) ਮੂੰਹ ਰਾਹੀਂ ਉਚਾਰਨ ਹੋਇਆ ਹੈ। ਗੁਰੂ ਸਾਹਿਬ ਵਿਚ ਬਹੁਤ ਵਡਿਆਈਆਂ ਹਨ, ਜੋ ਗਿਣੀਆਂ ਨਹੀਂ ਜਾ ਸਕਦੀਆਂ। ਸਚ ਤੇ ਗਿਆਨ ਅਨੰਦ ਸਤਿਗੁਰੂ ਪਾਸ ਹੈ ਅਤੇ ਗੁਰੂ ਦੀ ਮਨੌਤ ਵੀ ਸੱਚੀ ਹੈ; ਗੁਰੂ ਦੀ ਸੱਚੀ ਬਾਣੀ ਕੀਮਤੀ ਰਤਨ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਨੇ ਅਪਣੇ ਸੰਤਾਂ ਦੇ ਜੀਵਨ ਸਵਾਰ ਦਿਤੇ ਹਨ, (ਜਿਸ ਕਰਕੇ ਉਨ੍ਹਾਂ ਦਾ ਜਸ) ਸੱਚੇ ਪ੍ਰਭੂ ਵਰਗਾ ਬਣਿਆ ਹੋਇਆ ਹੈ; (ਉਹ) ਸਚੇ ਪ੍ਰਭੂ ਵਰਗੇ ਬਣ ਗਏ ਹਨ।੧੨।

ਜਿਨ੍ਾ ਨ ਵਿਸਰੈ ਨਾਮ ਸੇ ਕਿਨੇਹਿਆ ॥ ਭੇਦੁ ਨ ਜਾਣਹ ਮੂਲਿ ਸਾਂਈ ਜੇਹਿਆ ॥ (੩੯੭)

ਪਦਾਰਥ = ਜਿਨੀ-ਜਿਨ੍ਹਾਂ ਨੇ। ਸੇਵਿਆ-ਸੇਵਾ ਭਗਤੀ ਕੀਤੀ। ਤਾਣੁ-ਬਲ। ਨਿਤਾਣੇ-ਨਿਰਬਲ (ਕਮਜ਼ੋਰ)। ਤਿਸੁ-ਉਸ ਨੂੰ। ਸਾਸਿ-ਹਰੇਕ ਸਾਹ ਨਾਲ। ਗਿਰਾਸਿ-ਭੋਜਨ ਦੀ ਹਰੇਕ ਬੁਰਕੀ ਨਾਲ। ਮਨਿ-ਮਨ ਵਿਚ। ਜੋਹਿ ਨ ਸਕੈ-ਤੱਕ ਨਹੀਂ ਸਕਦਾ। ਹਿਰਦੈ-ਹਿਰਦੇ ਵਿਚ। ਰਸੁ-ਅਨੰਦ; ਪ੍ਰੇਮ। ਕਵਲਾ-ਲੱਛਮੀ (ਮਾਇਆ)। ਸੇਵਕਿ-ਦਾਸੀ। ਪਰਮ ਪਦਾਰਥੁ-ਸਭ ਤੋਂ ਵੱਡਾ ਮੋਖ; ਗਿਆਨ ਪਦਾਰਥ। ਤਨਿ-ਸਰੀਰ। ਹਉ-ਮੈਂ। ਸਦ-ਸਦਾ। ਪੂਰਬਿ-ਪਹਿਲਾਂ ਤੋਂ। ਸਿਉ-ਨਾਲ।੨। ਪਉੜੀ। ਸੋ-ਉਹ। ਸੋਈ-ਉਹ ਹੀ। ਪਰਮੇਸਰਿ-ਪ੍ਰਮੇਸਰ ਨੇ। ਮਹਿ-ਵਿਚ। ਘਟਿ ਘਟਿ-ਹਰੇਕ ਦੇ ਹਿਰਦੇ ਵਿਚ। ਮੁਖਿ-ਮੂੰਹ ਰਾਹੀਂ। ਭਣਿਆ-ਉਚਾਰਿਆ। ਸਾਹਿਬੈ-ਗੁਰੂ ਸਾਹਿਬ ਵਿਚ। ਨਹ ਜਾਹੀ ਗਣੀਆ-ਗਿਣੀਆਂ ਨਹੀਂ ਜਾਂਦੀਆਂ। ਸਹਜੁ ਅਨਦੁ-ਗਿਆਨਾਨੰਦ; ਆਤਮਕ ਅਨੰਦ। ਮਣੀਆ-ਮਨੌਤ (ਵਡਿਆਈ); ਕੀਮਤੀ ਰਤਨ। ਸਵਾਰੇ-ਸਵਾਰ ਦਿਤੇ। ਸਚੇ ਜਿਉ-ਸਚੇ ਪ੍ਰਭੂ ਵਰਗੇ।੧੨।

ਸਲੋਕ ਮਃ ੩ ॥ ਅਪਣਾ ਆਪੁ ਨ ਪਛਾਣਈ, ਹਰਿ ਪ੍ਰਭੁ ਜਾਤਾ ਦੂਰਿ ॥ ਗੁਰ ਕੀ ਸੇਵਾ ਵਿਸਰੀ, ਕਿਉ ਮਨੁ ਰਹੈ ਹਜੂਰਿ ॥ ਮਨਮੁਖਿ ਜਨਮੁ ਗਵਾਇਆ, ਝੂਠੈ ਲਾਲਚਿ ਕੂਰਿ ॥ ਨਾਨਕ ਬਖਸਿ ਮਿਲਾਇਅਨੁ ,ਸਚੈ ਸਬਦਿ ਹਦੂਰਿ ॥੧॥ (ਹੇ ਭਾਈ!) ਮਨਮੁਖ ਅਪਣੇ ਅਪਣੇ ਆਪ ਨੂੰ ਨਹੀਂ ਪਛਾਣਦਾ, (ਉਹ) ਹਰੀ ਪ੍ਰਭੂ ਨੂੰ ਦੂਰ ਜਾਣਦਾ ਹੈ। (ਉਸ ਨੂੰ) ਗੁਰੂ ਦੀ ਸੇਵਾ ਕਰਨੀ ਭੁੱਲ ਗਈ ਹੈ, (ਉਸ ਦਾ) ਮਨ ਹਰੀ ਦੀ ਹਜੂਰੀ ਵਿਚ ਕਿਵੇਂ ਟਿਕਿਆ ਰਹਿ ਸਕਦਾ ਹੈ? ਝੂਠੇ ਲਾਲਚ ਵਿਚ ਤੇ ਝੂਠੇ ਪਦਾਰਥਾਂ ਵਿਚ ਲਗ ਕੇ ਮਨਮੁਖ ਨੇ ਅਪਣਾ ਮਨੁੱਖੀ ਜਨਮ ਬਿਰਥਾ ਗਵਾ ਲਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਪ੍ਰਭੂ ਨੇ ਗੁਰਮੁਖਾਂ ਨੂੰ ਬਖਸ਼ਿਸ਼ ਕਰਕੇ ਸੱਚੇ ਸ਼ਬਦ ਦੁਆਰਾ ਅਪਣੀ ਹਜੂਰੀ ਵਿਚ ਮਿਲਾ ਲਿਆ ਹੈ।੧।

ਮਃ ੩ ॥ ਹਰਿ ਪ੍ਰਭੁ ਸਚਾ ਸੋਹਿਲਾ, ਗੁਰਮੁਖਿ ਨਾਮੁ ਗੋਵਿੰਦੁ ॥ ਅਨਦਿਨੁ ਨਾਮੁ ਸਲਾਹਣਾ, ਹਰਿ ਜਪਿਆ ਮਨਿ ਆਨੰਦੁ ॥ ਵਡਭਾਗੀ ਹਰਿ ਪਾਇਆ, ਪੂਰਨੁ ਪਰਮਾਨੰਦੁ ॥ ਜਨ ਨਾਨਕ ਨਾਮੁ ਸਲਾਹਿਆ, ਬਹੁੜਿ ਨ ਮਨਿ ਤਨਿ ਭੰਗੁ ॥੨॥(ਹੇ ਭਾਈ!)

ਹਰੀ ਪ੍ਰਭੂ ਸਦਾ ਕਾਇਮ ਰਹਿਣ ਵਾਲਾ ਹੈ, (ਉਸ) ਗੋਵਿੰਦ ਦਾ ਜਸ ਤੇ ਨਾਮ ਗੁਰੂ ਦੀ ਸ਼ਰਣ ਪਿਆਂ ਮਿਲਦਾ ਹੈ।(ਜਿਸ ਮਨੁੱਖ ਨੇ) ਹਰ ਰੋਜ ਨਾਮ ਨੂੰ ਸਲਾਹਿਆ ਹੈ ਤੇ ਹਰੀ ਦਾ ਨਾਮ ਜਪਿਆ ਹੈ, (ਉਸ ਦੇ) ਮਨ ਵਿਚ ਅਨੰਦ ਪ੍ਰਾਪਤ ਹੋਇਆ ਹੈ।(ਉਸ) ਵੱਡੇ ਭਾਗਾਂ ਵਾਲੇ ਨੇ ਪਰਮ ਅਨੰਦ ਸਰੂਪ ਪੂਰਨ ਪ੍ਰਭੂ ਨੂੰ ਪਾ ਲਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਗੁਰਮੁਖ ਜਨਾਂ ਨੇ ਹਰੀ ਦੇ ਨਾਮ ਨੂੰ ਸਲਾਹਿਆ ਹੈ, ਉਨ੍ਹਾਂ ਦੇ ਮਨ ਵਿਚ ਤੇ ਸਰੀਰ ਵਿਚ ਮੁੜ ਕੇ ਬਿਘਨ ਨਹੀਂ ਪੈਂਦਾ।੨।

ਪਦਾਰਥ = ਅਪਣਾ ਆਪੁ-ਅਪਣੇ ਆਪ (ਅਪਣੇ ਅੰਦਰੂਨੀ ਜੀਵਨ) ਨੂੰ।ਜਾਤਾ-ਜਾਣਦਾ ਹੈ।ਵਿਸਰੀ-ਭੁੱਲ ਗਈ।ਕਿਉ ਰਹੈ-ਕਿਵੇਂ ਰਹਿ ਸਕਦਾ ਹੈ? ਹਜੂਰਿ-ਪ੍ਰਭੂ ਦੀ ਹਜੂਰੀ ਵਿਚ।ਝੂਠੈ ਲਾਲਚਿ-ਝੂਠੇ ਲਾਲਚ ਵਿਚ।ਕੂਰਿ-ਝੂਠੇ ਪਦਾਰਥਾਂ ਵਿਚ ਲਗ ਕੇ।ਬਖਸਿ-ਬਖਸ਼ਿਸ਼ ਕਰਕੇ।ਮਿਲਾਇਅਨੁ-ਮਿਲਾ ਲਏ ਉਸ ਪ੍ਰਭੂ ਨੇ।ਸਚੈ ਸਬਦਿ-ਸੱਚੇ ਸ਼ਬਦ ਰਾਹੀਂ।ਹਦੂਰਿ-ਅਪਣੀ ਹਜੂਰੀ ਵਿਚ।੧।ਸਚਾ-ਸਦਾ ਕਾਇਮ ਰਹਿਣ ਵਾਲਾ।ਸੋਹਿਲਾ-ਜਸ; ਕੀਰਤਨ।ਗੁਰਮੁਖਿ-ਗੁਰੂ ਦੀ ਸ਼ਰਣ ਵਿਚ ਪੈ ਕੇ।ਅਨ ਦਿਨੁ-ਹਰ ਰੋਜ।ਮਨਿ-ਮਨ ਵਿਚ।ਵਡਭਾਗੀ-ਵੱਡੇ ਭਾਗਾਂ ਵਾਲੇ ਨੇ।ਪਰਮਾਨੰਦੁ-ਸਭ ਤੋਂ ਵੱਡੇ ਅਨੰਦ ਦਾ ਮਾਲਕ।ਜਨ-ਸੇਵਕਾਂ ਨੇ।ਬਹੁੜਿ-ਮੁੜ ਕੇ।ਤਨਿ-ਸਰੀਰ ਵਿਚ।ਭੰਗੁ-ਬਿਘਨ।੨।

ਪਉੜੀ ॥ ਕੋਈ ਨਿੰਦਕੁ ਹੋਵੈ ਸਤਿਗੁਰੂ ਕਾ, ਫਿਰਿ ਸਰਣਿ ਗੁਰ ਆਵੈ ॥ ਪਿਛਲੇ ਗੁਨਹ ਸਤਿਗੁਰੁ ਬਖਸਿ ਲਏ, ਸਤਸੰਗਤਿ ਨਾਲਿ ਰਲਾਵੈ ॥ ਜਿਉ ਮੀਹਿ ਵੁਠੈ ਗਲੀਆ ਨਾਲਿਆ ਟੋਭਿਆ ਕਾ ਜਲੁ ,ਜਾਇ ਪਵੈ ਵਿਚਿ ਸੁਰਸਰੀ, ਸੁਰਸਰੀ ਮਿਲਤ ਪਵਿਤ੍ਰੁ ਪਾਵਨੁ ਹੋਇ ਜਾਵੈ ॥ (ਹੇ ਭਾਈ! ਜੇ ਪਹਿਲਾਂ) ਕੋਈ ਮਨੁੱਖ ਸਤਿਗੁਰੂ ਦਾ ਨਿੰਦਕ ਹੋਵੇ, (ਅਪਣੀ ਗਲਤੀ ਮੰਨ ਕੇ) ਮੁੜ ਗੁਰੂ ਦੀ ਸ਼ਰਣ ਵਿਚ ਆ ਜਾਵੇ।ਤਾਂ ਸਤਿਗੁਰੂ (ਉਸ ਦੇ) ਪਿਛਲੇ ਪਾਪ ਬਖਸ਼ ਦੇਂਦਾ ਹੈ ਅਤੇ (ਅੱਗੋਂ ਲਈ ਉਸ ਨਿੰਦਕ ਨੂੰ) ਸਤਸੰਗਤ ਨਾਲ ਰਲਾ ਲੈਂਦਾ ਹੈ।(ਪ੍ਰਮਾਣ ਦੇਂਦੇ ਹਨ ਕਿ) ਜਿਵੇਂ ਮੀਂਹ ਵਰਸਣ ਨਾਲ ਗਲੀਆਂ ਨਾਲਿਆਂ ਤੇ ਟੋਭਿਆਂ ਦਾ ਪਾਣੀ ਗੰਗਾ ਵਿਚ ਜਾ ਪੈਂਦਾ ਹੈ, (ਉਹ ਗੰਦਾ ਪਾਣੀ) ਗੰਗਾ ਦੇ ਪਾਣੀ ਵਿਚ ਵਿਚ ਮਿਲਦਿਆਂ ਹੀ ਪਵਿਤ੍ਰ ਤੋਂ ਪਵਿਤ੍ਰ ਹੋ ਜਾਂਦਾ ਹੈ।(ਗੁਰੂ ਦੀ ਸੰਗਤ ਵਿਚ ਆਇਆ ਪਾਪੀ ਮਨੁੱਖ ਵੀ ਪਵਿਤ੍ਰ ਜੀਵਨ ਵਾਲਾ ਗੁਰਮੁਖ ਬਣ ਜਾਂਦਾ ਹੈ)।

ਅੰਗ ੮੫੫ = ਏਹ ਵਡਿਆਈ ਸਤਿਗੁਰ ਨਿਰਵੈਰ ਵਿਚਿ, ਜਿਤੁ ਮਿਲਿਐ ਤਿਸਨਾ ਭੁਖ ਉਤਰੈ, ਹਰਿ ਸਾਂਤਿ ਤੜ ਆਵੈ ॥ ਨਾਨਕ ਏਹੁ ਅਚਰਜੁ ਦੇਖਹੁ ਮੇਰੇ ਹਰਿ ਸਚੇ ਸਾਹ ਕਾ, ਜਿ ਸਤਿਗੁਰੂ ਨੋ ਮੰਨੈ ਸੁ ਸਭਨਾਂ ਭਾਵੈ ॥੧੩॥੧॥ ਸੁਧੁ ॥ ਸਤਿਗੁਰੂ ਨਿਰਵੈਰ ਵਿਚ ਇਹ ਵਡਿਆਈ ਹੈ, ਜਿਸ ਨੂੰ ਮਿਲਣ ਨਾਲ (ਮਾਇਆ ਦੀ) ਤ੍ਰਿਸ਼ਨਾ ਤੇ (ਪਦਾਰਥਾਂ ਦੀ) ਭੁਖ ਉਤਰ ਜਾਂਦੀ ਹੈ ਅਤੇ (ਗੁਰੂ ਪਾਸੋਂ) ਹਰੀ ਦਾ ਗਿਆਨ ਪ੍ਰਾਪਤ ਕਰਕੇ (ਮਨ ਵਿਚ) ਤੁਰੰਤ ਸਾਂਤੀ ਆ ਜਾਂਦੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਹੇ ਭਾਈ!) ਮੇਰੇ ਸੱਚੇ ਪਾਤਸ਼ਾਹ ਹਰੀ ਦਾ ਅਸਚਰਜ ਕੌਤਕ ਦੇਖੋ, ਜਿਹੜਾ ਮਨੁੱਖ ਸਤਿਗੁਰੂ ਨੂੰ ਮੰਨਦਾ (ਪੂਜਦਾ) ਹੈ, ਉਹ ਸਾਰੇ ਲੋਕਾਂ ਨੂੰ ਚੰਗਾ ਲਗਦਾ ਹੈ।੧੩।੧।ਸੁਧੁ।

ਸੁਧੁ = ਅਸਲ ਨਾਲ ਮੇਲ ਕੇ ਇਸ ਵਾਰ ਦੀ ਚੰਗੀ ਤਰ੍ਹਾਂ ਸੁਧਾਈ ਕਰ ਦਿਤੀ ਗਈ ਹੈ, ਕੋਈ ਭੁੱਲ ਨਹੀਂ ਰਹੀ (ਸ਼ਬਦਾਰਥ)।

ਪਦਾਰਥ = ਨਿੰਦਕੁ-ਨਿੰਦਿਆ ਕਰਨ ਵਾਲਾ ਮਨੁੱਖ।ਫਿਰਿ-ਮੁੜ ਕੇ।ਗੁਨਹ-ਗੁਨਾਹ (ਪਾਪ)।ਰਲਾਵੈ-ਮਿਲਾ ਲੈਂਦਾ ਹੈ।ਮੀਹਿ ਵੁਠੈ-ਮੀਂਹ ਦੇ ਵਰਸਣ ਨਾਲ।ਟੋਭਿਆ ਕਾ-ਛੱਪੜਾਂ ਦਾ।ਜਾਇ ਪਵੈ-ਜਾ ਪੈਂਦਾ ਹੈ।ਸੁਰਸਰੀ-ਗੰਗਾ।ਪਾਵਨੁ-ਪਵਿਤ੍ਰ।ਜਿਤੁ ਮਿਲਿਐ-ਜਿਸ ਦੇ ਮਿਲਣ ਨਾਲ।ਸਾਂਤਿ-ਸ਼ਾਂਤੀ।ਤੜ-ਤੁਰੰਤ।ਅਚਰਜੁ-ਹੈਰਾਨ ਕਰਨ ਵਾਲਾ ਕੌਤਕ।ਹਰਿ ਸਚੇ ਸਾਹ ਕਾ-ਸੱਚੇ ਪਾਤਸ਼ਾਹ ਹਰੀ ਦਾ।ਜਿ-ਜਿਹੜਾ।ਨੋ-ਨੂੰ।ਮੰਨੈ-ਮੰਨਦਾ (ਪੂਜਦਾ) ਹੈ।ਸੁ-ਉਹ।ਭਾਵੈ-ਚੰਗਾ ਲਗਦਾ ਹੈ।੧੩।੧।ਸੁਧੁ।

ਬਿਲਾਵਲੁ ਬਾਣੀ ਭਗਤਾ ਕੀ ॥ ਕਬੀਰ ਜੀਉ ਕੀ ੴ ਸਤਿ ਨਾਮੁ ਕਰਤਾ ਪੁਰਖੁ ਗੁਰ ਪ੍ਰਸਾਦਿ ॥

ਐਸੋ ਇਹੁ ਸੰਸਾਰੁ ਪੇਖਨਾ, ਰਹਨੁ ਨ ਕੋਊ ਪਈ ਹੈ ਰੇ ॥ ਸੂਧੇ ਸੂਧੇ ਰੇਗਿ ਚਲਹੁ ਤੁਮ, ਨਤਰ ਕੁਧਕਾ ਦਿਵਈ ਹੈ ਰੇ ॥੧॥ ਰਹਾਉ॥ ਬਾਰੇ ਬੂਢੇ ਤਰੁਨੇ ਭਾਈਆ, ਸਭ ਹੂ ਜਮੁ ਲੈ ਜਈ ਹੈ ਰੇ ॥ ਮਾਨਸੁ ਬਪੁਰਾ ਮੂਸਾ ਕੀਨੋ, ਮੀਚੁ ਬਿਲਈਆ ਖਈ ਹੈ ਰੇ ॥੧॥ ਧਨਵੰਤਾ ਅਰੁ ਨਿਰਧਨ ਮਨਈ, ਤਾ ਕੀ ਕਛੂ ਨ ਕਾਨੀ ਰੇ ॥ ਰਾਜਾ ਪਰਜਾ ਸਮ ਕਰਿ ਮਾਰੈ, ਐਸੋ ਕਾਲੁ ਬਡਾਨੀ ਰੇ ॥੨॥ ਹਰਿ ਕੇ ਸੇਵਕ ਜੋ ਹਰਿ ਭਾਏ, ਤਿਨ੍ ਕੀ ਕਥਾ ਨਿਰਾਰੀ ਰੇ ॥ ਅਵਹਿ ਨ ਜਾਹਿ ਨ ਕਬਹੂ ਮਰਤੇ, ਪਾਰਬ੍ਰਹਮ ਸੰਗਾਰੀ ਰੇ ॥੩॥ ਪੁਤ੍ਰ ਕਲਤ੍ਰ ਲਛਿਮੀ ਮਾਇਆ, ਇਹੈ ਤਜਹੁ ਜੀਅ ਜਾਨੀ ਰੇ ॥ ਕਹਤ ਕਬੀਰੁ ਸੁਨਹੁ ਰੇ ਸੰਤਹੁ ,ਮਿਲਿ ਹੈ ਸਾਰਿਗ ਪਾਨੀ ਰੇ ॥੪॥੧॥ ਹੇ ਭਾਈ! ਇਹ ਸੰਸਾਰ ਐਸਾ ਖੇਲ ਹੈ, (ਇਸ ਵਿਚ) ਕੋਈ ਵੀ ਜੀਵ (ਸਦਾ ਵਾਸਤੇ) ਨਹੀਂ ਰਹਿ ਪਾਵੇਗਾ

ਭਾਵ ਸਭ ਆਪੋ ਅਪਣੀ ਵਾਰੀ ਚਲੇ ਜਾਣਗੇ {ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ੧੪੨੭}। ਤੁਸੀਂ ਸਿੱਧੇ ਸਿੱਧੇ (ਗੁਰੂ ਦੇ ਦੱਸੇ) ਰਸਤੇ ਤੇ ਚੱਲੋ, ਨਹੀਂ ਤਾਂ (ਜਮ ਤੁਹਾਨੂੰ) ਬੁਰਾ ਧੱਕਾ ਦੇਵੇਗਾ।੧। ਹੇ ਭਾਈ! ਚਾਹੇ ਕੋਈ ਬੱਚਾ ਹੋਵੇ, ਬੁੱਢਾ ਹੋਵੇ, ਜਵਾਨ ਹੋਵੇ, (ਸੰਸਾਰ ਵਿਚੋਂ) ਸਾਰੇ ਜੀਵਾਂ ਨੂੰ ਜਮ ਲੈ ਜਾਵੇਗਾ। ਹੇ ਭਾਈ! ਮਨੁੱਖ ਵਿਚਾਰਾ ਚੂਹਾ ਕੀਤਾ (ਬਣਾਇਆ) ਗਿਆ ਹੈ ਅਤੇ (ਇਸ ਨੂੰ) ਮੌਤ ਰੂਪ ਬਿੱਲੀ ਖਾ ਜਾਂਦੀ ਹੈ।੧। ਹੇ ਭਾਈ! ਧਨ ਦੌਲਤ ਵਾਲੇ ਤੇ ਧਨ ਤੋਂ ਹੀਣੇ ਮਨੁੱਖ ਜੋ ਹਨ, (ਮੌਤ ਨੂੰ) ਉਨ੍ਹਾਂ ਦੀ ਕੁਛ ਕਾਣ ਕਨੌਂਡ ਨਹੀਂ ਹੈ। ਹੇ ਭਾਈ! ਕਾਲ ਇਹੋ ਜਿਹਾ ਵੱਡਾ ਬਲਵਾਨ ਹੈ, ਜੋ ਰਾਜਾ ਤੇ ਪਰਜਾ ਸਭ ਨੂੰ ਇਕ ਸਮਾਨ ਮਾਰਦਾ ਹੈ।੨। (ਪਰ) ਹੇ ਭਾਈ! ਹਰੀ ਦੇ ਸੇਵਕ ਜੋ ਹਰੀ ਨੂੰ ਚਗੇ ਲੱਗੇ ਹਨ, ਉਨ੍ਹਾਂ ਦੀ ਗੱਲ ਬਾਤ (ਹੋਰਨਾਂ ਮਨੁੱਖਾਂ ਨਾਲੋਂ) ਵੱਖਰੀ ਹੈ। ਉਹ (ਸੰਸਾਰ ਵਿਚ) ਆਉਂਦੇ ਜਾਂਦੇ ਨਹੀਂ ਅਤੇ ਨਾ ਹੀ (ਬਾਰ ਬਾਰ) ਮਰਦੇ ਹਨ, (ਕਿਉਂਕਿ ਉਹ) ਪਾਰਬ੍ਰਹਮ ਦੇ ਸੰਗੀ ਬਣ ਗਏ ਹਨ (ਪ੍ਰਮਾਤਮਾ ਨਾਲ ਮਿਲ ਗਏ ਹਨ)।੩। ਹੇ ਪਿਆਰੇ ਜੀਵ! ਪੁਤ੍ਰ ਇਸਤ੍ਰੀ ਲੱਛਮੀ ਆਦਿ ਜੋ ਮਾਇਆ ਹੈ, ਇਹ (ਦੁਖਦਾਈ ਸਮਝ ਕੇ) ਛਡ ਦੇਹ। ਕਬੀਰ ਜੀ ਕਹਿੰਦੇ ਹਨ ਕਿ ਹੇ ਸੰਤ ਜਨੋਂ! (ਧਨ ਦੌਲਤ ਤੇ ਪ੍ਰਵਾਰ ਦਾ ਮੋਹ ਛਡਣ ਨਾਲ ਤੁਹਾਨੂੰ) ਪ੍ਰਮਾਤਮਾ ਮਿਲ ਪਵੇਗਾ।੪।੧।

ਪਦਾਰਥ =ਐਸੋ–ਇਹੋ ਜਿਹਾ। ਪੇਖਨਾ–ਖੇਲ; ਤਮਾਸ਼ਾ; ਦੇਖਣ ਵਿਚ ਆਉਂਦਾ ਹੈ। ਰਹਨੁ ਨ ਪਈ–ਰਹਿ ਨਹੀਂ ਪਾਵੇਗਾ; ਠਹਿਰ ਨਹੀਂ ਸਕਦਾ। ਰੇ–ਹੇ ਭਾਈ!। ਸੂਧੇ–ਸਿੱਧੇ। ਰੇਗਿ ਚਲੋ–ਰਸਤੇ ਉਤੇ ਚੱਲੋ। ਤੁਮ–ਤੁਸੀਂ। ਨਤਰ–ਨਹੀਂ ਤਾਂ। ਕੁਧਕਾ (ਕੁਧੱਕਾ ਪੜ੍ਹੋ) ਬੜਾ ਬੁਰਾ ਧੱਕਾ। ਦਿਵਈ ਹੈ–ਦੇਵੇਗਾ।੧। ਰਹਾਉ। ਬਾਰੇ–ਬੱਚਾ। ਬੂਢੇ–ਬਿਰਧ। ਤਰੁਨੇ–ਜਵਾਨ। ਭਈਆ–ਹੇ ਭਾਈ!। ਸਭ ਹੂ–ਸਾਰੇ ਜੀਵਾਂ ਨੂੰ। ਲੈ ਜਈ ਹੈ–ਲੈ ਜਾਵੇਗਾ। ਮਾਨਸੁ ਬਪੁਰਾ–ਮਨੁੱਖ ਵਿਚਾਰਾ (ਲਾਚਾਰ)। ਮੂਸਾ ਕੀਨੋ–ਚੂਹਾ ਕੀਤਾ (ਬਣਾਇਆ) ਹੈ। ਮੀਚੁ–ਮੌਤ। ਬਿਲਈਆ–ਬਿੱਲੀ। ਖਈ ਹੈ। ਖਾ ਜਾਂਦੀ ਹੈ।੧। ਧਨਵੰਤਾ–ਅਨਾਢ ਮਨੁੱਖ। ਅਰੁ–ਅਤੇ। ਨਿਰ ਧਨ–ਧਨ ਹੀਣ (ਗਰੀਬ)। ਮਨਈ (ਪੂਰਬ ਦੇਸ਼ ਦੀ ਬੋਲੀ)–ਮਨੁੱਖ। ਤਾ ਕੀ–ਉਨ੍ਹਾਂ ਦੀ। ਕਾਨੀ–ਕਾਣ; ਪ੍ਰਵਾਹ; ਲਿਹਾਜ। ਸਮ ਕਰਿ–ਇਕ ਸਮਾਨ (ਬਰਾਬਰ)। ਕਾਲੁ–ਮੌਤ। ਬਡਾਨੀ–ਵੱਡਾ ਬਲਵਾਨ।੨। ਭਾਏ–ਚੰਗੇ ਲੱਗੇ ਹਨ। ਤਿਨ੍ ਕੀ–ਉਨ੍ਹਾਂ ਦੀ। ਕਥਾ–ਗੱਲ ਬਾਤ। ਨਿਰਾਰੀ–ਵੱਖਰੀ; ਅਜੀਬ। ਆਵਹਿ ਨ ਜਾਹਿ–(ਸੰਸਾਰ ਵਿਚ) ਆਉਂਦੇ ਜਾਂਦੇ ਨਹੀਂ। ਕਬਹੂ–ਕਦੇ ਵੀ। ਸੰਗਾਰੀ–ਸੰਗੀ।੩। ਕਲਤ੍ਰ–ਇਸਤ੍ਰੀ। ਲਛਿਮੀ ਮਾਇਆ–ਧਨ ਸੰਪਦਾ। ਜੀਅ ਜਾਨੀ ਰੇ–ਹੇ ਪਿਆਰੇ ਜੀਵ; ਦਿਲ ਵਿਚ (ਛਲ ਰੂਪ) ਜਾਣ ਕੇ। ਕਹਤ–ਕਹਿੰਦੇ ਹਨ। ਰੇ ਸੰਤਹੁ–ਹੇ ਸੰਤ ਜਨੋਂ!। ਸਾਰਿਗਪਾਨੀ–ਪ੍ਰਿਥਵੀ ਹੈ ਜਿਸ ਦੇ ਹੱਥ ਵਿਚ; ਪ੍ਰਿਥਵੀ ਦੇ ਜੀਵਾਂ ਦੀ ਰੋਜ਼ੀ ਹੈ ਜਿਸ ਪ੍ਰਮਾਤਮਾ ਦੇ ਹੱਥ ਵਿਚ।੪।੧।

ਬਿਲਾਵਲੁ ॥ ਬਿਦਿਆ ਨ ਪਰਉ ,ਬਾਦੁ ਨਹੀ ਜਾਨਉ ॥ ਹਰਿ ਗੁਨ ਕਥਤ, ਸੁਨਤ ਬਉਰਾਨੋ ॥੧॥ ਮੇਰੇ ਬਾਬਾ ਮੈ ਬਉਰਾ, ਸਭ ਖਲਕ ਸੈਆਨੀ, ਮੈ ਬਉਰਾ ॥ ਮੈ ਬਿਗਰਿਓ, ਬਿਗਰੈ ਮਤਿ ਅਉਰਾ ॥੧॥ਰਹਾਉ॥ ਆਪਿ ਨ ਬਉਰਾ, ਰਾਮ ਕੀਓ ਬਉਰਾ ॥ ਸਤਿਗੁਰੁ ਜਾਰਿ ਗਇਓ ਭ੍ਰਮੁ ਮੋਰਾ ॥੨॥ ਮੈ ਬਿਗਰੇ, ਅਪਨੀ ਮਤਿ ਖੋਈ ॥ ਮੇਰੇ ਭਰਮਿ ਭੁਲਉ ਮਤਿ ਕੋਈ ॥੩॥ ਸੋ ਬਉਰਾ, ਜੋ ਆਪੁ ਨ ਪਛਾਨੈ ॥ ਆਪੁ ਪਛਾਨੈ, ਤ ਏਕੈ ਜਾਨੈ ॥੪॥ ਅਬਹਿ ਨ ਮਾਤਾ, ਸੁ ਕਬਹੁ ਨ ਮਾਤਾ ॥ ਕਹਿ ਕਬੀਰ ਰਾਮੈ ਰੰਗਿ ਰਾਤਾ ॥੫॥੨॥ (ਹੇ ਪੰਡਤ ਜੀ!) ਮੈਂ ਵਿਦਿਆ ਨਹੀਂ ਪੜ੍ਹਦਾ ਅਤੇ ਨਾ ਹੀ (ਕਿਸੇ ਨਾਲ) ਵਾਦ ਵਿਵਾਦ ਕਰਨਾ ਜਾਣਦਾ ਹਾਂ। ਮੈਂ ਹਰੀ ਦੇ ਗੁਣ ਉਚਾਰਨ ਕਰਦਿਆਂ ਅਤੇ ਸੁਣਦਿਆਂ ਬਉਰਾ ਹੋਇਆ ਹਾਂ।੧। ਹੇ ਮੇਰੇ ਭਾਈ! (ਤੁਹਾਡੀ ਨਜਰਾਂ ਵਿਚ) ਮੈਂ ਬਉਰਾ ਹਾਂ ਤੇ ਸਾਰੀ ਦੁਨੀਆਂ ਸਿਆਣੀ ਹੈ, ਹਾਂ ਮੈਂ ਬਉਰਾ ਹਾਂ। (ਤੁਹਾਡੀ ਨਜਰਾਂ ਵਿਚ) ਮੈਂ ਬਿਗੜ ਗਿਆ ਹਾਂ, (ਪਰ ਦੇਖਿਓ ਕਿਤੇ ਮੇਰੇ ਪਿੱਛੇ ਲਗ ਕੇ) ਕੋਈ ਹੋਰ ਨ ਬਿਗੜ ਜਾਵੇ (ਲੋਕ ਸੰਸਾਰੀ ਮਨੁੱਖਾਂ ਨੂੰ ਸਿਆਣਾ ਤੇ ਭਗਤੀ ਕਰਨ ਵਾਲਿਆਂ ਨੂੰ ਝੱਲਾ ਸਮਝਦੇ ਹਨ)।੧। ਰਹਾਉ। ਮੈਂ ਅਪਣੇ ਆਪ ਬਉਰਾ ਨਹੀਂ ਹੋਇਆ, (ਮੈਨੂੰ ਗੁਣ ਗਾਉਣ ਵਾਸਤੇ) ਰਾਮ ਨੇ ਬਉਰਾ ਕੀਤਾ ਹੈ। ਸਤਿਗੁਰੂ ਵੱਲੋਂ ਮੇਰਾ ਭਰਮ ਜਲਾ ਦਿਤਾ ਗਿਆ ਹੈ।੨। ਮੈਂ ਬਿਗੜੇ ਹੋਏ ਨੇ ਅਪਣੀ (ਹੰਕਾਰ; ਸੰਸਾਰ ਵਾਲੀ) ਅਕਲ ਗਵਾ ਲਈ ਹੈ। ਮੇਰੇ ਵਾਂਗ ਹੋਰ ਕੋਈ ਮਨੁੱਖ ਭਰਮ ਵਿਚ ਪੈ ਕੇ ਨਾ ਭੁੱਲੋ।੩। (ਪ੍ਰਭੂ ਦੀ ਭਗਤੀ ਕਰਨ ਵਾਲਾ ਮਨੁੱਖ ਬਉਰਾ ਨਹੀਂ ਹੈ, ਅਸਲ ਵਿਚ) ਉਹ ਮਨੁੱਖ ਬਉਰਾ ਹੈ, ਜੋ ਅਪਣੇ ਆਪ (ਆਤਮਾ) ਨੂੰ ਨਹੀਂ ਪਛਾਣਦਾ। (ਜੋ ਮਨੁੱਖ) ਅਪਣੇ ਆਪ ਨੂੰ ਪਛਾਣ ਲੈਂਦਾ ਹੈ, ਤਾਂ (ਉਹ) ਇਕ ਪ੍ਰਭੂ ਨੂੰ ਵੀ ਜਾਣ ਲੈਂਦਾ ਹੈ (ਉਸ ਨੂੰ ਪ੍ਰਭੂ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ)।੪। ਹੁਣ (ਇਸ ਜਨਮ ਵਿਚ ਜਿਹੜਾ ਮਨੁੱਖ ਪ੍ਰਭੂ ਦੇ) ਪ੍ਰੇਮ ਰੰਗ ਵਿਚ ਮਸਤ ਨਹੀਂ ਹੋਇਆ, ਉਹ ਕਦੇ (ਕਿਸੇ ਜਨਮ

ਵਿਚ ਵੀ ਪ੍ਰਭੂ ਦੇ ਪਿਆਰ ਵਿਚ) ਮਸਤ ਨਹੀਂ ਹੋ ਸਕਦਾ (ਉਹ ਅਪਣਾ ਮਨੁੱਖਾ ਜੀਵਨ ਬਿਅਰਥ ਗਵਾ ਲੈਂਦਾ ਹੈ)।ਕਬੀਰ ਜੀ ਕਹਿੰਦੇ ਹਨ ਕਿ ਮੈਂ ਪ੍ਰਮਾਤਮਾ ਦੇ ਪ੍ਰੇਮ ਰੰਗ ਵਿਚ ਰੰਗਿਆ ਹੋਇਆ ਹਾਂ।੫।੨।

ਪਦਾਰਥ = ਨ ਪਰਉ–ਮੈਂ ਨਹੀਂ ਪੜ੍ਹਦਾ।ਬਾਦੁ–ਵਾਦ ਵਿਵਾਦ (ਬਹਿਸ)।ਨਹੀ ਜਾਨਉ–ਮੈਂ ਨਹੀਂ ਜਾਣਦਾ।ਕਥਤ–ਉਚਾਰਨ ਕਰਦਿਆਂ।ਸੁਨਤ–ਸੁਣਦਿਆਂ।ਬਉਰਾਨੋ–ਮਸਤਾਨਾ; ਝੱਲਾ; ਪਾਗਲ।੧।ਬਾਬਾ–ਹੇ ਭਾਈ!।ਬਉਰਾ–ਮਸਤਾਨਾ; ਝੱਲਾ। ਖਲਕ–ਦੁਨੀਆਂ।ਸੈਆਨੀ–ਸਿਆਣੀ।ਬਿਗਰਿਓ–ਬਿਗੜ ਗਿਆ ਹਾਂ।ਮਤਿ–ਮਤਾਂ (ਨਾਂਹ ਵਾਚਕ)।ਅਉਰਾ–ਹੋਰ ਕੋਈ।੧। ਰਹਾਉ।ਰਾਮ ਕੀਓ–ਪ੍ਰਭੂ ਨੇ ਕੀਤਾ ਹੈ।ਜਾਰਿ ਗਇਓ–ਜਲਾ ਦਿਤਾ ਗਿਆ ਹੈ।ਭ੍ਰਮੁ ਮੋਰਾ–ਮੇਰਾ ਭਰਮ।੨।ਮਤਿ–ਅਕਲ। ਖੋਈ–ਗਵਾਈ ਹੈ।ਭਰਮਿ–ਭਰਮ ਵਿਚ ਪੈ ਕੇ।ਭੂਲਉ ਮਤਿ–ਨਾ ਭੁੱਲੋ।੩।ਸੋ–ਉਹ।ਆਪੁ–ਅਪਣੇ ਆਪ (ਆਤਮਾ) ਨੂੰ।ਤ–ਤਾਂ।ਏਕੈ–ਇਕ ਪ੍ਰਭੂ ਨੂੰ।੪।ਅਬਹਿ–ਹੁਣ (ਇਸੇ ਮਨੁੱਖਾ ਜਨਮ ਵਿਚ)।ਮਾਤਾ–ਮਸਤ; ਮਤਵਾਲਾ।ਸੁ–ਉਹ।ਕਬਹੁ–ਕਦੇ ਵੀ।ਰਾਮੈ ਰੰਗਿ–ਪ੍ਰਮਾਤਮਾ ਦੇ ਰੰਗ ਵਿਚ।ਰਾਤਾ–ਰੰਗਿਆ ਹੋਇਆ।੫।੨।

ਬਿਲਾਵਲੁ ॥ ਗ੍ਰਿਹੁ ਤਜਿ ਬਨ ਖੰਡ ਜਾਈਐ, ਚੁਨਿ ਖਾਈਐ ਕੰਦਾ ॥ ਅਜਹੁ ਬਿਕਾਰ ਨ ਛੋਡਈ, ਪਾਪੀ ਮਨੁ ਮੰਦਾ ॥੧॥ ਕਿਉ ਛੂਟਉ ਕੈਸੇ ਤਰਉ ,ਭਵ ਜਲਨਿਧਿ ਭਾਰੀ ॥ ਰਾਖੁ ਰਾਖੁ ਮੇਰੇ ਬੀਠੁਲਾ, ਜਨੁ ਸਰਨਿ ਤੁਮ੍ਾਰੀ ॥੧॥ਰਹਾਉ॥ ਬਿਖੈ ਬਿਖੈ ਕੀ ਬਾਸਨਾ, ਤਜੀਅ ਨਹ ਜਾਈ ॥ ਅਨਿਕ ਜਤਨ ਕਰਿ ਰਾਖੀਐ, ਫਿਰਿ ਫਿਰਿ ਲਪਟਾਈ ॥੨॥ ਜਰਾ ਜੀਵਨ ਜੋਬਨੁ ਗਇਆ, ਕਿਛੁ ਕੀਆ ਨ ਨੀਕਾ ॥ (ਹੇ ਭਾਈ! ਜੇ) ਘਰ ਨੂੰ ਛਡ ਕੇ ਬਾਹਰ ਜੰਗਲ ਦੇ ਕਿਸੇ ਹਿੱਸੇ ਵਿਚ (ਭਗਤੀ ਕਰਨ) ਚਲੇ ਜਾਈਏ ਅਤੇ ਫਲ ਆਦਿਕ ਚੁਣ ਕੇ ਖਾਈਏ।(ਪਰ) ਭੈੜਾ ਪਾਪੀ ਮਨ ਅਜੇ ਵੀ ਬਿਕਾਰ ਨਹੀਂ ਛਡਦਾ।੧।(ਹੇ ਪ੍ਰਭੂ! ਇਨ੍ਹਾਂ ਵਿਕਾਰਾਂ ਤੋਂ) ਮੈਂ ਕਿਵੇਂ ਛੁਟ ਸਕਾਂਗਾ, ਇਹ ਸੰਸਾਰ ਬੜਾ ਵੱਡਾ ਸਮੁੰਦਰ ਹੈ, ਮੈਂ (ਇਸ ਨੂੰ) ਕਿਸ ਤਰ੍ਹਾਂ ਤਰ ਸਕਾਂਗਾ? ਹੇ ਮੇਰੇ ਪਿਆਰੇ ਪ੍ਰਭੂ! (ਇਨ੍ਹਾਂ ਬਿਕਾਰਾਂ ਤੋਂ ਮੈਨੂੰ) ਬਚਾ ਲੈ, (ਮੈਨੂੰ ਅਪਣੇ ਚਰਨਾਂ ਵਿਚ) ਰੱਖ, ਮੈਂ ਦਾਸ ਤੇਰੀ ਸ਼ਰਨ ਵਿਚ ਆਇਆ ਹਾਂ।੧। ਰਹਾਉ।(ਹੇ ਪ੍ਰਭੂ!) ਤਰ੍ਹਾਂ ਤਰ੍ਹਾਂ ਦੇ ਵਿਸ਼ਿਆਂ ਦੀ ਜੋ ਵਾਸ਼ਨਾ ਹੈ, (ਉਹ ਅਪਣੇ ਆਪ) ਛੱਡੀ ਨਹੀਂ ਜਾਂਦੀ।ਅਨੇਕਾਂ ਜਤਨ ਕਰ ਕੇ (ਮਨ ਨੂੰ ਵਿਸ਼ਿਆਂ ਵੱਲੋਂ) ਰੋਕ ਕੇ ਰੱਖੀਦਾ ਹੈ, (ਪਰ ਮਨ) ਮੁੜ ਮੁੜ ਕੇ (ਵਿਸ਼ਿਆਂ ਵਿਚ ਜਾ) ਚਿੰਬੜਦਾ ਹੈ।੨।ਜੀਵਨ ਦੀ ਜਵਾਨੀ ਬੀਤ ਗਈ, ਬੁੱਢੇਪਾ ਆ ਗਿਆ ਹੈ, (ਪਰ ਸਾਰੇ ਜੀਵਨ ਵਿਚ) ਕੁਛ ਚੰਗਾ ਕੰਮ ਨਹੀਂ ਕੀਤਾ।

ਅੰਗ ੮੫੬ = ਇਹੁ ਜੀਅਰਾ ਨਿਰਮੋਲਕੋ, ਕਉਡੀ ਲਗਿ ਮੀਕਾ ॥੩॥ ਕਹੁ ਕਬੀਰ ਮੇਰੇ ਮਾਧਵਾ, ਤੂ ਸਰਬ ਬਿਆਪੀ ॥ ਤੁਮ ਸਰਸਰਿ ਨਾਹੀ ਦਇਆਲੁ ,ਮੋਹਿ ਸਮਸਰਿ ਪਾਪੀ ॥੪॥੩॥ ਇਹ ਜੀਵਨ ਅਮੋਲਕ ਸੀ, ਮਾਇਆ ਦੇ ਮੋਹ ਵਿਚ ਲਗ ਕੇ ਕਉਡੀ ਦੇ ਬਰਾਬਰ ਦਾ ਰਹਿ ਗਿਆ ਹੈ; ਇਕ ਕਉਡੀ ਦਾ ਹੋ ਗਿਆ ਹੈ ਭਾਵ ਨਿਸਫਲ ਬੀਤ ਗਿਆ।੩।ਕਬੀਰ ਜੀ (ਬੇਨਤੀ ਕਰਦੇ) ਕਹਿੰਦੇ ਹਨ ਕਿ ਹੇ ਪ੍ਰਭੂ! ਤੂੰ ਸਭ ਜਗ੍ਹਾ ਵਿਆਪਕ ਹੈਂ।ਤੇਰੇ ਵਰਗਾ ਕੋਈ ਦਇਆ ਕਰਨ ਵਾਲਾ ਨਹੀਂ ਅਤੇ ਮੇਰੇ ਵਰਗਾ ਕੋਈ ਪਾਪੀ ਨਹੀਂ (ਕ੍ਰਿਪਾ ਕਰਕੇ ਮੈਨੂੰ ਪਾਪੀ ਨੂੰ ਬਖਸ ਲੈ)।੪।੩।

ਪਦਾਰਥ = ਗ੍ਰਿਹੁ–ਘਰ।ਤਜਿ–ਛਡ ਕੇ।ਬਨ ਖੰਡ–ਜੰਗਲ ਦੇ ਹਿੱਸੇ ਵਿਚ।ਚੁਨਿ–ਚੁਣ ਕੇ।ਕੰਦਾ–ਜਮੀਨ ਦੇ ਅੰਦਰ ਉਗਣ ਵਾਲੇ ਫਲ ਗਾਜਰ, ਸ਼ਕਰਕੰਦੀ ਆਦਿ।ਅਜਹੁ–ਅਜੇ ਵੀ; ਫਿਰ ਵੀ।ਮੰਦਾ–ਭੈੜਾ।੧।ਕਿਉ ਛੂਟਉ–ਕਿਵੇਂ ਛੁਟ (ਬਚ) ਸਕਾਂਗਾ ।ਕੈਸੇ ਤਰਉ–ਕਿਸ ਤਰ੍ਹਾਂ ਤਰ ਸਕਾਂਗਾ।ਭਵ–ਸੰਸਾਰ।ਜਲਨਿਧਿ–ਪਾਣੀ ਦਾ ਭੰਡਾਰ ਸਮੁੰਦਰ।ਭਾਰੀ–ਬਹੁਤ ਵੱਡਾ।ਰਾਖੁ ਰਾਖੁ –ਰੱਖਿਆ ਕਰ, ਬਚਾ ਲੈ।ਬੀਠੁਲਾ–ਹੇ ਪ੍ਰਭੂ!।ਜਨੁ–ਦਾਸ।ਸਰਨਿ ਤੁਮ੍ਾਰੀ–ਤੇਰੀ ਸ਼ਰਨ ਵਿਚ ਹਾਂ।੧।ਰਹਾਉ।ਬਿਖੈ ਬਿਖੈ ਕੀ–ਕਈ ਤਰ੍ਹਾਂ ਦੇ ਵਿਸ਼ਿਆਂ ਦੀ।ਵਾਸਨਾ–ਇੱਛਾ; ਚਾਹ।ਤਜੀਅ ਨਹ ਜਾਈ–ਛੱਡੀ ਨਹੀਂ ਜਾਂਦੀ।ਰਾਖੀਐ–ਰੋਕ ਰਖੀਦਾ ਹੈ ।ਫਿਰਿ ਫਿਰਿ–ਮੁੜ ਮੁੜ।ਲਪਟਾਈ–ਚਿੰਬੜਦਾ ਹੈ।੨।ਜਰਾ–ਬੁੱਢੇਪਾ।ਜੀਵਨ ਜੋਬਨੁ–ਜੀਵਨ ਦੀ ਜਵਾਨੀ।ਕੀਆ ਨ–ਨਹੀਂ ਕੀਤਾ।ਨੀਕਾ–ਚੰਗਾ ਕੰਮ।ਜੀਅਰਾ–ਜੀਵਨ; ਜਿੰਦ।ਨਿਰਮੋਲਕੋ–ਅਮੋਲਕ।ਮੀਕਾ–ਬਰਾਬਰ; ਇਕ।੩।ਮਾਧਵਾ–ਹੇ ਪ੍ਰਭੂ!। ਸਰਬ ਬਿਆਪੀ–ਸਭ ਜਗ੍ਹਾ ਵਿਆਪਕ ਹੈਂ।ਸਮਸਰਿ–ਵਰਗਾ; ਬਰਾਬਰ ਦਾ।ਮੋਹਿ ਸਮਸਰਿ–ਮੇਰੇ ਵਰਗਾ।੪।੩।

ਬਿਲਾਵਲੁ ॥ ਨਿਤ ਉਠਿ ਕੋਰੀ ਗਾਗਰਿ ਆਨੈ, ਲੀਪਤ ਜੀਉ ਗਇਓ ॥ ਤਾਨਾ ਬਾਨਾ ਕਛੂ ਨ ਸੂਝੈ, ਹਰਿ ਹਰਿ ਰਸਿ ਲਪਟਿਓ ॥੧॥ ਹਮਾਰੇ ਕੁਲ ਕਉਨੇ ਰਾਮੁ ਕਹਿਓ ॥ ਜਬ ਕੀ ਮਾਲਾ ਲਈ ਨਿਪੂਤੇ, ਤਬ ਤੇ ਸੁਖੁ ਨ ਭਇਓ ॥੧॥ਰਹਾਉ॥ ਸੁਨਹੁ ਜਿਠਾਨੀ ਸੁਨਹੁ ਦਿਰਾਨੀ, ਅਚਰਜੁ ਏਕੁ ਭਇਓ ॥ ਸਾਤ ਸੂਤ ਇਨਿ ਮੁਡੀਂਏ ਖੋਏ, ਇਹੁ ਮੁਡੀਆ ਕਿਉ ਨ ਮੁਇਓ ॥੨॥

ਸਰਬ ਸੁਖਾ ਕਾ ਏਕੁ ਹਰਿ ਸੁਆਮੀ, ਸੋ ਗੁਰਿ ਨਾਮੁ ਦਇਓ ॥ ਸੰਤ ਪ੍ਰਹਲਾਦ ਕੀ ਪੈਜ ਜਿਨਿ ਰਾਖੀ, ਹਰਨਾਖਸੁ ਨਖ ਬਿਦਰਿਓ ॥੩॥ ਘਰ ਕੇ ਦੇਵ ਪਿਤਰ ਕੀ ਛੋਡੀ, ਗੁਰ ਕੋ ਸਬਦੁ ਲਇਓ ॥ ਕਹਤ ਕਬੀਰੁ ਸਗਲ ਪਾਪ ਖੰਡਨੁ ,ਸੰਤਹ ਲੈ ਉਧਰਿਓ ॥੪ ॥੪॥ (ਕਬੀਰ ਜੀ ਦੀ ਮਾਤਾ ਅਪਣੀਆਂ ਦਿਰਾਣੀਆਂ ਜਿਠਾਣੀਆਂ ਨੂੰ ਅਪਣੇ ਪੁਤ੍ਰ ਦੇ ਭਗਤੀ ਕਰਨ ਬਾਰੇ ਹਾਲਤ ਦਸਦੀ ਹੈ, ਉਹ ਗੱਲ ਬਾਤ ਕਬੀਰ ਜੀ ਉਚਾਰਨ ਕਰਦੇ ਹਨ।ਮਾਂ ਆਖਦੀ ਹੈ ਕਿ ਕਬੀਰ)।ਹਰ ਰੋਜ ਸਵੇਰੇ ਉਠ ਕੇ (ਪਾਣੀ ਦੀ) ਕੋਰੀ ਗਾਗਰ ਭਰ ਕੇ ਲਿਆਉਂਦਾ ਹੈ, (ਮੇਰਾ ਤਾਂ ਪੂਜਾ ਵਾਲੀ ਥਾਂ ਨੂੰ) ਲਿਪਦਿਆਂ ਜੀ ਅੱਕ ਗਿਆ ਹੈ।ਤਾਣਾ ਬਾਣਾ (ਆਦਿ ਕੰਮ ਕਰਨਾ ਕਬੀਰ ਨੂੰ) ਕੁਛ ਨਹੀਂ ਸੁਝਦਾ, ਹਰੀ ਦੇ ਨਾਮ ਰਸ ਵਿਚ ਲਿਪਟਿਆ ਰਹਿੰਦਾ ਹੈ।੧।(ਹੇ ਭੈਣੋ ! ਦੱਸੋ) ਸਾਡੀ ਕੁਲ ਵਿਚ (ਅੱਜ ਤੱਕ) ਕਿਸ ਨੇ ਰਾਮ ਕਿਹਾ (ਜਪਿਆ) ਸੀ ? (ਕਿਉਂਕਿ ਰਾਮ ਦਾ ਨਾਮ ਹਿੰਦੂ ਜਪਦੇ ਹਨ।ਇਸ ਕਬੀਰ) ਨਿਪੁੱਤੇ ਨੇ ਜਦੋਂ ਦੀ ਮਾਲ ਫੜ ਲਈ ਹੈ, ਤਦ ਤੋਂ (ਸਾਡੇ ਘਰ ਵਿਚ) ਸੁਖ ਨਹੀਂ ਹੋਇਆ।੧।ਰਹਾਉ।ਹੇ ਜਿਠਾਣੀਓ ! ਸੁਣੋ, ਹੇ ਦਿਰਾਣੀਓ ! ਸੁਣੋ, ਇਕ ਅਸਚਰਜ ਕੰਮ ਹੋਇਆ ਹੈ।ਸੂਤ ਸਾਤ (ਤਾਣ ਬਾਣੇ ਦੇ ਸਮਾਨ) ਇਸ ਮੁੰਡੇ ਨੇ ਗਵਾ ਦਿਤੇ ਹਨ, ਇਹ ਮੁੰਡਾ ਮਰ ਕਿਉਂ ਨਹੀਂ ਗਿਆ ?।੨।(ਹੁਣ ਕਬੀਰ ਜੀ ਮਾਂ ਦੀ ਨਰਾਜਗੀ ਦਾ ਉਤਰ ਦੇਂਦੇ ਹਨ) ਸਾਰੇ ਸੁੱਖਾਂ ਦਾ ਦਾਤਾ ਇਕ ਹਰੀ (ਜੋ ਸਭ ਦਾ) ਮਾਲਕ ਹੈ, ਉਸ ਦਾ ਨਾਮ ਮੈਨੂੰ ਗੁਰੂ ਨੇ ਦਿਤਾ ਹੈ (ਜਿਸ ਨੂੰ ਮੈਂ ਜਪਦਾ ਹਾਂ)।ਜਿਸ ਪ੍ਰਭੂ ਨੇ ਸੰਤਾਂ ਦੀ ਤੇ ਭਗਤ ਪ੍ਰਹਿਲਾਦ ਦੀ ਪੈਜ ਰੱਖੀ ਹੈ ਅਤੇ (ਨਰਸਿੰਘ ਰੂਪ ਧਾਰ ਕੇ ਦੈਂਤ) ਹਰਨਾਖਸ਼ ਨੂੰ ਨੌਹਾਂ ਨਾਲ ਪਾੜ ਦਿਤਾ ਸੀ। ੩।(ਪ੍ਰਹਲਾਦ ਨੇ ਅਪਣੀ) ਕੁਲ ਦੇ ਦੇਵਤੇ (ਬ੍ਰਾਹਮਣਾਂ) ਤੇ ਪਿਤਾ ਪਿਤਾਮਿਆਂ ਦੀ ਸਿਖਿਆ ਛਡ ਦਿਤੀ ਅਤੇ ਗੁਰੂ (ਨਾਰਦ) ਦਾ ਉਪਦੇਸ਼ ਲੈ ਲਿਆ ਸੀ।ਕਬੀਰ ਜੀ ਕਹਿੰਦੇ ਹਨ ਕਿ ਪ੍ਰਭੂ ਸਾਰੇ ਪਾਪਾਂ ਨੂੰ ਨਾਸ਼ ਕਰਨ ਵਾਲਾ ਹੈ (ਉਸ ਨੇ ਪ੍ਰਹਲਾਦ ਵਰਗੇ) ਸੰਤਾਂ ਨੂੰ ਅਪਣੀ ਸ਼ਰਣ ਵਿਚ ਲੈ ਕੇ ਮੁਕਤ ਕਰ ਦਿਤਾ ਹੈ; (ਪ੍ਰਹਲਾਦ) ਸੰਤਾਂ ਨੂੰ ਨਾਲ ਲੈ ਕੇ ਭਵਜਲ ਤੋਂ ਤਰ ਗਿਆ (ਸੰਸਾਰ ਸਮੁੰਦਰ ਤੋਂ ਉਹ ਆਪ ਵੀ ਤਰ ਗਿਆ ਅਤੇ ਹੋਰ ਸਾਧੂ ਸੰਤਾਂ ਨੂੰ ਵੀ ਤਾਰ ਦਿਤਾ)।੪।੪।

ਪਦਾਰਥ = ਨਿਤ–ਹਰ ਰੋਜ।ਉਠਿ–(ਸਵੇਰੇ) ਉਠ ਕੇ।ਕੋਰੀ–ਅਣ ਲੱਗ; ਨਵੀਂ; ਸੁੱਚੀ (ਸਾਫ ਸੁਥਰੀ)।ਆਨੈ–ਲਿਆਉਂਦਾ ਹੈ।ਲੀਪਤ–ਲਿਪਦੇ ਹੋਇਆਂ (ਗੋਹੇ ਜਾਂ ਮਿੱਟੀ ਦਾ ਪੋਚਾ ਫੇਰਦਿਆਂ)।ਜੀਉ ਗਇਓ–ਦਿਲ ਅੱਕ ਗਿਆ; ਜੀਵਨ ਗਵਾ ਲਿਆ। ਤਾਨਾ–ਤਾਣਾ ਤਣਨਾ।ਬਾਨਾ–ਬੁਣਨਾ।ਨ ਸੂਝੈ–ਸੁੱਝਦਾ ਨਹੀਂ (ਧਿਆਨ ਨਹੀਂ ਦੇਂਦਾ)।ਰਸਿ–ਰਸ (ਅਨੰਦ) ਵਿਚ।ਲਪਟਿਓ– ਮਗਨ ਰਹਿੰਦਾ ਹੈ।੧।ਕੁਲ–ਖਾਨਦਾਨ ਵਿਚ।ਕਉਨੇ–ਕਿਸ ਨੇ।ਕਹਿਓ–ਕਿਹਾ (ਜਪਿਆ) ਸੀ।ਜਬ ਕੀ–ਜਦੋਂ ਦੀ।ਮਾਲਾ ਲਈ–ਮਾਲਾ ਫੜ ਲਈ (ਉਪਦੇਸ਼ ਲਿਆ) ਹੈ।ਨਿਪੂਤੇ–ਔਤਰੇ (ਪੁਤ੍ਰ ਰਹਿਤ) ਨੇ।ਤਬ ਤੇ–ਉਦੋਂ ਤੋਂ।ਨ ਭਇਓ–ਨਹੀਂ ਹੋਇਆ ।੧।ਰਹਾਉ।ਸੁਨਹੁ–ਸੁਣੋ।ਭਇਓ–ਹੋਇਆ ਹੈ।ਸਾਤ ਸੂਤ–ਸੂਤ ਸਾਤ (ਤਾਣੇ ਬਾਣੇ ਦਾ ਕੰਮ); ਲੈਣ ਦੇਣ (ਮ.ਕੋ.); ਕਾਰੋਬਾਰ (ਮ.ਕੋ.) ਕੰਮ ਧੰਧਾ; ਘਰ ਦੇ ਨਿਰਬਾਹ ਦੀਆਂ ਵਸਤਾਂ (ਗੁ.ਗ੍ਰੰ.ਕੋਸ਼) ਸੰ.ਸ.; ਫ.ਸ. ਨੇ ਵੀ ਇਸ ਦੇ ਨਾਲ ਮਿਲਦੇ ਅਰਥ ਕੀਤੇ ਹਨ।ਇਨਿ ਮੁਡੀਂਏ–ਇਸ ਮੁੰਡੇ ਨੇ।ਖੋਏ–ਗਵਾ ਦਿਤੇ; ਖਰਾਬ ਕਰ ਦਿਤੇ।ਨ ਮੁਇਓ–ਮਰਿਆ ਨਹੀਂ।੨।ਕੀ–ਦੀ।ਪੈਜ –ਲਾਜ; ਇੱਜਤ।ਜਿਨਿ ਰਾਖੀ–ਜਿਸ ਨੇ ਰੱਖੀ।ਹਰਨਾਖਸੁ–ਭਗਤ ਪ੍ਰਹਲਾਦ ਦੇ ਪਿਤਾ ਦੁਸ਼ਟ ਹਰਨਾਖਸ਼ ਨੂੰ।ਨਖ–ਨੌਹਾਂ ਨਾਲ ।ਬਿਦਾਰਿਓ–ਪਾੜ (ਚੀਰ ਕੇ ਮਾਰ) ਦਿਤਾ।੩।ਘਰ ਕੇ ਦੇਵ–ਕੁਲ ਦੇ ਦੇਵਤੇ ਬ੍ਰਾਹਮਣ; ਮਾਤਾ ਪਿਤਾ ਬਜੁਰਗ ਆਦਿ।ਪਿਤਰ ਕੀ–ਮਰੇ ਹੋਏ ਪਿਤਾ ਦਾਦਾ ਪੜਦਾਦਾ ਆਦਿ ਦੀ।ਸਬਦੁ–ਉਪਦੇਸ਼; ਮੰਤ੍ਰ।ਕੋ–ਦਾ।ਸਗਲ–ਸਾਰੇ।ਖੰਡਨੁ–ਨਾਸ਼ ਕਰਨ ਵਾਲਾ। ਸੰਤਹ–ਸੰਤਾਂ ਨੂੰ।ਲੈ ਉਧਰਿਓ–(ਅਪਣੀ ਸ਼ਰਣ ਵਿਚ) ਲੈ ਕੇ ਮੁਕਤ ਕਰ ਦਿਤਾ।੪।੪।

ਨਿਤ ਉਠਿ ਕੋਰੀ ਗਾਗਰਿ = ੧. (ਕਬੀਰ ਪਹਿਲਾਂ) ਨਿਤ ਕੋਰੀ ਗਾਗਰ ਪਾਣੀ ਦੀ ਭਰ ਕੇ ਲਿਆਉਂਦਾ ਸੀ (ਪਰ ਹੁਣ ਇਸ ਦਾ ਪੂਜਾ ਵਾਲੀ ਥਾਂ ਨੂੰ) ਲਿਪਦਿਆਂ ਦਿਲ ਅੱਕ ਗਿਆ ਹੈ।(ਗਰਮੀਆਂ ਵਿਚ ਕੋਰੇ ਭਾਵ ਨਵੇਂ ਘੜੇ ਵਿਚ ਪਾਣੀ ਰੱਖਿਆ ਜਾਂਦਾ ਹੈ, ਕਿਉਂਕਿ ਨਵੇਂ ਘੜੇ ਵਿਚ ਪਾਣੀ ਠੰਢਾ ਰਹਿੰਦਾ ਹੈ।ਆਮ ਤੌਰ ਤੇ ਇਕ ਵਾਰੀ ਕੋਰਾ ਘੜਾ ਲਿਆਂਦਾ ਜਾਵੇ, ਤਾਂ ਉਸ ਦਾ ਨਾਮ ਕੋਰਾ ਘੜਾ ਹੀ ਪੱਕ ਜਾਂਦਾ ਹੈ।ਹਰ ਰੋਜ ਨਵਾਂ ਘੜਾ ਲਿਆਉਣਾ ਕਬੀਰ ਜੀ ਲਈ ਅਸੰਭਵ ਜਾਪਦਾ ਹੈ)।੨. ਕਬੀਰ ਜੀ ਪਹਿਲੇ ਦਿਨ ਦਾ ਲਿਆਂਦਾ ਪਾਣੀ ਨਹੀਂ ਸੀ ਵਰਤਦੇ, ਹਰ ਰੋਜ ਸਵੇਰ ਵੇਲੇ ਨਵਾਂ ਤਾਜਾ ਪਾਣੀ ਲਿਆ ਕੇ ਵਰਤਿਆ ਜਾਂਦਾ ਸੀ।੩. ਕਬੀਰ ਜੀ ਨਿਤ ਪਾਣੀ ਲਿਆ ਕੇ ਪਹਿਲਾਂ ਪੂਜਾ ਵਾਲੀ ਥਾਂ ਲਿਪਦਾ ਹੁੰਦਾ ਸੀ, ਹੁਣ ਪੂਜਾ ਤੇ ਥਾਂ ਲਿਪਣ ਵਾਲੇ ਕਰਮ ਤੋਂ (ਉਸ ਦਾ) ਮਨ ਮੁੜ ਗਿਆ ਹੈ।੪. ਕਬੀਰ ਦੀ ਮਾਤਾ ਕਹਿੰਦੀ ਹੈ ਕਿ ਮੈ ਹਰ ਰੋਜ ਗੰਗਾ ਤੋਂ ਸੁੱਚੀ ਗਾਗਰ ਵਿਚ ਪਾਣੀ

ਭਰ ਕੇ ਲਿਆਉਂਦੀ ਹਾਂ, ਪੂਜਾ ਵਾਲਾ ਥਾਂ ਲਿਪਦਿਆਂ ਮੈਂ ਅਪਣੀ ਜਿੰਦਗੀ ਗਵਾ ਲਈ ਹੈ; ਕਬੀਰ ਨੇ ਜਿੰਦਗੀ ਗਵਾ ਲਈ ਹੈ।ਕਿਉਂਕਿ ਮਾਂ ਤਾਂ ਚਾਹੁੰਦੀ ਸੀ ਕਿ ਕਬੀਰ ਘਰ ਦਾ ਕੰਮ ਕਾਜ ਕਰਕੇ ਪੈਸਾ ਕਮਾਵੇ ਅਤੇ ਪ੍ਰਵਾਰ ਦੀ ਰੋਜੀ ਰੋਟੀ ਚਲਾਵੇ।ਇਸ ਕਰਕੇ ਮਾਂ ਭਗਤੀ ਵਿਚ ਰੰਗੇ ਜੀਵਨ ਨੂੰ ਗਵਾ ਲੈਣਾ ਕਹਿੰਦੀ ਹੈ।ਸੰਸਾਰੀ ਲੋਕਾਂ ਵਾਸਤੇ ਭਗਤੀ ਨਾਲੋਂ ਪੈਸਾ ਕੀਮਤੀ ਹੈ।

ਘਰ ਕੇ ਦੇਵ = ਅਪਣੇ ਖਾਨਦਾਨ ਵਿਚ ਮਾਤਾ ਪਿਤਾ ਦੀ ਮੰਨੀ ਹੋਈ ਸ਼ਰ੍ਹਾ ਮੈਂ (ਕਬੀਰ ਨੇ) ਛਡ ਦਿਤੀ ਹੈ, ਗੁਰੂ (ਰਾਮਾਨੰਦ) ਦਾ ਉਪਦੇਸ਼ ਲੈ ਲਿਆ ਹੈ।ਕਬੀਰ ਜੀ ਕਹਿੰਦੇ ਹਨ ਕਿ ਪ੍ਰਭੂ ਸਾਰੇ ਪਾਪਾਂ ਨੂੰ ਨਾਸ਼ ਕਰਨ ਵਾਲਾ ਹੈ, ਸੰਤਾਂ ਦੀ ਸੰਗਤ ਵਿਚ ਉਸ ਦਾ ਨਾਮ ਲੈ (ਜਪ) ਕੇ ਮੈਂ ਭਵਜਲ ਤੋਂ ਤਰ ਗਿਆ ਹਾਂ।(ਕਬੀਰ ਜੀ ਦੇ ਮਾਤਾ ਪਿਤਾ ਜਾਂ ਦਾਦੇ ਪੜਦਾਦੇ ਮੁਸਲਮਾਨ ਸਨ, ਉਹ ਬ੍ਰਾਹਮਣਾਂ, ਦੇਵੀ ਦੇਵਤਿਆਂ ਅਤੇ ਪਿਤਰੀ ਕਰਮ ਨਹੀਂ ਸਨ ਕਰਦੇ, ਇਸਲਾਮੀ ਸ਼ਰ੍ਹਾ ਮੰਨਦੇ ਸਨ)।

ਬਿਲਾਵਲੁ ॥ ਕੋਊ ਹਰਿ ਸਮਾਨਿ ਨਹੀ ਰਾਜਾ ॥ ਏ ਭੂਪਤਿ ਸਭ ਦਿਵਸ ਚਾਰਿ ਕੇ, ਝੂਠੇ ਕਰਤ ਦਿਵਾਜਾ ॥੧॥ਰਹਾਉ॥ ਤੇਰੋ ਜਨੁ ਹੋਇ ਸੋਇ ਕਤ ਡੋਲੈ, ਤੀਨਿ ਭਵਨ ਪਰ ਛਾਜਾ ॥ ਹਾਥੁ ਪਸਾਰਿ ਸਕੈ ਕੋ ਜਨ ਕਉ ,ਬੋਲਿ ਸਕੈ ਨ ਅੰਦਾਜਾ ॥੧॥ ਚੇਤਿ ਅਚੇਤ ਮੂੜ ਮਨ ਮੇਰੇ, ਬਾਜੇ ਅਨਹਦ ਬਾਜਾ ॥ ਕਹਿ ਕਬੀਰ ਸੰਸਾ ਭ੍ਰਮੁ ਚੂਕੋ, ਧ੍ਰੂ ਪ੍ਰਹਲਾਦ ਨਿਵਾਜਾ ॥੨॥੫॥ (ਹੇ ਭਾਈ!) ਹਰੀ ਦੇ ਬਰਾਬਰ ਦਾ (ਸੰਸਾਰ ਵਿਚ) ਕੋਈ ਰਾਜਾ ਨਹੀਂ ਹੈ।ਧਰਤੀ ਦੇ ਇਹ ਸਾਰੇ ਰਾਜੇ ਚਾਰ ਦਿਨ ਦੇ ਰਾਜੇ ਹਨ (ਇਨ੍ਹਾਂ ਦਾ ਰਾਜ ਸਦਾ ਰਹਿਣ ਵਾਲਾ ਨਹੀਂ ਅਤੇ ਅਪਣੇ ਰਾਜ ਦੇ) ਝੂਠੇ ਦਿਖਾਵੇ ਕਰਦੇ ਹਨ।੧।ਰਹਾਉ।(ਹੇ ਪ੍ਰਭੂ!) ਤੇਰਾ ਸੇਵਕ ਹੋਵੇ, ਉਹ (ਇਨ੍ਹਾਂ ਰਾਜਿਆਂ ਦੇ ਸਾਹਮਣੇ) ਕਦੋਂ ਡੋਲਦਾ ਹੈ? (ਨਹੀਂ ਡੋਲਦਾ, ਉਸ ਸੇਵਕ ਦਾ ਜਸ) ਤਿੰਨਾਂ ਲੋਕਾਂ ਉਪਰ ਛਾਇਆ ਰਹਿੰਦਾ ਹੈ।(ਬੁਰੀ ਭਾਵਨਾ ਨਾਲ ਤੇਰੇ) ਸੇਵਕ ਉਤੇ ਕੌਣ ਹੱਥ ਪਸਾਰ (ਚੁਕ) ਸਕਦਾ ਹੈ? (ਉਸ ਦੇ ਅੱਗੇ ਕੋਈ ਮਨੁੱਖ) ਅਯੋਗ ਬਚਨ ਨਹੀਂ ਬੋਲ ਸਕਦਾ (ਸਭ ਉਸ ਦਾ ਭੈ ਮੰਨਦੇ ਹਨ; ਉਸ ਦੇ ਤੇਜ ਦਾ) ਅੰਦਾਜਾ ਕੋਈ ਨਹੀਂ ਦੱਸ ਸਕਦਾ।੧।ਹੇ ਮੇਰੇ ਬੇਖਬਰ ਮੂਰਖ ਮਨ! (ਪ੍ਰਭੂ ਦਾ) ਸਿਮਰਨ ਕਰ, (ਤਾਂ ਜੋ ਤੇਰੇ ਅੰਦਰ) ਆਤਮਕ ਸੰਗੀਤ ਦਾ ਇਕ ਰਸ ਬਾਜਾ ਵੱਜ ਪਵੇ (ਪੂਰਨ ਆਤਮਕ ਅਨੰਦ ਪ੍ਰਾਪਤ ਹੋ ਜਾਵੇ)।ਕਬੀਰ ਜੀ ਕਹਿੰਦੇ ਹਨ ਕਿ ਮੇਰਾ ਸੰਸਾ ਤੇ ਭਰਮ ਦੂਰ ਹੋ ਗਿਆ ਹੈ, (ਕਿ ਜਿਵੇਂ ਉਸ ਨੇ) ਧਰੂ ਤੇ ਪ੍ਰਹਲਾਦ ਨੂੰ ਵਡਿਆਈ ਦਿਤੀ ਹੈ (ਮੇਰੀ ਵੀ ਲਾਜ ਰੱਖੇਗਾ)।੨।੫।

ਪਦਾਰਥ = ਕੋਊ–ਕੋਈ।ਸਮਾਨਿ–ਬਰਾਬਰ ਦਾ।ਏ ਭੂਪਤਿ–ਜਮੀਨ ਦੇ ਏਹ ਰਾਜੇ।ਦਿਵਸ ਚਾਰਿ ਕੇ–ਚਾਰ (ਬਹੁਤ ਥੋੜੇ) ਦਿਨਾਂ ਦੇ।ਕਰਤ–ਕਰਦੇ ਹਨ।ਦਿਵਾਜਾ–ਦਿਖਾਵਾ; ਦਾਵਾ।੧।ਰਹਾਉ।ਜਨੁ–ਸੇਵਕ।ਕਤ–ਕਦੋਂ; ਕਿਉਂ।ਸੋਇ–ਉਹ।ਤੀਨਿ ਭਵਨ ਪਰ–ਤਿੰਨਾਂ ਲੋਕਾਂ (ਮਾਤ ਲੋਕ, ਪ੍ਰਲੋਕ ਤੇ ਪਤਾਲ) ਉਤੇ।ਛਾਜਾ–ਛਾਇਆ (ਫਬ ਰਿਹਾ) ਹੈ।ਪਸਾਰਿ ਸਕੈ–ਖਿਲਾਰ (ਚੁਕ) ਸਕਦਾ ਹੈ।ਕੋ–ਕੋਈ; ਕੌਣ।ਜਨ ਕਉ–ਸੇਵਕ ਉਤੇ।ਅੰਦਾਜਾ–ਅਯੋਗ; ਅਨੁਮਾਨ।੧।ਚੇਤਿ–ਸਿਮਰਨ ਕਰ।ਅਚੇਤ–ਹੇ ਬੇਖਬਰ!; ਹੇ ਭੁੱਲੇ ਹੋਏ (ਮਨ)!।ਮੂੜ ਮਨ–ਹੇ ਮੂਰਖ ਮਨ!।ਬਾਜਾ–ਵੱਜ ਪੈਣ।ਬਾਜੇ ਅਨਹਦ ਬਾਜਾ–ਆਤਮ ਸੰਗੀਤ ਦਾ ਬਾਜਾ ਵੱਜ ਪਵੇ।ਕਹਿ–ਕਹਿੰਦਾ ਹੈ।ਸੰਸਾ–ਸ਼ੱਕ।ਚੂਕੋ–ਦੂਰ ਹੋ ਗਿਆ।ਨਿਵਾਜਾ–ਵਡਿਆਈ ਦਿਤੀ ਹੈ।੨।੫।

ਬਿਲਾਵਲੁ ॥ ਰਾਖਿ ਲੇਹੁ ਹਮ ਤੇ ਬਿਗਰੀ ॥ ਸੀਲੁ ਧਰਮੁ ਜਪੁ ਭਗਤਿ ਨ ਕੀਨੀ, ਹਉ ਅਭਿਮਾਨ ਟੇਢ ਪਗਰੀ ॥੧॥ਰਹਾਉ॥ ਅਮਰ ਜਾਨਿ ਸੰਚੀ ਇਹ ਕਾਇਆ, ਇਹ ਮਿਥਿਆ ਕਾਚੀ ਗਗਰੀ ॥ ਜਿਨਹਿ ਨਿਵਾਜਿ ਸਾਜਿ ਹਮ ਕੀਏ, ਤਿਸਹਿ ਬਿਸਾਰਿ ਅਵਰ ਲਗਰੀ ॥੧॥ ਸੰਧਿਕ ਤੋਹਿ ਸਾਧ ਨਹੀ ਕਹੀਅਉ ,ਸਰਨਿ ਪਰੇ ਤੁਮਰੀ ਪਗਰੀ ॥ ਕਹਿ ਕਬੀਰ ਇਹ ਬਿਨਤੀ ਸੁਨੀਅਹੁ ,ਮਤ ਘਾਲਹੁ ਜਮ ਕੀ ਖਬਰੀ ॥੨॥੬॥ ਹੇ ਪ੍ਰਭੂ! ਮੇਰੇ ਤੋਂ ਹੀ (ਤੇਰੇ ਨਾਲੋਂ ਸਬੰਧ) ਵਿਗੜਿਆ ਹੈ, (ਫਿਰ ਵੀ ਮੇਰੀ ਬੇਨਤੀ ਹੈ ਕਿ ਮੇਰੀ ਲਾਜ) ਰੱਖ ਲੈ।ਨਾ ਮੇਰਾ ਨੇਕ ਸੁਭਾਵ ਹੈ, ਨਾ ਮੈਂ ਜਪ ਤਪ ਆਦਿ ਦਾ ਧਰਮ ਕਰਮ ਕੀਤਾ ਹੈ ਅਤੇ ਨਾ ਹੀ ਮੈਂ ਭਗਤੀ ਕੀਤੀ ਹੈ, ਮੈਂ ਅਭਿਮਾਨ ਵਿਚ ਟੇਢੀ ਪੱਗ ਬੰਨ੍ਹੀ ਹੋਈ ਹੈ; ਹੰਕਾਰ ਵਿਚ ਟੇਢੀ (ਉਲਟੀ) ਚਾਲ ਫੜੀ ਹੋਈ ਹੈ।੧।ਰਹਾਉ।(ਹੇ ਪ੍ਰਭੂ!) ਮੈਂ ਇਹ ਸਰੀਰ ਅਮਰ ਜਾਣ ਕੇ (ਇਸ ਦਾ) ਪਾਲਣ ਪੋਸਣ ਕੀਤਾ ਹੈ, (ਪਰ) ਇਹ ਸਰੀਰ ਮਿੱਟੀ ਦੀ ਕੱਚੀ ਘੜੀ ਵਾਂਗ ਖੁਰ ਕੇ ਨਾਸ਼ ਹੋ ਜਾਣ ਵਾਲਾ ਹੈ।ਜਿਸ ਪ੍ਰਭੂ ਨੇ ਸਾਡੇ ਸਰੀਰ ਸਾਜ ਕੇ ਤੇ ਮਾਣ ਦੇ ਕੇ (ਸਾਨੂੰ) ਪੈਦਾ ਕੀਤਾ ਹੈ, ਉਸ ਨੂੰ ਭੁਲਾ ਕੇ (ਸਾਡੀ ਬੁੱਧੀ) ਹੋਰਨਾਂ ਪਾਸੇ ਵਿਚ ਲੱਗੀ ਹੋਈ ਹੈ।੧।(ਹੇ ਪ੍ਰਭੂ! ਅਸੀਂ) ਚੋਰ ਹਾਂ, ਤੇਰੇ ਸਾਧੂ ਨਹੀਂ ਕਹੇ ਜਾ ਸਕਦੇ, (ਫਿਰ ਵੀ) ਤੇਰੇ ਚਰਣਾਂ ਦੀ ਸ਼ਰਣ ਵਿਚ ਪਏ ਹਾਂ; ਤੇਰੀ ਸ਼ਰਨ ਵਿਚ ਪਏ ਹਾਂ ਅਤੇ ਤੇਰੀ ਓਟ ਫੜੀ ਹੈ (ਫ.ਸ.)।ਕਬੀਰ ਜੀ ਕਹਿੰਦੇ ਹਨ ਕਿ ਹੇ ਪ੍ਰਭੂ! ਸਾਡੀ ਇਹ ਬੇਨਤੀ ਸੁਣਿਓ, (ਕ੍ਰਿਪਾ ਕਰਕੇ ਸਾਨੂੰ) ਜਮ ਦੀ ਖਬਰ ਨਾ ਭੇਜਿਓ

(ਸਾਨੂੰ ਜਨਮ ਮਰਨ ਤੋਂ ਬਚਾ ਲੈ)।੨।੬।

ਟੇਢੀ ਪਾਗ ਟੇਢੇ ਚਲੇ, ਲਾਗੇ ਬੀਰੇ ਖਾਨ। ਭਾਉ ਭਗਤਿ ਸਿਉ ਕਾਜੁ ਨ ਕਛੂਐ, ਮੇਰੋ ਕਾਮੁ ਦੀਵਾਨ।(੧੧੨੪)।

ਪਦਾਰਥ = ਰਾਖਿ ਲੇਹੁ–ਰੱਖ ਲੈ। ਹਮ ਤੇ–ਮੇਰੇ ਤੋਂ। ਬਿਗਰੀ–ਵਿਗੜੀ ਹੈ; ਸਬੰਧ ਵਿਗੜ ਗਿਆ (ਆਪੋ ਵਿਚ ਦਾ ਪਿਆਰ ਜਾਂ ਮਾਲਕ ਨਾਲ ਦਾਸ ਦਾ ਸਬੰਧ ਟੁੱਟ ਜਾਣ ਨੂੰ ਵੀ ਵਿਗੜਨਾ ਕਹਿੰਦੇ ਹਨ)। ਸੀਲੁ–ਨੇਕ ਸੁਭਾਉ। ਧਰਮੁ–ਧਾਰਮਕ ਕਰਮ। ਨ ਕੀਨੀ–ਨਹੀਂ ਕੀਤੀ। ਹਉ–ਮੈਂ। ਟੇਢ–ਟੇਢੀ (ਚਾਲ); ਪੁੱਠਾ ਰਸਤਾ। ਪਗਰੀ–ਫੜੀ ਹੋਈ ਹੈ।੧। ਰਹਾਉ। ਅਮਰ ਜਾਨਿ–ਨਾ ਮਰਨ ਵਾਲੀ ਜਾਣ ਕੇ। ਸੰਚੀ–ਪਾਲਦਾ ਰਿਹਾ; ਸਾਂਭ ਰੱਖੀ ਹੈ। ਕਾਇਆ–ਸਰੀਰ। ਮਿਥਿਆ–ਝੂਠੀ (ਨਾਸ਼ਵੰਤ)। ਕਾਚੀ ਗਗਰੀ –ਮਿੱਟੀ ਦਾ ਕੱਚਾ ਘੜਾ। ਜਿਨਹਿ–ਜਿਸ ਪ੍ਰਭੂ ਨੇ। ਨਿਵਾਜਿ–ਮਾਣ ਆਦਰ ਦੇ ਕੇ। ਸਾਜਿ–ਸਾਜ (ਬਣਾ) ਕੇ। ਕੀਏ–ਪੈਦਾ ਕੀਤਾ ਹੈ। ਤਿਸਹਿ–ਉਸ ਨੂੰ। ਬਿਸਾਰਿ–ਭੁਲਾ ਕੇ। ਅਵਰ ਲਗਰੀ–ਹੋਰ ਪਾਸੇ ਲੱਗੇ ਹੋਏ ਹਾਂ।੧। ਸੰਧਿਕ–ਚੋਰ। ਤੋਹਿ–ਤੇਰੇ। ਸਾਧ–ਸਾਧੂ; ਭਲੇ ਪੁਰਸ਼। ਕਹੀਅਉ–ਕਹੇ ਜਾ ਸਕਦੇ। ਸਰਨਿ ਪਰੇ–ਸ਼ਰਨ ਵਿਚ ਪਏ ਹਾਂ। ਪਗਰੀ–ਚਰਨਾਂ ਦੀ। ਸਨੀਅਹੁ–ਸੁਣਿਓ। ਮਤ ਘਾਲਹੁ–ਨਾ ਭੇਜੋ। ਖਬਰੀ–ਖਬਰ; ਸੁਨੇਹਾ; ਦੂਤ (ਮ.ਕੋ.); ਚਿੱਠੀ (ਮ.ਕੋ.)।੨।੬।

ਬਿਲਾਵਲੁ ॥ ਦਰਮਾਦੇ ਠਾਢੇ ਦਰਬਾਰਿ ॥ ਤੁਝ ਬਿਨੁ ਸੁਰਤਿ ਕਰੈ ਕੋ ਮੇਰੀ, ਦਰਸਨੁ ਦੀਜੈ ਖੋਲ੍ਹਿ ਕਿਵਾਰ ॥੧॥ਰਹਾਉ॥ ਤੁਮ ਧਨ ਧਨੀ ਉਦਾਰ ਤਿਆਗੀ, ਸ੍ਰਵਨਨ ਸੁਨੀਅਤੁ ਸੁਜਸੁ ਤੁਮ੍ਾਰ ॥ ਮਾਗਉ ਕਾਹਿ ਰੰਕ ਸਭ ਦੇਖਉ ,ਤੁਮ੍ ਹੀ ਤੇ ਮੇਰੋ ਨਿਸਤਾਰੁ ॥੧॥ ਜੈਦੇਉ ਨਾਮਾ ਬਿਪ ਸੁਦਾਮਾ, ਤਿਨ ਕਉ ਕ੍ਰਿਪਾ ਭਈ ਹੈ ਅਪਾਰ ॥ ਕਹਿ ਕਬੀਰ ਤੁਮ ਸੰਮ੍ਰਥ ਦਾਤੇ, ਚਾਰਿ ਪਦਾਰਥ ਦੇਤ ਨ ਬਾਰ ॥੨॥੭॥ (ਹੇ ਪ੍ਰਭੂ ! ਮੈਂ ਤੇਰੇ) ਦਰਬਾਰ ਵਿਚ ਲਾਚਾਰ ਹੋ ਕੇ ਖੜ੍ਹਾ ਹਾਂ। ਤੇਰੇ ਬਿਨਾ ਮੇਰੀ ਸੰਭਾਲ ਕੌਣ ਕਰ ਸਕਦਾ ਹੈ? (ਕੋਈ ਕਰਨ ਵਾਲਾ ਨਹੀਂ, ਇਸ ਲਈ) ਬੂਹੇ ਖੋਲ੍ਹ ਕੇ (ਮੈਨੂੰ ਅਪਣਾ) ਦਰਸ਼ਨ ਦੇਹ।੧। ਰਹਾਉ। (ਹੇ ਪ੍ਰਭੂ ! ਜਗਤ ਵਿਚ) ਤੇਰਾ ਸ੍ਰੇਸਟ ਜਸ ਕੰਨਾਂ ਨਾਲ ਸੁਣੀਂਦਾ ਹੈ ਕਿ ਤੂੰ ਧਨ ਦਾ ਮਾਲਕ ਹੈਂ, ਖੁਲ੍ਹੇ ਦਿਲ ਵਾਲਾ ਵਿਰੱਕਤ ਹੈਂ। (ਤੇਰੇ ਬਿਨਾ) ਮੈਂ ਕਿਸ ਪਾਸੋਂ ਮੰਗਾਂ, ਮੈਂ ਦੇਖਦਾ ਹਾਂ ਕਿ ਸਾਰੇ ਲੋਕ ਕੰਗਾਲ ਹਨ, ਤੇਰੇ ਤੋਂ ਹੀ ਮੇਰਾ ਪਾਰ ਉਤਾਰਾ ਹੋਣਾ ਹੈ।੧। (ਹੇ ਪ੍ਰਭੂ !) ਭਗਤ ਜੈਦੇਵ, ਨਾਮ ਦੇਵ ਅਤੇ ਸੁਦਾਮਾ ਬ੍ਰਾਹਮਣ, ਉਨ੍ਹਾਂ ਸਾਰਿਆਂ ਉਤੇ ਤੇਰੀ ਬੇਅੰਤ ਕ੍ਰਿਪਾ ਹੋਈ ਹੈ। ਕਬੀਰ ਜੀ ਕਹਿੰਦੇ ਹਨ ਕਿ ਹੇ ਪ੍ਰਭੂ ! ਤੂੰ ਸਭ ਦਾਤਾਂ ਦੇਣ ਦੇ ਸਮਰੱਥ ਹੈਂ, ਚਾਰ ਪਦਾਰਥ ਦੇਂਦਿਆਂ ਦੇਰ ਨਹੀਂ ਲਾਉਂਦਾ ਹੈਂ।੨।੭।

ਪਦਾਰਥ = ਦਰਮਾਦੇ (ਫਾ.)–ਨਿਮਾਣਾ ਹੋ ਕੇ; ਥੱਕ ਟੁੱਟ ਕੇ; ਲਾਚਾਰ ਹੋ ਕੇ। ਠਾਢੇ–ਖੜ੍ਹਾ ਹਾਂ। ਦਰਬਾਰਿ–ਦਰਬਾਰ ਵਿਚ। ਤੁਝ–ਤੇਰੇ। ਸੁਰਤਿ–ਸੰਭਾਲ (ਟਕਸਾਲ); ਖਬਰਦਾਰੀ। ਕਰੈ ਕੋ–ਕੌਣ ਕਰ ਸਕਦਾ ਹੈ? ਖੋਲ੍ਹਿ–ਖੋਲ੍ਹ ਕੇ। ਕਿਵਾਰ–ਦਰਵਾਜੇ।੧। ਰਹਾਉ। ਧਨ ਧਨੀ–ਧਨ ਦਾ ਮਾਲਕ। ਉਦਾਰ–ਦਾਤਾ; ਖੁਲ੍ਹੇ ਦਿਲ ਵਾਲਾ। ਤਿਆਗੀ–ਵਿਰੱਕਤ; ਨਿਰਲੇਪ। ਸ੍ਰਵਨਨ੍–ਕੰਨਾਂ ਨਾਲ। ਸੁਨੀਅਤੁ–ਸੁਣੀਂਦਾ ਹੈ। ਸੁਜਸੁ–ਸ੍ਰੇਸਟ ਜਸ। ਤੁਮ੍ਾਰ–ਤੇਰਾ। ਮਾਗਉ ਕਾਹਿ–ਮੈਂ ਕਿਸ ਪਾਸੋਂ ਮੰਗਾਂ। ਰੰਕ–ਕੰਗਾਲ। ਤੁਮ੍ ਹੀ ਤੇ–ਤੇਰੇ ਤੋਂ ਹੀ। ਨਿਸਤਾਰੁ–ਪਾਰ ਉਤਾਰਾ।੧। ਜੈਦੇਵ–ਬੰਗਾਲ ਦਾ ਇਕ ਭਗਤ। ਨਾਮਾ–ਭਗਤ ਨਾਮ ਦੇਵ। ਬਿਪ ਸੁਦਾਮਾ–ਕ੍ਰਿਸ਼ਨ ਜੀ ਦਾ ਬਚਪਨ ਦਾ ਮਿਤ੍ਰ ਸੁਦਾਮਾ ਬ੍ਰਾਹਮਣ। ਤਿਨ ਕਉ–ਉਨ੍ਹਾਂ ਉਤੇ। ਭਈ ਹੈ–ਹੋਈ ਹੈ। ਅਪਾਰ–ਬੇਅੰਤ। ਸੰਮ੍ਰਥ–ਯੋਗ; ਲਾਇਕ। ਚਾਰਿ ਪਦਾਰਥ–ਧਰਮ ਅਰਥ ਕਾਮ ਤੇ ਮੋਖ। ਦੇਤ–ਦੇਂਦਿਆਂ। ਬਾਰ–ਦੇਰ; ਢਿੱਲ।੨।੭।

ਉਥਾਨਕਾ = ਕਾਂਸੀ ਵਿਚ ਇਕ ਜੋਗੀ ਆਇਆ, ਜਿਹੜਾ ਭੂਤ ਪ੍ਰੇਤ ਵਸ ਵਿਚ ਕਰਨ ਜਾਣਦਾ ਸੀ। ਇਹ ਜੋਗੀ ਭੂਤਾਂ ਦੀ ਤਾਕਤ ਨਾਲ ਅਪਣਾ ਆਸਣ ਬਿਨਾ ਕਿਸੇ ਆਸਰੇ ਜਮੀਨ ਤੋਂ ਉਚਾ ਚੁਕਾਈ ਰਖਦਾ ਸੀ। ਲੋਕ ਇਸ ਨੂੰ ਮੰਨਣ ਲਗ ਪਏ, ਚੜ੍ਹਾਵਾ ਵੀ ਕਾਫੀ ਚੜ੍ਹਨ ਲਗ ਪਿਆ। ਲੋਕ ਕਬੀਰ ਜੀ ਕੋਲ ਆ ਕੇ ਇਸ ਜੋਗੀ ਦੀਆਂ ਸਿਫਤਾਂ ਕਰਦੇ ਹੋਏ ਆਖਦੇ ਸਨ ਕਿ ਤੁਸੀਂ ਵੀ ਜੋਗੀ ਨੂੰ ਮਿਲ ਕੇ ਆਉ। ਇਕ ਦਿਨ ਕਬੀਰ ਜੀ ਜੋਗੀ ਕੋਲ ਚਲੇ ਗਏ, ਕਬੀਰ ਜੀ ਨੂੰ ਦੇਖ ਕੇ ਸਾਰੇ ਭੂਤ ਡਰ ਕੇ ਭਜ ਗਏ ਅਤੇ ਜੋਗੀ ਦਾ ਆਸਣ ਥੱਲੇ ਡਿਗ ਪਿਆ, ਕਬੀਰ ਜੀ ਜੋਗੀ ਨੂੰ ਉਪਦੇਸ਼ ਦੇਂਦੇ ਹੋਏ ਉਚਾਰਦੇ ਹਨ =

ਬਿਲਾਵਲੁ ॥ ਡੰਡਾ ਮੁੰਦ੍ਰਾ ਖਿੰਥਾ ਆਧਾਰੀ ॥ ਭ੍ਰਮ ਕੈ ਭਾਇ ਭਵੈ ਭੇਖਧਾਰੀ ॥੧॥ ਆਸਨੁ ਪਵਨ ਦੂਰਿ ਕਰਿ ਬਵਰੇ ॥ ਛੋਡਿ ਕਪਟੁ ,ਨਿਤ ਹਰਿ ਭਜੁ ਬਵਰੇ ॥੧॥ਰਹਾਉ॥ ਹੇ ਜੋਗੀ ! ਤੂੰ (ਹੱਥ ਵਿਚ) ਡੰਡਾ, ਕੰਨਾਂ ਵਿਚ ਮੁੰਦ੍ਰਾਂ, ਗਲ ਵਿਚ ਖਫਨੀ ਅਤੇ ਝੋਲੀ ਆਦਿ ਦਾ ਭੇਖ ਧਾਰਨ ਕੀਤਾ ਹੋਇਆ ਹੈ। ਜੋਗੀਆਂ ਵਾਲਾ ਭੇਖ ਧਾਰ ਕੇ ਭਰਮ ਦੇ ਖਿਆਲ ਵਿਚ ਭਟਕਦਾ ਫਿਰਦਾ ਹੈਂ; ਹੇ ਭੇਖ ਧਾਰਨ ਕਰਨ ਵਾਲੇ ਜੋਗੀ ! ਤੂੰ ਡੰਡਾ ਮੁੰਦ੍ਰਾਂ ਤੇ ਖਿੰਥਾ ਦੇ ਆਸਰੇ ਭਰਮ ਦੇ ਅਨੁਸਾਰ ਭਟਕਦਾ ਫਿਰਦਾ ਹੈਂ।੧। ਹੇ ਝੱਲੇ

ਜੋਗੀ! ਜੋਗੀਆ ਵਾਲੇ ਆਸਣ ਲਾਉਣੇ ਤੇ ਪ੍ਰਾਣਾਯਾਮ ਆਦਿ ਪਖੰਡ ਦੂਰ ਕਰ (ਛਡ) ਦੇਹ। ਹੇ ਝੱਲੇ ਜੋਗੀ! ਕਪਟ ਛਡ ਕੇ ਹਰ ਰੋਜ ਹਰੀ ਦਾ ਭਜਨ ਕਰਿਆ ਕਰ।੧।ਰਹਾਉ।

ਅੰਗ ੮੫੭ = ਜਿਹ ਤੂ ਜਾਚਹਿ, ਸੋ ਤ੍ਰਿਭਵਨ ਭੋਗੀ ॥ ਕਹਿ ਕਬੀਰ, ਕੇਸੌ ਜਗਿ ਜੋਗੀ ॥੨॥੮॥ ਜਿਸ ਮਾਇਆ ਨੂੰ ਤੂੰ ਮੰਗਦਾ ਹੈਂ, ਉਹ ਤਾਂ ਤਿੰਨਾਂ ਭਵਨਾਂ ਦੇ ਲੋਕਾਂ (ਸਾਰੇ ਜਗਤ) ਦੀ ਭੋਗੀ ਹੋਈ ਹੈ (ਮਾਇਆ ਕਦੇ ਕਿਸੇ ਦੀ ਨਹੀਂ ਬਣੀ)। ।ਕਬੀਰ ਜੀ ਕਹਿੰਦੇ ਹਨ ਕਿ ਇਸ ਜਗਤ ਵਿਚ ਅਸਲ ਜੋਗੀ (ਮਾਇਆ ਤੋਂ ਨਿਰਲੇਪ) ਕੇਵਲ ਪ੍ਰਭੂ ਹੈ (ਉਸ ਦਾ ਭਜਨ ਕਰ) ;ਜਗਤ ਵਿਚ ਵਿਆਪਕ ਪ੍ਰਭੂ ਦਾ ਨਾਮ ਜਪਣ ਵਾਲਾ ਮਨੁੱਖ ਹੀ ਸੱਚਾ ਜੋਗੀ ਹੈ।੨।੮।

ਪਦਾਰਥ = ਡੰਡਾ–ਜੋਗੀਆਂ ਕੋਲ ਰੱਖਿਆ ਇਕ ਡੰਡਾ। ਖਿੰਥਾ–ਜੋਗੀਆਂ ਦਾ ਲੰਬਾ ਚੋਲਾ (ਖਫਣੀ)। ਆਧਾਰੀ–ਝੋਲੀ (ਖੱਪਰ ਭਰ ਜਾਣ ਨਾਲ ਭਿੱਖਿਆ ਝੋਲੀ ਵਿਚ ਪਾਈਦੀ ਹੈ); ਆਸਰੇ। ਭ੍ਰਮ ਕੈ–ਭਰਮ ਦੇ। ਭਾਇ–ਖਿਆਲ ਵਿਚ; ਅਨੁਸਾਰ। ਭਵੈ–ਫਿਰਦਾ ਹੈ। ਭੇਖ ਧਾਰੀ–ਭੇਖ ਧਾਰਨ ਵਾਲਾ ਜੋਗੀ।੧। ਆਸਨੁ–ਜੋਗਾ ਅਭਿਆਸ ਦਾ ਆਸਣ। ਪਵਨ–ਪ੍ਰਾਣਾਯਾਮ। ਬਵਰੇ–ਹੇ ਝੱਲੇ ਜੋਗੀ!। ਨਿਤ–ਹਰ ਰੋਜ। ਕਪਟੁ–ਠੱਗੀ; ਪਖੰਡ। ਭਜੁ–ਭਜਨ ਕਰ।੧। ਰਹਾਉ। ਜਿਹ–ਜਿਸ ਨੂੰ। ਜਾਚਹਿ–ਮੰਗਦਾ ਹੈਂ। ਸੋ –ਉਹ। ਤ੍ਰਿਭਵਨ–ਤਿੰਨਾਂ ਭਵਨਾਂ ਦੇ ਜੀਵਾਂ ਨੇ। ਕੇਸੌ–ਪ੍ਰਭੂ। ਜਗਿ–ਜਗਤ ਵਿਚ। ਜੋਗੀ–ਮਾਇਆ ਵਿਚ ਨਿਰਲੇਪ।੨।੮।

ਬਿਲਾਵਲੁ ॥ ਇਨਿ ਮਾਇਆ ਜਗਦੀਸ ਗੁਸਾਈ, ਤੁਮ੍ਹਰੇ ਚਰਨ ਬਿਸਾਰੇ ॥ ਕਿੰਚਤ ਪ੍ਰੀਤਿ ਨ ਉਪਜੈ ਜਨ ਕਉ ,ਜਨ ਕਹਾ ਕਰਹਿ ਬੇਚਾਰੇ ॥੧॥ਰਹਾਉ॥ ਧ੍ਰਿਗੁ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ, ਧ੍ਰਿਗੁ ਧ੍ਰਿਗੁ ਮਤਿ ਬੁਧਿ ਫੰਨੀ ॥ ਇਸ ਮਾਇਆ ਕਉ ਦ੍ਰਿੜੁ ਕਰਿ ਰਾਖਹੁ ,ਬਾਂਧੇ ਆਪ ਬਚੰਨੀ ॥੧॥ ਕਿਆ ਖੇਤੀ ਕਿਆ ਲੇਵਾ ਦੇਈ, ਪਰਪੰਚ ਝੂਠੁ ਗੁਮਾਨਾ ॥ ਕਹਿ ਕਬੀਰ ਤੇ ਅੰਤਿ ਬਿਗੂਤੇ, ਆਇਆ ਕਾਲੁ ਨਿਦਾਨਾ ॥੨॥੯॥ ਹੇ ਜਗਤ ਦੇ ਮਾਲਕ ਪ੍ਰਭੂ! ਇਸ ਮਾਇਆ ਨੇ (ਤੇਰੇ ਸੇਵਕਾਂ ਦੇ ਮਨਾਂ ਵਿਚੋਂ) ਤੇਰੇ ਚਰਨਾਂ ਦਾ ਪਿਆਰ ਭੁਲਾ ਦਿਤਾ ਹੈ।(ਇਸ ਮਾਇਆ ਦੇ ਬਲ ਕਰਕੇ ਤੇਰੇ) ਜੀਵਾਂ ਨੂੰ ਮਨ ਵਿਚ ਰੱਤਾ ਭਰ ਵੀ (ਤੇਰੇ ਚਰਨਾਂ ਦੀ) ਪ੍ਰੀਤ ਪੈਦਾ ਨਹੀਂ ਹੁੰਦੀ, (ਦੱਸੋ) ਬਿਚਾਰੇ ਮਨੁੱਖ ਕੀ ਕਰਨ?।੧।ਰਹਾਉ।(ਹੇ ਪ੍ਰਭੂ! ਤੇਰੀ ਪ੍ਰੀਤ ਤੋਂ ਬਿਨਾ ਇਹ) ਸਰੀਰ ਫਿਟਕਾਰ ਯੋਗ ਹੈ, ਧਨ ਵੀ ਫਿਟਕਾਰ ਯੋਗ ਹੈ, ਮਾਇਆ ਦੇ ਪਦਾਰਥ ਵੀ ਫਿਟਕਾਰ ਯੋਗ ਹਨ, ਵਿਵਹਾਰਕ ਮੱਤ ਵੀ ਫਿਟਕਾਰ ਯੋਗ ਹੈ, ਵਲ ਛਲ ਵਾਲੀ ਬੁੱਧੀ ਵੀ ਫਿਟਕਾਰ ਯੋਗ ਹੈ (ਜੋ ਮਾਇਆ ਵਿਚ ਫਸਾਉਂਦੀ ਹੈ। ਹੇ ਪ੍ਰਭੂ!) ਇਸ ਮਾਇਆ ਨੂੰ ਦ੍ਰਿੜਤਾ ਨਾਲ ਕਾਬੂ ਕਰਕੇ ਰੱਖੋ, (ਕਿਉਂਕਿ ਮਾਇਆ ਅਪਣੇ ਮੋਹ ਜਾਲ ਵਿਚ) ਆਪ ਜੀ ਦੇ ਬਚਨਾਂ ਨਾਲ ਹੀ (ਜੀਵਾਂ ਨੂੰ) ਬੰਨ੍ਹਦੀ ਹੈ।੧। ਕੀ ਖੇਤੀ, ਕੀ ਲੈਣ ਦੇਣ ਦਾ ਵਿਹਾਰ ਆਦਿ ਜਗਤ ਦੇ ਇਸ ਪਸਾਰੇ ਦਾ ਗੁਮਾਨ ਕਰਨਾ ਝੂਠਾ ਹੈ। ਕਬੀਰ ਜੀ ਕਹਿੰਦੇ ਹਨ ਕਿ ਅੰਤ ਵੇਲੇ ਜਦੋਂ ਕਾਲ ਆਇਆ ਤਾਂ ਉਹ ਮਨੁੱਖ ਅੰਤ ਨੂੰ ਖਜਲ ਖੁਆਰ ਹੁੰਦੇ ਹਨ।੨।੯।

ਪਦਾਰਥ = ਇਨਿ!–ਇਸ ਨੇ। ਜਗਦੀਸ–ਹੇ ਜਗਤ ਦੇ ਮਾਲਕ!। ਗੁਸਾਈ–ਹੇ ਧਰਤੀ ਦੇ ਮਾਲਕ ਪ੍ਰਭੂ!। ਬਿਸਾਰੇ–ਭੁਲਾ ਦਿਤੇ। ਕਿੰਚਤ–ਰੱਤਾ ਭਰ ਵੀ। ਨ ਉਪਜੈ–ਪੈਦਾ ਨਹੀਂ ਹੁੰਦੀ। ਜਨ ਕਉ–ਮਨੁੱਖਾਂ ਨੂੰ। ਕਹਾ ਕਰਹਿ–ਕੀ ਕਰਨ? ਜਨ ਬੇਚਾਰੇ–ਬੇ ਬਸ (ਸਹਾਇਤਾ ਰਹਿਤ) ਮਨੁੱਖ।੧।ਰਹਾਉ। ਧ੍ਰਿਗੁ–ਫਿਟਕਾਰ ਯੋਗ। ਤਨੁ–ਸਰੀਰ। ਮਤਿ–ਅਕਲ। ਫੰਨੀ–ਵਲ ਛਲ ਵਾਲੀ; ਫਨਾਹ ਹੋ ਜਾਣ ਵਾਲੀ। ਕਉ–ਨੂੰ। ਦ੍ਰਿੜੁ ਕਰਿ ਰਾਖਹੁ–ਦ੍ਰਿੜ੍ਹਤਾ ਨਾਲ ਕਾਬੂ ਕਰਕੇ ਰੱਖੋ। ਬਾਂਧੇ–ਬੰਨ੍ਹਦੀ ਹੈ। ਆਪ ਬਚੰਨੀ–ਆਪ ਜੀ ਦੇ ਬਚਨਾਂ (ਹੁਕਮ) ਨਾਲ।੧। ਲੇਵਾ ਦੇਈ–ਲੈਣ ਦੇਣ ਦਾ ਕਾਰ ਵਿਹਾਰ। ਪਰਪੰਚ–ਪਸਾਰੇ ਦਾ। ਗੁਮਾਨਾ–ਹੰਕਾਰ। ਤੇ–ਉਹ (ਮਨੁੱਖ)। ਅੰਤਿ–ਅੰਤ ਨੂੰ। ਬਿਗੂਤੇ–ਖੁਆਰ ਹੁੰਦੇ ਹਨ; ਬਰਬਾਦ ਹੁੰਦੇ ਹਨ। ਕਾਲੁ–ਮੌਤ। ਨਿਦਾਨਾ–ਅੰਤ ਵੇਲੇ।੨।੯।

ਬਿਲਾਵਲੁ ॥ ਸਰੀਰ ਸਰੋਵਰ ਭੀਤਰੇ, ਆਛੈ ਕਮਲ ਅਨੂਪ ॥ ਪਰਮ ਜੋਤਿ ਪੁਰਖੋਤਮੋ, ਜਾ ਕੈ ਰੇਖ ਨ ਰੂਪ ॥੧॥ ਰੇ ਮਨ ਹਰਿ ਭਜੁ ਭ੍ਰਮੁ ਤਜਹੁ ,ਜਗਜੀਵਨ ਰਾਮ ॥੧॥ਰਹਾਉ॥ ਆਵਤ ਕਛੂ ਨ ਦੀਸਈ, ਨਹ ਦੀਸੈ ਜਾਤ ॥ ਜਹ ਉਪਜੈ ਬਿਨਸੈ ਤਹੀ, ਜੈਸੇ ਪੁਰਿਵਨ ਪਾਤ ॥੨॥ ਮਿਥਿਆ ਕਰਿ ਮਾਇਆ ਤਜੀ, ਸੁਖ ਸਹਜ ਬੀਚਾਰਿ ॥ ਕਹਿ ਕਬੀਰ ਸੇਵਾ ਕਰਹੁ ,ਮਨ ਮੰਝਿ ਮੁਰਾਰਿ ॥੩॥੧੦॥ (ਹੇ ਭਾਈ! ਮਨੁੱਖ ਦੇ) ਸਰੀਰ ਰੂਪ ਸਰੋਵਰ ਦੇ ਅੰਦਰ ਹੀ ਸੁੰਦਰ ਹਿਰਦਾ ਰੂਪ ਕਮਲ ਹੈ।(ਜਿਸ ਹਿਰਦੇ ਵਿਚ) ਉਤਮ ਤੇ ਪੁਰਖ ਪ੍ਰਮਾਤਮਾ ਦੀ ਪਰਮ ਜੋਤ ਪ੍ਰਕਾਸ਼ਵਾਨ ਹੈ, ਜਿਸ ਦਾ ਕੋਈ ਰੂਪ ਰੇਖ ਨਹੀਂ।੧। ਹੇ ਮੇਰੇ ਮਨ! ਭਰਮ ਛਡ ਦੇਹ ਤੇ ਹਰੀ ਦਾ ਭਜਨ ਕਰ, ਜੋ ਸਰਬ ਵਿਆਪਕ ਹੈ ਅਤੇ ਜਗਤ ਦਾ ਜੀਵਨ ਹੈ।੧।ਰਹਾਉ।(ਰੱਬੀ ਜੋਤ ਜੋ ਸਭ ਜੀਵਾਂ ਦੇ ਅੰਦਰ ਹੈ, ਉਹ) ਜੀਵ ਦੇ ਨਾ ਆਉਂਦਿਆਂ (ਜੰਮਣ ਵੇਲੇ) ਕੁਛ ਦਿਸਦੀ ਹੈ ਅਤੇ ਨਾ ਹੀ ਜਾਂਦਿਆਂ (ਜੀਵ ਦੇ ਮਰਨ

ਵੇਲੇ) ਦਿਸਦੀ ਹੈ। ਜਿਵੇਂ ਚੁਪੱਤੀ ਦੇ ਪੱਤੇ ਪਾਣੀ ਵਿਚ ਉਗ ਕੇ ਪਾਣੀ ਵਿਚ ਹੀ ਨਾਸ਼ ਹੋ ਜਾਂਦੇ ਹਨ, (ਤਿਵੇਂ ਜੀਵ) ਜਿਥੋਂ ਪੈਦਾ ਹੁੰਦਾ ਹੈ, ਨਾਸ਼ ਹੋ ਕੇ ਉਥੇ ਹੀ ਸਮਾ ਜਾਂਦਾ ਹੈ।੨।(ਭਰਮ ਦੇ ਕਾਰਣ ਸਭ ਕੁਛ ਸਾਨੂੰ ਸੱਤ ਪ੍ਰਤੀਤ ਹੁੰਦਾ ਹੈ। ਜਿਸ ਮਨੁੱਖ ਨੇ) ਆਤਮ ਸੁਖ ਦਾ ਵਿਚਾਰ ਕੀਤਾ ਹੈ (ਉਸ ਨੇ) ਮਿਥਿਆ ਜਾਣ ਕਰਕੇ ਮਾਇਆ ਛਡ ਦਿਤੀ ਹੈ। ਕਬੀਰ ਜੀ ਕਹਿੰਦੇ ਹਨ ਕਿ (ਹੇ ਭਾਈ!) ਜੋ ਪ੍ਰਭੂ ਮਨੁੱਖ ਦੇ ਮਨ ਵਿਚ ਹੀ ਹੈ, (ਉਸ ਦੀ) ਸੇਵਾ ਭਗਤੀ ਕਰੋ।੩।੧੦।

ਸਰੀਰ ਸਰੋਵਰ ਭੀਤਰੇ = ਸੁੰਦਰ ਸਰੂਪ ਪ੍ਰਭੂ ਜੋ ਕਮਲ ਫੁੱਲ ਦੀ ਨਿਆਈ ਨਿਰਲੇਪ ਹੈ, (ਉਹ ਸਭ ਜੀਵਾਂ ਦੇ) ਸਰੀਰ ਰੂਪ ਸਰੋਵਰ ਦੇ ਅੰਦਰ ਹੀ ਵਸਦਾ ਹੈ (ਟਕਸਾਲ; ਸ਼ਬਦਾਰਥ)।

ਆਵ ਕਛੂ ਨ ਦੀਸਈ = ਪ੍ਰਭੂ ਨਾ ਆਉਂਦਿਆਂ (ਜਨਮ ਲੈਂਦਾ) ਦਿਸਦਾ ਹੈ ਅਤੇ ਨਾ ਜਾਂਦਾ (ਮਰਦਾ) ਦਿਸਦਾ ਹੈ (ਉਹ ਜਨਮ ਮਰਨ ਤੋਂ ਰਹਿਤ ਹੈ। ਦੁਨੀਆਂ ਵਿਚ ਕੋਈ ਵੀ ਪਦਾਰਥ) ਜਿਥੋਂ ਪੈਦਾ ਹੁੰਦਾ ਹੈ, ਉਹ ਉਥੇ ਹੀ ਨਾਸ਼ ਹੋ ਜਾਂਦਾ ਹੈ, ਜਿਸ ਤਰ੍ਹਾਂ ਚੁਪੱਤੀ ਦੇ ਪੱਤੇ ਪਾਣੀ ਵਿਚੋਂ ਪੈਦਾ ਹੋ ਕੇ ਪਾਣੀ ਵਿਚ ਹੀ ਨਾਸ਼ ਹੋ ਜਾਂਦੇ ਹਨ।੨।

ਪਦਾਰਥ = ਭੀਤਰੇ-ਅੰਦਰ। ਆਛੈ-ਹੈ। ਅਨੂਪ-ਸੁੰਦਰ; ਬੇ ਮਿਸਾਲ (ਜਿਸ ਦੀ ਉਪਮਾ ਕਹੀ ਨਹੀਂ ਜਾ ਸਕਦੀ)। ਪਰਮ-ਸਭ ਤੋਂ ਵੱਡਾ। ਪੁਰਖੋਤਮੋ-ਉਤਮ ਪੁਰਖ ਪ੍ਰਭੂ। ਜਾ ਕੈ-ਜਿਸ ਦਾ। ਰੇਖ-ਹੱਥਾਂ ਪੈਰਾਂ ਦੀਆਂ ਲਕੀਰਾਂ। ਰੂਪ-ਅਕਾਰ।੧। ਰੇ ਮਨ-ਹੇ ਮਨ!। ਭਜੁ-ਭਜਨ ਕਰ। ਭ੍ਰਮੁ ਤਜਹੁ-ਭਰਮ ਛਡ ਦੇਹ। ਜਗਜੀਵਨ-ਜਗਤ ਦਾ ਜੀਵਨ। ਰਾਮ-ਵਿਆਪਕ ਪ੍ਰਭੂ।੧। ਰਹਾਉ। ਆਵਤ-ਆਉਂਦਿਆਂ। ਨ ਦੀਸਈ-ਨਹੀਂ ਦਿਸਦੀ। ਜਾਤ-ਜਾਂਦਿਆਂ। ਜਹ-ਜਿਥੇ। ਉਪਜੈ-ਪੈਦਾ ਹੁੰਦਾ ਹੈ। ਬਿਨਸੈ-ਨਾਸ਼ ਹੋ ਕੇ। ਤਹੀ-ਉਥੇ ਹੀ। ਪੁਰਿਵਨ-ਚੁਪੱਤੀ ਦੇ। ਪਾਤ-ਪੱਤੇ।੨। ਮਿਥਿਆ ਕਰਿ-ਨਾਸ਼ਵੰਤ ਜਾਣ ਕਰਕੇ। ਤਜੀ-ਛਡ ਦਿਤੀ। ਸੁਖ ਸਹਜ -ਆਤਮਕ ਸੁਖ। ਸੇਵਾ ਕਰਹੁ-ਸੇਵਾ ਭਗਤੀ ਕਰੋ। ਮੰਝਿ-ਵਿਚ। ਮੁਰਾਰਿ-ਹੰਕਾਰ ਨੂੰ ਮਾਰਨ ਵਾਲਾ ਪ੍ਰਭੂ।੩।੧੦।

ਬਿਲਾਵਲੁ ॥ ਜਨਮ ਮਰਨ ਕਾ ਭ੍ਰਮੁ ਗਇਆ, ਗੋਬਿਦ ਲਿਵ ਲਾਗੀ ॥ ਜੀਵਤ ਸੁੰਨਿ ਸਮਾਨਿਆ, ਗੁਰ ਸਾਖੀ ਜਾਗੀ ॥੧॥ਰਹਾਉ ॥ ਕਾਸੀ ਤੇ ਧੁਨਿ ਊਪਜੈ, ਧੁਨਿ ਕਾਸੀ ਜਾਈ ॥ ਕਾਸੀ ਫੂਟੀ ਪੰਡਿਤਾ, ਧੁਨਿ ਕਹਾ ਸਮਾਈ ॥੧॥ ਤ੍ਰਿਕੁਟੀ ਸੰਧਿ ਮੈ ਪੇਖਿਆ, ਘਟ ਹੂ ਘਟ ਜਾਗੀ ॥ ਐਸੀ ਬੁਧਿ ਸਮਾਚਰੀ, ਘਟ ਮਾਹਿ ਤਿਆਗੀ ॥੨॥ ਆਪੁ ਆਪ ਤੇ ਜਾਨਿਆ, ਤੇਜ ਤੇਜੁ ਸਮਾਨਾ ॥ ਕਹੁ ਕਬੀਰ ਅਬ ਜਾਨਿਆ, ਗੋਬਿਦ ਮਨੁ ਮਾਨਾ ॥੩॥੧੧॥ (ਕਬੀਰ ਜੀ ਇਕ ਪੰਡਤ ਨਾਲ ਗਿਆਨ ਚਰਚਾ ਕਰਦੇ ਹੋਏ ਆਖਦੇ ਹਨ ਕਿ ਹੇ ਪੰਡਤ ਜੀ! ਮੇਰੀ) ਗੋਬਿੰਦ ਨਾਲ ਲਿਵ ਲਗ ਗਈ ਹੈ, (ਜਿਸ ਕਰਕੇ ਮੇਰੇ) ਜਨਮ ਮਰਨ ਦਾ ਭਰਮ ਮੁੱਕ ਗਿਆ ਹੈ। ਮੈਂ ਜਿਉਂਦਿਆ ਅਫੁਰ ਅਵਸਥਾ ਵਿਚ ਸਮਾ ਗਿਆ ਹਾਂ, (ਕਿਉਂਕਿ) ਗੁਰੂ ਦੀ ਸਿੱਖਿਆ ਰਾਹੀਂ (ਅਗਿਆਨ ਦੀ ਨੀਂਦ ਵਿਚੋਂ ਮੇਰੀ) ਸੁਰਤ ਜਾਗ ਪਈ ਹੈ।੧। ਰਹਾਉ।(ਹੇ ਪੰਡਤ ਜੀ!) ਕਾਂਸੀ ਦੇ ਭਾਂਡੇ ਤੋਂ ਜੋ ਅਵਾਜ ਪੈਦਾ ਹੁੰਦੀ ਹੈ, ਤਾਂ ਉਹ ਅਵਾਜ (ਬੰਦ ਹੋ ਕੇ ਹੌਲੀ ਹੌਲੀ) ਕਾਂਸੀ ਦੇ ਭਾਂਡੇ ਵਿਚ ਹੀ ਚਲੇ ਜਾਂਦੀ ਹੈ। ਹੇ ਪੰਡਤ ਜੀ! (ਜਦ ਉਹ) ਕਾਂਸੀ ਦਾ ਭਾਂਡਾ ਟੁੱਟ ਗਿਆ, ਤਾਂ ਅਵਾਜ ਕਿੱਥੇ ਸਮਾ ਜਾਂਦੀ ਹੈ? (ਪੁਲਾੜ ਵਿਚ ਚਲੇ ਸਮਾ ਗਈ, ਇਸੇ ਤਰ੍ਹਾਂ ਜੀਵ ਦੇ ਮਰਨ ਨਾਲ ਆਤਮ ਜੋਤ ਪਰਮ ਜੋਤ ਜਾ ਮਿਲਦੀ ਹੈ)।੧। ਤਿੰਨ ਗੁਣਾਂ ਦੇ ਮੇਲ ਵਾਲੇ ਸੰਸਾਰ ਵਿਚ ਜਦ ਮੈਂ ਦੇਖਿਆ, ਤਾਂ ਹਰੇਕ ਜੀਵ ਦੇ ਹਿਰਦੇ ਵਿਚ ਪ੍ਰਭੂ ਦੀ ਜੋਤ ਜਗੀ ਹੋਈ ਨਿਸਚੇ ਕੀਤੀ।(ਜਦ ਮੈਂ) ਇਹੋ ਜਿਹੀ ਬੁੱਧੀ ਚੰਗੀ ਤਰ੍ਹਾਂ ਗ੍ਰਹਣ ਕੀਤੀ, ਤਾਂ ਮੈਂ ਸਰੀਰ ਦੇ ਅੰਦਰ ਹੀ ਤਿਆਗੀ ਹੋ ਗਿਆ ਹਾਂ।੨। ਮੈਂ ਅਪਣੇ ਆਪ ਤੋਂ ਅਪਣੇ ਆਪ ਨੂੰ ਜਾਣ ਲਿਆ ਹੈ (ਅੰਦਰੋਂ ਹੀ ਸੋਝੀ ਹੋ ਗਈ ,ਇਉਂ ਮੇਰੀ) ਆਤਮ ਜੋਤ ਪ੍ਰਭੂ ਦੀ ਜੋਤ ਵਿਚ ਮਿਲ ਗਈ ਹੈ। ਕਬੀਰ ਜੀ ਆਖਦੇ ਹਨ ਕਿ ਮੈਂ ਹੁਣ ਜਾਣ ਲਿਆ (ਗਿਆਨ ਹੋ ਗਿਆ) ਹੈ ਅਤੇ ਗੋਬਿੰਦ ਨਾਲ ਮੇਰਾ ਮਨ ਮੰਨ ਗਿਆ ਹੈ (ਗੋਬਿੰਦ ਵਿਚ ਪੂਰਨ ਵਿਸ਼ਵਾਸ ਬੱਝ ਗਿਆ ਹੈ)।੩।੧੧।

ਪਦਾਰਥ = ਭ੍ਰਮੁ-ਭਰਮ; ਭਟਕਣਾ; ਮਿਥਿਆ ਗਿਆਨ। ਗਇਆ-ਮੁੱਕ ਗਿਆ। ਲਿਵ ਲਾਗੀ-ਲਗਨ ਲਗ ਗਈ; ਸੁਰਤ ਜੁੜ ਗਈ। ਸੁੰਨਿ-ਫੁਰਨਿਆਂ ਤੋਂ ਰਹਿਤ ਅਵਸਥਾ (ਜਿਸ ਵਿਚ ਕੋਈ ਫੁਰਨਾ ਨਹੀਂ ਫੁਰਦਾ)। ਸਮਾਨਿਆ-ਸਮਾ ਗਿਆ ਹਾਂ। ਸਾਖੀ-ਸਿੱਖਿਆ ਰਾਹੀਂ। ਜਾਗੀ-(ਸੁਰਤ) ਜਾਗ ਪਈ।੧। ਕਾਸੀ-ਕਾਂਸੀ ਦਾ ਭਾਂਡਾ ਜਾਂ ਘੰਟਾ। ਤੇ-ਤੋਂ। ਧੁਨਿ-ਅਵਾਜ। ਊਪਜੈ-ਪੈਦਾ ਹੁੰਦੀ ਹੈ। ਜਾਈ-ਚਲੇ ਜਾਂਦੀ ਹੈ। ਫੂਟੀ-ਟੁੱਟ ਗਈ। ਪੰਡਿਤਾ-ਹੇ ਪੰਡਤ!। ਕਹਾ-ਕਿੱਥੇ। ਸਮਾਈ-ਸਮਾਉਂਦੀ ਹੈ।੧। ਤ੍ਰਿਕੁਟੀ-ਤਿੰਨ ਗੁਣਾਂ ਦੇ। ਸੰਧਿ-ਮੇਲ ਵਾਲੇ (ਸੰਸਾਰ ਵਿਚ)। ਪੇਖਿਆ-ਦੇਖਿਆ। ਘਟ ਹੂ ਘਟ-ਹਰੇਕ ਜੀਵ ਦੇ ਹਿਰਦੇ ਵਿਚ। ਜਾਗੀ-ਜਗੀ (ਪ੍ਰਕਾਸ਼ੀ) ਹੋਈ। ਸਮਾਚਰੀ-ਗ੍ਰਹਿਣ ਕੀਤੀ। ਘਟ ਮਾਹਿ-ਸਰੀਰ ਦੇ ਅੰਦਰ ਹੀ। ਤਿਆਗੀ-ਵਿਰੱਕਤ (ਮੋਹ ਮਾਇਆ ਦਾ

ਤਿਆਗ ਕਰਨ ਵਾਲਾ ਮਨੁੱਖ)।੨।ਆਪ ਆਪ ਤੇ–ਅਪਣੇ ਆਪ ਤੋਂ ਹੀ ਅਪਣੇ ਆਪ ਨੂੰ।ਤੇਜੁ–ਪ੍ਰਭੂ ਦੀ ਜੋਤ।ਸਮਾਨਾ–ਰਲ ਗਈ।ਅਬ–ਹੁਣ।ਮਨੁ ਮਾਨਾ–ਮਨ ਮੰਨ ਗਿਆ; ਮਨ ਪਤੀਜ (ਪੂਰਨ ਵਿਸ਼ਵਾਸ ਬੱਝ) ਗਿਆ।੩।੧੧।

ਬਿਲਾਵਲੁ ॥ ਚਰਨ ਕਮਲ ਜਾ ਕੈ ਰਿਦੈ ਬਸਹਿ, ਸੋ ਜਨੁ ਕਿਉ ਡੋਲੈ ਦੇਵ ॥ ਮਾਨੌ ਸਭ ਸੁਖ ਨਉ ਨਿਧਿ ਤਾ ਕੈ, ਸਹਜਿ ਸਹਜਿ ਜਸੁ ਬੋਲੈ ਦੇਵ ॥ਰਹਾਉ॥ ਤਬ ਇਹ ਮਤਿ ਜਉ ਸਭ ਮਹਿ ਪੇਖੈ, ਕੁਟਿਲ ਗਾਂਠਿ ਜਬ ਖੋਲੈ ਦੇਵ ॥ ਬਾਰੰਬਾਰ ਮਾਇਆ ਤੇ ਅਟਕੈ, ਲੈ ਨਰਜਾ ਮਨੁ ਤੋਲੈ ਦੇਵ ॥੧॥ ਜਹ ਉਹੁ ਜਾਇ ਤਹੀ ਸੁਖੁ ਪਾਵੈ, ਮਾਇਆ ਤਾਸੁ ਨ ਝੋਲੈ ਦੇਵ ॥ ਕਹਿ ਕਬੀਰ ਮੇਰਾ ਮਨੁ ਮਾਨਿਆ, ਰਾਮ ਪ੍ਰੀਤਿ ਕੀਓ ਲੈ ਦੇਵ ॥੨॥੧੨॥ (ਹੇ ਭਾਈ!) ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਦੇ ਚਰਨ ਕਮਲ ਵਸਦੇ ਹਨ, ਉਹ ਮਨੁੱਖ ਕਿਵੇਂ ਡੋਲ ਸਕਦਾ ਹੈ? (ਨਹੀਂ ਡੋਲ ਸਕਦਾ)।ਮਾਨੋਂ (ਦੁਨੀਆਂ ਦੇ) ਸਾਰੇ ਸੁਖ ਤੇ ਨੌਂ ਨਿਧੀਆਂ ਉਸ ਦੇ ਪਾਸ ਆ ਗਏ ਹਨ, ਜੋ ਪੂਰਨ ਅਡੋਲਤਾ ਨਾਲ ਹਰੀ ਦਾ ਜਸ ਗਾਉਂਦਾ ਹੈ।੧।ਰਹਾਉ।(ਹੇ ਭਾਈ!) ਜਦ (ਮਨੁੱਖ) ਸਾਰੇ ਜੀਵਾਂ ਵਿਚ ਪ੍ਰਭੂ ਨੂੰ ਦੇਖਦਾ ਹੈ, ਤਦ ਹੀ ਇਹ ਚੰਗੀ ਅਕਲ ਪਗਟ ਹੁੰਦੀ ਹੈ, ਜਦ ਪ੍ਰਭੂ (ਕ੍ਰਿਪਾ ਕਰਕੇ ਮਨੁੱਖ ਦੇ ਅੰਦਰੋਂ) ਟੇਢੀ ਗੰਢ ਖੋਲ੍ਹ ਦਿੰਦਾ ਹੈ, (ਫਿਰ ਉਹ ਮਨੁੱਖ ਅਪਣੇ ਮਨ ਨੂੰ) ਬਾਰ ਬਾਰ ਮਾਇਆ ਵੱਲੋਂ ਮੋੜਦਾ ਹੈ ਅਤੇ ਤੱਕੜੀ ਲੈ ਕੇ (ਅਪਣੇ) ਮਨ ਨੂੰ ਤੋਲਦਾ ਹੈ (ਅਪਣੇ ਆਪ ਨੂੰ ਵਿਚਾਰਦਾ ਹੈ।੧।ਅਜੇਹਾ ਮਨੁੱਖ) ਜਿੱਥੇ ਵੀ ਜਾਂਦਾ ਹੈ, ਉਥੇ ਸੁਖ ਪਾਉਂਦਾ ਹੈ ਅਤੇ ਮਾਇਆ ਉਸ ਨੂੰ ਡੁਲਾ ਨਹੀਂ ਸਕਦੀ।ਕਬੀਰ ਜੀ ਕਹਿੰਦੇ ਹਨ ਕਿ ਜਦ ਮੈਂ ਮਨ ਨੂੰ ਰਾਮ ਦੀ ਪ੍ਰੀਤੀ ਵਿਚ ਲੈ (ਲੀਨ) ਕੀਤਾ ਤਾਂ ਮੇਰਾ ਮਨ ਮੰਨ ਗਿਆ ਹੈ; ਰਾਮ ਦੀ ਪ੍ਰੀਤ ਦੇ ਆਸਰੇ ਮੇਰਾ ਮਨ ਮੰਨ ਗਿਆ ਹੈ।੨।੧੨।

ਪਦਾਰਥ = ਜਾ ਕੈ–ਜਿਸ ਦੇ।ਰਿਦੈ–ਹਿਰਦੇ ਵਿਚ।ਸੋ ਜਨੁ–ਉਹ ਮਨੁੱਖ।ਕਿਉ ਡੋਲੈ–ਕਿਵੇਂ ਡੋਲ ਸਕਦਾ ਹੈ? ਦੇਵ–ਪ੍ਰਭੂ। ।ਮਾਨੌ–ਸਮਝ ਲਵੋ।ਨਉ ਨਿਧਿ–ਦੁਨੀਆਂ ਦੇ ਸਾਰੇ ਖਜਾਨੇ।ਤਾ ਕੈ–ਉਸ ਦੇ ਪਾਸ।ਸਹਜਿ–ਅਡੋਲ ਅਵਸਥਾ ਨਾਲ; ਸੁਤੇ ਸਿੱਧ।ਜਸੁ ਬੋਲੈ–ਜਸ ਗਾਉਂਦਾ ਹੈ।ਰਹਾਉ।ਤਬ–ਤਦ।ਮਤਿ–ਚੰਗੀ ਅਕਲ।ਜਉ–ਜਦੋਂ।ਸਭ ਮਹਿ–ਸਾਰੇ ਜੀਵਾਂ ਵਿਚ।ਪੇਖੈ–ਦੇਖਦਾ ਹੈ।ਕੁਟਿਲ ਗਾਂਠਿ–ਅਵਿਦਿਆ ਦੀ ਗੱਠ (ਮ.ਕੋ.)।ਜਬ–ਜਦੋਂ।ਬਾਰੰਬਾਰ–ਬਾਰ ਬਾਰ (ਮੁੜ ਮੁੜ)।ਅਟਕੈ–ਰੋਕਦਾ ਹੈ ।ਲੈ ਨਰਜਾ–ਤੱਕੜੀ ਲੈ ਕੇ।ਤੋਲੈ–ਤੋਲਦਾ (ਵਿਚਾਰਦਾ) ਹੈ।੧।ਜਹ–ਜਿੱਥੇ।ਜਾਇ–ਜਾਂਦਾ ਹੈ।ਤਹ–ਉਥੇ।ਤਾਸੁ–ਉਸ ਨੂੰ।ਨ ਝੋਲੈ–ਡੁਲਾ ਨਹੀਂ ਸਕਦੀ; ਹਿਲੋਰਾ ਨਹੀਂ ਦੇਂਦੀ।ਮਨੁ ਮਾਨਿਆ–ਮਨ ਪਤੀਜ ਗਿਆ; ਮਨ ਸ਼ਰਧਾਵਾਨ ਹੋ ਗਿਆ।ਕੀਓ ਲੈ–ਲੀਨ ਕੀਤਾ (ਫ.ਸ.; ਦਰਪਣ; ਸ਼ਬਦਾਰਥ)।ਕੀ ਓਲੈ–ਦੇ ਆਸਰੇ (ਸੰ.ਸ.; ਨਿਰਣੈ)।੨।੧੨।

ਬਿਲਾਵਲੁ ਬਾਣੀ ਭਗਤ ਨਾਮ ਦੇਵ ਜੀ ਕੀ ੴ ਸਤਿਗੁਰ ਪ੍ਰਸਾਦਿ ॥ ਸਫਲ ਜਨਮੁ ਮੋਕਉ ਗੁਰ ਕੀਨਾ ॥ ਦੁਖ ਬਿਸਾਰਿ ਸੁਖ ਅੰਤਰਿ ਲੀਨਾ ॥੧॥(ਭਗਤ ਨਾਮ ਦੇਵ ਜੀ ਦਸਦੇ ਹਨ ਕਿ ਮਨੁੱਖਾ ਜੀਵਨ ਕਿਵੇਂ ਸਫਲ ਹੋਇਆ ਹੈ।ਹੇ ਭਾਈ!) ਗੁਰੂ ਨੇ ਮੈਨੂੰ (ਨਾਮ ਦੇ ਕੇ ਮੇਰਾ) ਜੀਵਨ ਸਫਲ ਕਰ ਦਿਤਾ ਹੈ।ਮੈਂ ਦੁਖ ਭੁਲਾ ਕੇ ਸੁੱਖਾਂ ਅੰਦਰ ਲੀਨ ਹੋਇਆ ਹਾਂ।੧।

ਅੰਗ ੮੫੮ = ਗਿਆਨ ਅੰਜਨੁ ਮੋਕਉ ਗੁਰਿ ਦੀਨਾ ॥ ਰਾਮ ਨਾਮ ਬਿਨੁ ਜੀਵਨੁ ਮਨ ਹੀਨਾ ॥੧॥ਰਹਾਉ॥ ਨਾਮ ਦੇਇ ਸਿਮਰਨੁ ਕਰਿ ਜਾਨਾਂ ॥ ਜਗਜੀਵਨ ਸਿਉ ਜੀਉ ਸਮਾਨਾਂ ॥੨॥੧॥ (ਮਨ ਤੇ ਬੁੱਧੀ ਰੂਪ ਅੱਖਾਂ ਵਿਚ ਪਾਉਣ ਵਾਸਤੇ) ਮੈਨੂੰ ਗੁਰੂ ਨੇ ਗਿਆਨ ਰੂਪ ਸੁਰਮਾ ਬਖਸ਼ ਦਿਤਾ ਹੈ।(ਹੁਣ ਗਿਆਨ ਹੋ ਗਿਆ ਹੈ ਕਿ) ਰਾਮ ਦੇ ਨਾਮ ਤੋਂ ਬਿਨਾ ਜੀਵਨ ਬਿਅਰਥ ਹੈ ਅਤੇ ਮਨ ਗੁਣਾਂ ਤੋਂ ਹੀਣਾ ਹੈ।੧।ਰਹਾਉ।(ਹੇ ਭਾਈ!) ਮੈਂ ਨਾਮ ਦੇਵ ਨੇ ਸਿਮਰਨ ਕਰਕੇ ਪ੍ਰਭੂ ਨੇ ਜਾਣਿਆ ਹੈ।(ਇਸ ਤਰ੍ਹਾਂ) ਜਗਤ ਨੂੰ ਜੀਵਨ ਦੇਵ ਵਾਲੇ ਪ੍ਰਭੂ ਨਾਲ ਮੇਰਾ ਮਨ ਸਮਾ ਗਿਆ ਹੈ।੨।੧।

ਪਦਾਰਥ = ਮੋਕਉ–ਮੈਨੂੰ।ਕੀਨਾ–ਕੀਤਾ।ਬਿਸਾਰਿ–ਭੁਲਾ ਕੇ।ਸੁਖ ਅੰਤਰਿ–ਸੁਖਾਂ ਅੰਦਰ।ਲੀਨਾ–ਲੀਨ ਹੋ ਗਿਆ ਹਾਂ।੧। ਅੰਜਨੁ–ਸੁਰਮਾ।ਗੁਰਿ–ਗੁਰੂ ਨੇ।ਦੀਨਾ–ਦਿਤਾ ਹੈ।ਰਾਮ–ਸਰਬ ਵਿਆਪ ਪ੍ਰਭੂ।ਮਨ ਹੀਨਾ–ਮੁਰਝਾਏ ਮਨ ਵਾਲਾ (ਮ.ਕੋ.); ਅਪਮਾਨਿਤ (ਮ.ਕੋ.); ਦੈਵੀ ਗੁਣਾਂ ਤੋਂ ਖਾਲੀ ਮਨ।੧।ਰਹਾਉ।ਨਾਮ ਦੇਇ–ਨਾਮ ਦੇਵ ਨੇ।ਕਰਿ–ਕਰਕੇ।ਜਾਨਾ–ਜਾਣਿਆ ਹੈ ।ਜਗਜੀਵਨ ਸਿਉ–ਜਗਤ ਨੂੰ ਜੀਵਨ ਦੇਣ ਵਾਲੇ ਪ੍ਰਭੂ ਨਾਲ।ਜੀਉ–ਮਨ; ਜਿੰਦ।ਸਮਾਨਾ–ਸਮਾ ਗਿਆ ਹੈ।੨।੧।

ਬਿਲਾਵਲੁ ਬਾਣੀ ਰਵਿਦਾਸ ਭਗਤ ਕੀ ੴ ਸਤਿਗੁਰ ਪ੍ਰਸਾਦਿ ॥ ਦਾਰਿਦੁ ਦੇਖਿ ਸਭ ਕੋ ਹਸੈ, ਐਸੀ ਦਸਾ ਹਮਾਰੀ ॥ ਅਸਟ ਦਸਾ ਸਿਧਿ ਕਰ ਤਲੈ, ਸਭ ਕ੍ਰਿਪਾ ਤੁਮਾਰੀ ॥੧॥ ਤੂ ਜਾਨਤ ਮੈ ਕਿਛੁ ਨਹੀ, ਭਵ ਖੰਡਨ ਰਾਮ ॥ ਸਗਲ ਜੀਅ ਸਰਨਾਗਤੀ, ਪ੍ਰਭ ਪੂਰਨ ਕਾਮ ॥੧॥ਰਹਾਉ॥ ਜੋ ਤੇਰੀ ਸਰਨਾਗਤਾ, ਤਿਨ ਨਾਹੀ ਭਾਰੁ ॥ ਊਚ ਨੀਚ ਤੁਮ ਤੇ ਤਰੇ, ਆਲਜੁ

ਸੰਸਾਰੁ ॥੨॥ ਕਹਿ ਰਵਿਦਾਸ ਅਕਥ ਕਥਾ, ਬਹੁ ਕਾਇ ਕਰੀਜੈ ॥ ਜੈਸਾ ਤੂ ਤੈਸਾ ਤੁਹੀ, ਕਿਆ ਉਪਮਾ ਦੀਜੈ ॥੩॥੧॥(ਹੇ ਪ੍ਰਭੂ !) ਮੇਰੀ ਗਰੀਬੀ ਦੇਖ ਕੇ ਸਭ ਕੋਈ ਹਸਦਾ ਸੀ, ਇਹੋ ਜਿਹੀ (ਗਰੀਬੀ ਦੀ) ਦਸ਼ਾ ਸੀ।(ਹੁਣ) ਅਠਾਰਾਂ ਸਿਧੀਆਂ ਮੇਰੇ ਹੱਥ ਦੀ ਤਲੀ ਉਤੇ ਹਨ, ਇਹ ਸਭ ਤੇਰੀ ਕ੍ਰਿਪਾ ਹੋਈ ਹੈ।੧।ਹੇ ਜਨਮ ਮਰਨ ਨਾਸ਼ ਕਰਨ ਵਾਲੇ ਪ੍ਰਭੂ ! ਤੂੰ ਜਾਣਦਾ ਹੈਂ ਕਿ ਮੈਂ ਕੁਛ ਨਹੀਂ ਹਾਂ (ਤੂੰ ਅੰਤਰਜਾਮੀ ਹੈਂ, ਮੈਂ ਬਹੁਤ ਤੁੱਛ ਜਿਹਾ ਜੀਵ ਹਾਂ)।ਹੇ ਸਭ ਜੀਵਾਂ ਦੀਆਂ ਕਾਮਨਾ ਪੂਰਨ ਕਰਨ ਵਾਲੇ ਪ੍ਰਭੂ ! ਸਾਰੇ ਜੀਵ ਤੇਰੀ ਸ਼ਰਨ ਵਿਚ ਆਉਂਦੇ ਹਨ।੧।ਰਹਾਉ।(ਹੇ ਪ੍ਰਭੂ !) ਜੋ ਮਨੁੱਖ ਤੇਰੀ ਸਰਨ ਵਿਚ ਆਏ ਹਨ, ਉਨ੍ਹਾਂ ਦੀ ਆਤਮਾ ਤੇ ਪਾਪਾਂ ਦਾ ਬੋਝ ਨਹੀਂ ਰਹਿੰਦਾ।ਉਚੇ ਨੀਵੇਂ (ਸਭ ਤਰ੍ਹਾਂ ਦੇ) ਜੀਵ ਤੇਰੇ ਤੋਂ (ਤੇਰੀ ਕਿਰਪਾ ਨਾਲ) ਬੰਧਨ ਰੂਪ ਸੰਸਾਰ ਤੋਂ ਤਰ ਗਏ ਹਨ।੨।ਰਵਿਦਾਸ ਜੀ ਕਹਿੰਦੇ ਹਨ ਕਿ (ਹੇ ਪ੍ਰਭੂ ! ਤੇਰੀ) ਕਥਾ ਅਕੱਥ ਹੈ, (ਇਸ ਲਈ) ਕਿਸ ਵਾਸਤੇ ਬਹੁਤੀ ਕਥਾ ਕਰੀਏ (ਕਿਉਂਕਿ ਤੇਰੀ ਕਥਾ ਬੇਅੰਤ ਹੈ, ਇਸ ਕਥਾ ਦਾ ਕੋਈ ਅੰਤ ਨਹੀਂ)।ਜਿਹੋ ਜਿਹਾ ਤੂੰ ਹੈਂ, ਉਹੋ ਜਿਹਾ ਤੂੰ ਹੀ ਹੈਂ, (ਇਸ ਲਈ ਮੈਂ ਤੈਨੂੰ) ਕਿਹੜੀ ਉਪਮਾ ਦੇਵਾਂ? (ਕਿਉਂਕਿ ਤੇਰਾ ਵਰਗਾ ਹੋਰ ਕੋਈ ਨਹੀਂ)।੩।੧।

ਪਦਾਰਥ = ਦਾਰਿਦੁ–ਗਰੀਬੀ।ਸਭ ਕੋ–ਸਭ ਕੋਈ (ਹਰੇਕ ਜੀਵ)।ਹਸੈ–ਹਸਦਾ (ਮਖੌਲ ਕਰਦਾ) ਸੀ।ਦਸਾ–ਦਸ਼ਾ (ਹਾਲਤ)। ਹਮਾਰੀ–ਮੇਰੀ।ਅਸਟ ਦਸਾ ਸਿਧਿ–ਅਠਾਰਾਂ ਸਿਧੀਆਂ।ਕਰ ਤਲੈ–ਹਥ ਦੀ ਤਲੀ ਉਤੇ।੧।ਭਵ ਖੰਡਨ ਰਾਮ–ਹੇ ਜਨਮ ਮਰਨ ਨਾਸ਼ ਕਰਨ ਵਾਲੇ ਵਾਲੇ ਪ੍ਰਭੂ !।ਸਗਲ ਜੀਅ–ਸਾਰੇ ਜੀਵ।ਸਰਨਾਗਤੀ–ਸਰਨ ਵਿਚ ਆਉਂਦੇ ਹਨ।ਪੂਰਨ ਕਾਮ–ਹੇ ਸਭ ਦੀਆਂ ਕਾਮਨਾ ਪੂਰਨ ਕਰਨ ਵਾਲੇ !।੧।ਰਹਾਉ।ਸਰਨਾਗਤਾ–ਸਰਨ ਵਿਚ ਆਉਂਦੇ ਹਨ।ਤਿਨ–ਉਨ੍ਹਾਂ ਦੀ।ਭਾਰੁ–ਪਾਪਾਂ ਦਾ ਬੋਝ; ਦੁਖ।ਤੁਮ ਤੇ–ਤੇਰੇ ਤੋਂ।ਤਰੇ–ਤਰ ਗਏ ਹਨ।ਆਲਜੁ–ਬੰਧਨ; ਨਿਰਲੱਜ; ਢੀਠ।੨।ਅਕਥ ਕਥਾ–ਬਿਆਨ ਨਾ ਹੋ ਸਕਣ ਵਾਲੀ ਕਥਾ।ਬਹੁ–ਬਹੁਤ।ਕਾਇ–ਕਿਸ ਵਾਸਤੇ।ਤੁਹੀ–ਤੂੰ ਹੀ।ਉਪਮਾ–ਤੁਲਨਾ; ਬਰਾਬਰੀ।੩।੧।

ਬਿਲਾਵਲੁ ॥ ਜਿਹ ਕੁਲ ਸਾਧੁ ਬੈਸਨੋ ਹੋਇ ॥ ਬਰਨ ਅਬਰਨ ਰੰਕੁ ਨਹੀ ਈਸੁਰੁ ,ਬਿਮਲ ਬਾਸੁ ਜਾਨੀਐ ਜਗਿ ਸੋਇ ॥੧॥ ਰਹਾਉ॥ ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ, ਡੋਮ ਚੰਡਾਰ ਮਲੇਛ ਮਨ ਸੋਇ ॥ ਹੋਇ ਪੁਨੀਤ ਭਗਵੰਤ ਭਜਨ ਤੇ, ਆਪੁ ਤਾਰਿ ਤਾਰੇ ਕੁਲ ਦੋਇ ॥੧॥ ਧੰਨਿ ਸੁ ਗਾਉ ਧੰਨਿ ਸੋ ਠਾਉ ,ਧੰਨਿ ਪੁਨੀਤ ਕੁਟੰਬ ਸਭ ਲੋਇ ॥ ਜਿਨਿ ਪੀਆ ਸਾਰ ਰਸੁ ਤਜੇ ਆਨ ਰਸ, ਹੋਇ ਰਸ ਮਗਨ ਡਾਰੇ ਬਿਖੁ ਖੋਇ ॥੨॥ ਪੰਡਿਤ ਸੂਰ ਛਤ੍ਰਪਤਿ ਰਾਜਾ, ਭਗਤ ਬਰਾਬਰਿ ਅਉਰੁ ਨ ਕੋਇ ॥ ਜੈਸੇ ਪੁਰੈਨ ਪਾਤ ਰਹੈ ਜਲ ਸਮੀਪ, ਭਨਿ ਰਵਿਦਾਸ ਜਨਮੇ ਜਗਿ ਓਇ ॥੩॥੨॥(ਹੇ ਭਾਈ !) ਜਿਸ ਕੁਲ ਵਿਚ ਪ੍ਰਭੂ ਦਾ ਸ੍ਰੇਸਟ ਭਗਤ ਪੈਦਾ ਹੋਵੇ।(ਉਹ ਭਾਵੇਂ) ਉਚੀ ਜਾਤ ਜਾਂ ਨੀਵੀਂ ਜਾਤ ਦਾ ਹੋਵੇ, ਗਰੀਬ ਜਾਂ ਅਮੀਰ ਹੋਵੇ, (ਉਸ ਦੀ ਜਾਤ ਜਾਂ ਅਮੀਰੀ ਗਰੀਬੀ ਆਦਿ) ਨਹੀਂ ਦੇਖੀ ਜਾਂਦੀ, ਉਹ ਸਾਰੇ ਸੰਸਾਰ ਵਿਚ ਪਵਿਤ੍ਰ ਮਹਿਕ ਵਾਲਾ ਜਾਣਿਆ ਜਾਂਦਾ ਹੈ।੧।ਰਹਾਉ।(ਹੇ ਭਾਈ ! ਭਾਵੇਂ ਕੋਈ) ਬ੍ਰਾਹਮਣ, ਵੈਸ਼, ਸੂਦ੍ਰ ਅਤੇ ਖਤ੍ਰੀ ਹੋਵੇ, ਭਾਵੇਂ ਉਹ ਡੂਮ, ਚੰਡਾਲ ਜਾਂ ਮੈਲੇ ਮਨ ਵਾਲਾ ਹੋਵੇ।ਪ੍ਰਮਾਤਮਾ ਦੇ ਭਜਨ ਨਾਲ ਉਹ ਪਵਿਤ੍ਰ ਹੋ ਜਾਂਦਾ ਹੈ, (ਉਹ) ਅਪਣੇ ਆਪ ਨੂੰ ਸੰਸਾਰ ਸਮੁੰਦਰ ਤੋਂ ਤਾਰ ਕੇ (ਨਾਨਕੇ ਦਾਦਕੇ ਦੀਆਂ) ਦੋਹਾਂ ਕੁਲਾਂ ਨੂੰ ਤਾਰ ਲੈਂਦਾ ਹੈ।੧।(ਹੇ ਭਾਈ ! ਜਿਥੇ ਰੱਬ ਦਾ ਭਗਤ ਵਸਦਾ ਹੈ) ਉਹ ਪਿੰਡ ਧੰਨ ਹੈ, ਉਹ ਜਗ੍ਹਾ ਵੀ ਧੰਨ ਹੈ, (ਉਸ ਦਾ) ਪ੍ਰਵਾਰ ਵੀ ਪਵਿਤ੍ਰ ਹੈ ਅਤੇ (ਉਸ ਦੀ ਸੰਗਤ ਕਰਨ ਵਾਲੇ) ਸਾਰੇ ਲੋਕ ਧੰਨ ਹਨ।ਜਿਸ ਮਨੁੱਖ ਨੇ ਸ੍ਰੇਸਟ ਨਾਮ ਰਸ ਪੀਤਾ ਹੈ, (ਉਸ ਨੇ ਦੁਨੀਆਂ ਦੇ) ਹੋਰ ਸਾਰੇ ਰਸ ਛਡ ਦਿਤੇ ਹਨ, (ਉਸ ਨੇ ਹਰੀ ਦੇ ਨਾਮ) ਰਸ ਵਿਚ ਮਗਨ ਹੋ ਕੇ ਵਿਸ਼ੇ ਵਿਕਾਰਾਂ ਦੀ ਜਹਿਰ ਨੂੰ ਨਾਸ਼ ਕਰ ਸੁੱਟਿਆ ਹੈ।੨।(ਭਾਵੇਂ ਕੋਈ) ਵੱਡਾ ਵਿਦਵਾਨ ਪੰਡਤ, ਸੂਰਵੀਰ ਜਾਂ ਛਤ੍ਰਪਤੀ ਰਾਜਾ ਹੋਵੇ, (ਇਨ੍ਹਾਂ ਵਿਚੋਂ) ਹੋਰ ਕੋਈ ਵੀ ਭਗਤਾਂ ਦੇ ਬਰਾਬਰ ਨਹੀਂ ਹੋ ਸਕਦਾ।ਰਵਿਦਾਸ ਜੀ ਕਹਿੰਦੇ ਹਨ ਕਿ ਜਿਸ ਤਰ੍ਹਾਂ ਚੁਪੱਤੀ ਦੇ ਪੱਤੇ ਪਾਣੀ ਦੇ ਨੇੜੇ ਅਭਿੱਜ ਰਹਿੰਦੇ ਹਨ, (ਇਸੇ ਤਰ੍ਹਾਂ) ਜਗਤ ਵਿਚ ਜਨਮੇ ਹੋਏ ਭਗਤ ਨਿਰਲੇਪ ਰਹਿੰਦੇ ਹਨ; ਜਿਵੇਂ ਚੁਪੱਤੀ ਦੇ ਪੱਤੇ ਪਾਣੀ ਦੇ ਨੇੜੇ ਰਹਿੰਦੇ ਹਨ, ਇਵੇਂ ਭਗਤ ਜਗਤ ਵਿਚ ਜਨਮ ਲੈ ਕੇ ਪ੍ਰਭੂ ਦੇ ਨੇੜੇ ਰਹਿ ਕੇ ਜਿਉਂਦੇ ਹਨ।੩।੨।

ਬਰਨ ਅਬਰਨ = ਉਹ (ਭਗਤ) ਨੀਚ ਜਾਤ ਦਾ ਨਹੀਂ, ਉਚੀ ਜਾਤ ਦਾ ਬਣ ਜਾਂਦਾ ਹੈ, ਉਹ ਗਰੀਬ ਨਹੀਂ, ਅਮੀਰ ਹੈ।

ਪਦਾਰਥ = ਜਿਹ ਕੁਲ–ਜਿਸ ਖਾਨਦਾਨ ਵਿਚ।ਬੈਸਨੋ–ਪ੍ਰਮਾਤਮਾ ਦਾ ਭਗਤ।ਸਾਧੁ–ਸ੍ਰੇਸਟ।ਹੋਇ–ਪੈਦਾ ਹੋਵੇ।ਬਰਨ–ਉਚੀ ਜਾਤ।ਅਬਰਨ–ਨੀਵੀਂ ਜਾਤ॥ਰੰਕੁ–ਗਰੀਬ।ਈਸੁਰੁ–ਅਮੀਰ।ਬਿਮਲ–ਪਵਿਤ੍ਰ।ਬਾਸੁ–ਜਸ ਰੂਪ ਮਹਿਕ।ਜਾਨੀਐ–ਜਾਣਿਆ ਜਾਂਦਾ ਹੈ।ਜਗਿ–ਜਗਤ ਵਿਚ।ਸੋਇ–ਉਹ (ਭਗਤ)।੧।ਰਹਾਉ।ਬੈਸ–ਵੈਸ਼।ਸੂਦ–ਸ਼ੂਦਰ।ਅਰੁ–ਅਤੇ।ਡੋਮ–ਮਰਾਸੀ।ਚੰਡਾਰ

-ਚੰਡਾਲ (ਚੂੜ੍ਹਾ ਆਦਿ ਨੀਚ ਜਾਤ ਦਾ ਮਨੁੱਖ)। ਮਲੇਛ ਮਨ-ਮੈਲੇ ਮਨ ਵਾਲਾ। ਪੁਨੀਤ-ਪਵਿਤ੍ਰ। ਭਗਵੰਤ-ਪ੍ਰਮਾਤਮਾ। ਤੇ-ਤੋਂ; ਨਾਲ। ਤਾਰਿ-ਤਾਰ ਕੇ। ਕੁਲ ਦੋਇ-ਦੋਵੇਂ ਕੁਲਾਂ ਦੇ।੧। ਧੰਨਿ-ਧੰਨਤਾ ਦੇ ਯੋਗ। ਸੁ ਗਾਉ-ਉਹ ਪਿੰਡ। ਠਾਉ-ਥਾਂ। ਕੁਟੰਬ-ਪਰਵਾਰ। ਲੋਇ-ਲੋਕ। ਜਿਨਿ-ਜਿਸ (ਮਨੁੱਖ) ਨੇ। ਸਾਰ-ਸ੍ਰੇਸਟ। ਤਜੇ-ਛਡ ਦਿਤੇ। ਆਨ-ਹੋਰ। ਮਗਨ-ਮਸਤ। ਬਿਖੁ-ਜਹਿਰ। ਡਾਰੇ ਖੋਇ-ਨਾਸ਼ ਕਰ ਸੁੱਟਿਆ ਹੈ।੨। ਸੂਰ-ਸੂਰਵੀਰ। ਛਤ੍ਰਪਤਿ-ਛਤ੍ਰ ਰੱਖਣ ਵਾਲਾ। ਅਉਰੁ-ਹੋਰ। ਪੁਰੈਨ-ਚੁਪੱਤੀ; ਨੀਲ ਕਮਲ। ਪਾਤ-ਪੱਤੇ। ਸਮੀਪ-ਨੇੜੇ। ਭਨਿ-ਕਹਿੰਦਾ ਹੈ। ਜਨਮੇ-ਜੰਮੇ ਹਨ। ਓਇ-ਉਹ (ਭਗਤ ਜਨ)।੩।੨।

ਬਾਣੀ ਸਧਨੇ ਕੀ ਰਾਗੁ ਬਿਲਾਵਲੁ ੴ ਸਤਿਗੁਰ ਪ੍ਰਸਾਦਿ ॥ ਨ੍ਰਿਪ ਕੰਨਿਆ ਕੇ ਕਾਰਨੈ, ਇਕੁ ਭਇਆ ਭੇਖਧਾਰੀ ॥ ਕਾਮਾਰਥੀ ਸੁਆਰਥੀ, ਵਾ ਕੀ ਪੈਜ ਸਵਾਰੀ ॥੧॥ ਤਵ ਗੁਨ ਕਹਾ ਜਗਤ ਗੁਰਾ, ਜਉ ਕਰਮੁ ਨ ਨਾਸੈ ॥ ਸਿੰਘ ਸਰਨ ਕਤ ਜਾਈਐ, ਜਉ ਜੰਬੁਕੁ ਗ੍ਰਾਸੈ ॥੧॥ਰਹਾਉ॥ ਏਕ ਬੂੰਦ ਜਲ ਕਾਰਨੇ, ਚਾਤ੍ਰਿਕੁ ਦੁਖੁ ਪਾਵੈ ॥ ਪ੍ਰਾਨ ਗਏ ਸਾਗਰੁ ਮਿਲੈ, ਫੁਨਿ ਕਾਮਿ ਨ ਆਵੈ ॥੨॥ ਪ੍ਰਾਨ ਜੁ ਥਾਕੇ ਥਿਰੁ ਨਹੀ, ਕੈਸੇ ਬਿਰਮਾਵਉ ॥ ਬੂਡਿ ਮੂਏ ਨਉਕਾ ਮਿਲੈ, ਕਹੁ ਕਾਹਿ ਚਢਾਵਉ ॥੩॥ ਮੈ ਨਾਹੀ ਕਛੁ ਹਉ ਨਹੀਂ, ਕਿਛੁ ਆਹਿ ਨ ਮੋਰਾ ॥ ਅਉਸਰ ਲਜਾ ਰਾਖਿ ਲੇਹੁ, ਸਧਨਾ ਜਨੁ ਤੋਰਾ ॥੪॥੧॥ ਇਕ ਰਾਜੇ ਦੀ ਲੜਕੀ ਦੇ ਕਾਰਨ ਇਕ ਭੇਖਧਾਰੀ ਹੋਇਆ ਹੈ। ਜੋ ਕਾਮ ਵਾਸ਼ਨਾ ਵਾਲਾ ਤੇ ਮਤਲਬੀ ਸੀ, (ਫਿਰ ਵੀ ਹੇ ਪ੍ਰਭੂ! ਤੈਂ) ਉਸ ਦੀ ਪੈਜ ਰੱਖੀ ਸੀ।੧। ਹੇ ਜਗਤ ਦੇ ਗੁਰੂ ਪ੍ਰਮੇਸਰ! (ਤੇਰਾ ਆਸਰਾ ਲੈਣ ਦਾ) ਕੀ ਲਾਭ ਹੋਇਆ? ਜੇ (ਮੇਰਾ ਪਿਛਲਾ ਲਿਖਿਆ) ਕਰਮ ਫਲ ਨਾਸ਼ ਨਾ ਹੋਇਆ। ਸ਼ੇਰ ਦੀ ਸਰਨ ਵਿਚ ਕਿਉਂ ਜਾਈਏ? ਜੇ (ਰਸਤੇ ਵਿਚ) ਗਿੱਦੜ ਖਾ ਜਾਵੇ (ਤੇਰੀ ਸ਼ਰਨ ਵਿਚ ਆਉਣ ਦਾ ਕੀ ਲਾਭ? ਜੇ ਪਿਛਲੇ ਜਨਮਾਂ ਦੇ ਕਰਮਾਂ ਨੇ ਪਿੱਛਾ ਨਹੀਂ ਛਡਣਾ)।੧। ਰਹਾਉ। (ਹੇ ਪ੍ਰਭੂ! ਜਿਵੇਂ) ਪਾਣੀ ਦੀ ਇਕ ਸ੍ਵਾਂਤੀ ਬੂੰਦ ਦੀ ਪ੍ਰਾਪਤੀ ਵਾਸਤੇ ਪਪੀਹਾ ਦੁਖ ਪਾਉਂਦਾ ਹੈ। (ਪਰ ਸ੍ਵਾਂਤੀ ਬੂੰਦ ਦੀ ਉਡੀਕ ਵਿਚ ਉਸ ਪਪੀਹੇ ਦੇ ਜਦ) ਪ੍ਰਾਣ ਨਿਕਲ ਗਏ, (ਤਾਂ ਉਸ ਤੋਂ ਪਿੱਛੋਂ ਉਸ ਨੂੰ ਭਾਵੇਂ ਸ੍ਵਾਂਤੀ ਬੂੰਦ ਦਾ) ਸਮੁੰਦਰ ਮਿਲ ਜਾਵੇ, ਫਿਰ (ਮਰੇ ਹੋਏ ਪਪੀਹੇ ਦੇ ਸਮੁੰਦਰ ਕਿਸੇ) ਕੰਮ ਨਹੀਂ ਆਉਂਦਾ (ਜੇ ਮੈਂ ਦੁੱਖ ਸਹਾਰਦਾ ਹੋਇਆ ਮਰ ਗਿਆ, ਪਿੱਛੋਂ ਮੁਕਤੀ ਦੇਣ ਦਾ ਕੀ ਲਾਭ ਹੋਵੇਗਾ?)।੨। (ਹੇ ਪ੍ਰਭੂ!) ਮੇਰੇ ਪ੍ਰਾਣ, ਜੋ ਥੱਕ ਗਏ ਹਨ (ਸਰੀਰ ਕਮਜੋਰ ਹੋ ਗਿਆ ਹੈ, ਪ੍ਰਾਣਾਂ ਦੀ ਚਾਲ ਘਟ ਗਈ ਹੈ), ਟਿਕਾਉ ਨਹੀਂ ਰਿਹਾ (ਸਾਰੇ ਇੰਦ੍ਰੇ ਕਮਜੋਰ ਹੋ ਗਏ ਹਨ, ਹੱਥ ਪੈਰ ਕੰਬਦੇ ਹਨ, ਇਨ੍ਹਾਂ ਵਿਚ ਸਥਿਰਤਾ ਨਹੀਂ ਰਹੀ), ਮੈਂ ਕਿਸ ਤਰ੍ਹਾਂ ਅਰਾਮ ਨਾਲ ਬੈਠਾਂ? (ਅਸਥਿਰਤਾ ਅਰਾਮ ਨਹੀਂ ਲੈਣ ਦੇਂਦੀ)। ਜੇ ਡੁਬ ਕੇ ਮਰੇ ਹੋਏ ਮੁਰਦੇ ਨੂੰ ਬੇੜੀ ਮਿਲ ਜਾਵੇ, (ਤਾਂ ਉਸ ਨੂੰ ਬੇੜੀ ਦਾ ਕੀ ਲਾਭ?) ਦੱਸੋ, (ਉਸ ਬੇੜੀ ਉਤੇ) ਕਿਸ ਨੂੰ ਚੜ੍ਹਾਵਾਂਗਾ? (ਮਰਨ ਤੋਂ ਬਾਦ ਤੇਰੀ ਸਹਾਇਤਾ ਦਾ ਕੋਈ ਲਾਭ ਨਹੀਂ)।੩। (ਹੇ ਪ੍ਰਭੂ!) ਮੈਂ ਹੰਕਾਰ ਨਹੀਂ ਕਰਦਾ, ਮੈਂ ਕੁਛ ਵੀ ਨਹੀਂ ਹਾਂ ਅਤੇ ਨਾ ਹੀ ਮੇਰਾ (ਤੇਰੇ ਬਿਨਾ ਕੋਈ ਹੋਰ ਆਸਰਾ) ਹੈ। ਇਸ ਸਮੇਂ ਮੇਰੀ ਲਾਜ ਰੱਖ ਲੈ, ਮੈਂ ਸਧਨਾ ਤੇਰਾ ਦਾਸ ਹਾਂ।੪।੧।

ਪਦਾਰਥ = ਨ੍ਰਿਪ ਕੰਨਿਆ-ਰਾਜੇ ਦੀ ਲੜਕੀ। ਕੇ ਕਾਰਨੇ-ਦੇ ਵਾਸਤੇ। ਭਇਆ-ਹੋਇਆ। ਭੇਖਧਾਰੀ-ਭੇਖ ਧਾਰਨ ਵਾਲਾ ਮਨੁੱਖ। ਕਾਮਾਰਥੀ-ਕਾਮ ਵਾਸ਼ਨਾ ਵਾਲਾ ਕਾਮੀ ਮਨੁੱਖ। ਸੁਆਰਥੀ-ਮਤਲਬੀ। ਵਾ ਕੀ-ਉਸ ਦੀ। ਪੈਜ ਸਵਾਰੀ-ਲਾਜ ਰੱਖੀ।੧। ਤਵ-ਤੇਰੇ। ਗੁਨ-ਲਾਭ; ਫਲ। ਕਹਾ-ਕੀ। ਜਗਤ ਗੁਰਾ-ਹੇ ਜਗਤ ਗੁਰੂ ਪ੍ਰਮੇਸਰ!। ਜਉ-ਜੇ; ਜਦ। ਕਰਮੁ-(ਪਿਛਲੇ ਜਨਮਾਂ ਦਾ) ਕਰਮ ਫਲ। ਨ ਨਾਸੈ-ਨਾਸ਼ ਨਾ ਹੋਇਆ। ਸਿੰਘ ਸਰਨ-ਸ਼ੇਰ ਦੀ ਸ਼ਰਨ ਵਿਚ। ਕਤ-ਕਿਉਂ; ਕਿਸ ਵਾਸਤੇ। ਜੰਬੁਕੁ-ਗਿੱਦੜ। ਗ੍ਰਾਸੈ-ਖਾ ਜਾਵੇ।੧। ਰਹਾਉ। ਬੂੰਦ ਜਲ-ਮੀਂਹ ਦੇ ਪਾਣੀ ਦੀ ਸ੍ਵਾਂਤੀ ਬੂੰਦ। ਕਾਰਨੇ-ਵਾਸਤੇ। ਚਾਤ੍ਰਿਕੁ-ਪਪੀਹਾ। ਪ੍ਰਾਨ ਗਏ-ਜਾਨ ਨਿਕਲ ਗਈ। ਫੁਨਿ-ਫਿਰ। ਕਾਮਿ-ਕੰਮ।੨। ਥਾਕੇ-ਥੱਕ ਗਏ ਹਨ (ਮੁੱਕ ਜਾਣ ਵਾਲੇ ਹਨ)। ਥਿਰੁ-ਟਿਕਾਉ; ਦ੍ਰਿੜਤਾ। ਬਿਰਮਾਵਉ-ਅਰਾਮ ਕਰਾਂ; ਠਹਿਰਾਵਾਂ (ਪ੍ਰਾਣ ਸਦਾ ਚਲਦੇ ਰਹਿਣ ਵਾਲੇ ਨਹੀਂ ਹਨ)। ਬੂਡਿ ਮੂਏ-ਡੁਬ ਕੇ ਮਰੇ (ਮੁਰਦੇ) ਨੂੰ। ਨਉਕਾ-ਬੇੜੀ। ਕਹੁ-ਦੱਸੋ। ਕਾਹਿ-ਕਿਸ ਨੂੰ। ਚੜਾਵਉ-ਮੈਂ ਚੜ੍ਹਾਵਾਂਗਾ।੩। ਹਉ-ਮੈਂ। ਆਹਿ-ਹੈ। ਮੋਰਾ-ਮੇਰਾ। ਲਜਾ-ਇੱਜਤ ;ਲਾਜ। ਅਉਸਰ-ਸਮਾ; ਮੌਕਾ। ਜਨੁ-ਸੇਵਕ। ਤੋਰਾ-ਤੇਰਾ।੪।੧।

ਵਿਆਖਿਆ = ਭਗਤ ਸਧਨਾ ਜੀ ਦਾ ਜਨਮ ਸਿੰਧ ਹੈਦਰਾਬਾਦ ਦੇ ਇਲਾਕੇ ਸਿਹਵਾਲ ਨਗਰ ਵਿਚ ਹੋਇਆ। ਇਹ ਕਸਾਈ ਸੀ ਤੇ ਜਾਨਵਰ ਵੱਢ ਕੇ ਮਾਸ ਵੇਚਣ ਦਾ ਕੰਮ ਕਰਦਾ ਸੀ। ਨਾਮ ਦੇਵ ਜੀ ਦਾ ਸਮਕਾਲੀ ਸੀ, ਜਨਮ ੧੧੮੦ ਈ. ਦਾ ਦਸੀਦਾ ਹੈ, ਜਨਮ ਤੋਂ ਸਧਨਾ ਮੁਸਲਮਾਨ ਸੀ, ਪਰ ਕਈ ਵਿਦਵਾਨ ਆਪ ਦਾ ਜਨਮ ਹਿੰਦੂਆਂ ਦੇ ਘਰ ਦਾ ਵੀ ਦਸਦੇ ਹਨ।

ਇਕ ਰਾਜੇ ਦੀ ਲੜਕੀ ਨੇ ਪ੍ਰਣ ਕੀਤਾ ਸੀ ਕਿ ਵਿਆਹ ਵਿਸ਼ਨੂੰ ਨਾਲ ਕਰਾਂਗੀ। ਉਸ ਨੂੰ ਪਸੰਦ ਕਰਨ ਵਾਲੇ ਇਕ ਤਖਾਣ ਨੇ ਵਿਸ਼ਨੂੰ ਦਾ ਰੂਪ ਧਾਰ ਕੇ ਠੱਗੀ ਨਾਲ ਰਾਜੇ ਦੀ ਲੜਕੀ ਨੂੰ ਵਿਆਹ ਲਿਆ। ਕੁਝ ਸਮੇਂ ਬਾਦ ਤਖਾਣ ਦੇ ਸਹੁਰੇ ਰਾਜੇ ਤੇ ਕਿਸੇ ਹੋਰ ਰਾਜੇ ਨੇ ਹਮਲਾ ਕਰ ਦਿਤਾ। ਰਾਜੇ ਨੇ ਅਪਣੇ ਜਵਾਈ ਤੋਂ ਮੱਦਦ ਮੰਗੀ ਕਿ ਤੇਰੇ ਪ੍ਰਤਾਪ ਨਾਲ ਮੇਰੀ ਜਿੱਤ ਹੋਵੇ। ਭੇਖੀ ਜਵਾਈ ਨੇ ਅਪਣੇ ਆਪ ਨੂੰ ਸ਼ਕਤੀ ਹੀਣ ਜਾਣ ਕੇ ਭਗਵਾਨ ਅੱਗੇ ਅਰਦਾਸ ਕੀਤੀ। ਉਸ ਦੀ ਅਰਦਾਸ ਪ੍ਰਵਾਨ ਹੋਈ ਅਤੇ ਰਾਜੇ ਦੀ ਜਿੱਤ ਹੋਈ। ਸਧਨੇ ਨੇ ਮਾਸ ਤੋਲਣ ਵਾਲੇ ਜੋ ਵੱਟੇ ਰੱਖੇ ਹੋਏ ਸਨ, ਉਨ੍ਹਾਂ ਵਿਚੋਂ ਇਕ ਚਿੱਟੀਆਂ ਧਾਰੀਆਂ ਵਾਲਾ ਕਾਲਾ ਪੱਥਰ ਸੀ। ਹਿੰਦੂ ਐਸੇ ਪੱਥਰ ਨੂੰ ਠਾਕਰ ਮੰਨ ਕੇ ਪੂਜਦੇ ਹਨ, ਇਹ ਪੱਥਰ ਇਕ ਦਿਨ ਇਕ ਬਾਹਮਣ ਦੀ ਨਜਰੀਂ ਪੈ ਗਿਆ। ਬਾਹਮਣ ਨੇ ਸਧਨੇ ਨੂੰ ਕਿਹਾ, ਕਿ ਤੇਰਾ ਇਹ ਕੰਮ ਬਹੁਤ ਮਾੜਾ ਹੈ, ਇਹ ਤਾਂ ਠਾਕਰ ਹੈ, ਜੋ ਅਸੀਂ ਪੂਜਦੇ ਹਾਂ। ਸਧਨੇ ਨੇ ਉਹ ਪੱਥਰ ਬਾਹਮਣ ਨੂੰ ਦੇ ਦਿਤਾ, ਬਾਹਮਣ ਠਾਕਰ ਨੂੰ ਘਰ ਲੈ ਗਿਆ। ਰਾਤ ਨੂੰ ਸੁਪਨੇ ਵਿਚ ਠਾਕਰ ਨੇ ਕਿਹਾ ਕਿ ਮੈਨੂੰ ਸਧਨੇ ਕੋਲ ਹੀ ਛਡ ਆ, ਜਿਸ ਤੇ ਬਾਹਮਣ ਸਧਨੇ ਕੋਲ ਠਾਕਰ ਵਾਪਸ ਦੇ ਆਇਆ। ਇਹ ਹੋਰ ਕਹਾਣੀ ਹੈ ਕਿ ਰਾਤ ਨੂੰ ਕੋਈ ਮਾਸ ਲੈਣ ਆਇਆ, ਪਰ ਮਾਸ ਮੁੱਕ ਚੁੱਕਾ ਸੀ। ਸਧਨੇ ਨੇ ਬਕਰੇ ਦੇ ਕੋਈ ਅੰਗ ਵਢ ਕੇ ਦੇਣੇ ਚਾਹੇ, ਬਕਰਾ ਬੋਲ ਪਿਆ ਕਿ ਕਈ ਜਨਮ ਤੂੰ ਮੈਨੂੰ ਵੱਢਿਆ ਹੈ ਤੇ ਕਈ ਜਨਮ ਮੈਂ ਤੈਨੂੰ ਵੱਢਿਆ ਹੈ, ਪਰ ਹੁਣ ਤੂੰ ਨਵੀਂ ਭਾਜੀ ਪਾ ਰਿਹਾ ਹੈਂ। ਇਸ ਤੋਂ ਸਧਨੇ ਨੇ ਕਸਾਈ ਪੁਣਾ ਛਡ ਦਿਤਾ ਤੇ ਭਜਨ ਕਰਨ ਲਗ ਪਿਆ।

ਜਨਮ ਸਾਖੀ ਮੇਹਰਬਾਨ ਅਨੁਸਾਰ ਅਯੁਧਿਆ ਵਿਖੇ ਜੋ ਭਗਤ ਗੁਰੂ ਨਾਨਕ ਦੇਵ ਜੀ ਨੂੰ ਮਿਲੇ, ਉਨ੍ਹਾਂ ਵਿਚ ਭਗਤ ਸਧਨਾ ਵੀ ਸੀ = **ਤਬ ਸ੍ਰੀ ਪਾਰਬ੍ਰਹਮ ਕੀ ਆਗਿਆ ਸਾਥ ਭਗਤ ਮਿਲ ਕਰ ਆਏ, ਨਾਮਾ, ਜੈ ਦੇਉ ,ਕਬੀਰ, ਤ੍ਰਿਲੋਚਨ, ਰਵਿਦਾਸ, ਸਧਨਾ, ਧੰਨਾ, ਬੇਣੀ ਅਵਰ ਜੇ ਕੋਈ ਭਗਤ ਥਾ ਸਭ ਮਿਲ ਕਰ ਗੁਰੂ ਬਾਬੇ ਨਾਨਕ ਪਹਿ ਆਏ।**

ਕੋਈ ਲੜਕੀ ਸਧਨੇ ਦਾ ਸੁੰਦਰ ਰੂਪ ਦੇਖ ਕੇ ਮੋਹਿਤ ਹੋ ਗਈ, ਉਹ ਸਧਨੇ ਤੋਂ ਅਪਣੀ ਕਾਮ ਵਾਸ਼ਨਾ ਦੀ ਪੂਰਤੀ ਚਾਹੁੰਦੀ ਸੀ ।ਪਰ ਸਧਨਾ ਅਪਣੇ ਧਰਮ ਤੇ ਕਾਇਮ ਰਿਹਾ। ਲੜਕੀ ਨੇ ਅਪਣਾ ਪਤੀ ਮਾਰ ਕੇ ਦੂਸ਼ਨ ਸਧਨੇ ਤੇ ਲਾ ਦਿਤਾ ਤੇ ਗ੍ਰਿਫਤਾਰ ਕਰਾ ਦਿਤਾ। ਇਨਸਾਫ ਹੋਇਆ, ਸਧਨਾ ਬਰੀ ਹੋ ਗਿਆ। ਗੁਰੂ ਗ੍ਰੰਥ ਸਾਹਿਬ ਵਿਚ ਸਧਨੇ ਦਾ ਬਿਲਾਵਲ ਰਾਗ ਵਿਚ ਇਕੋ ਹੀ ਸ਼ਬਦ ਹੈ।

ਨਾਮ ਦੇਵ ਕਬੀਰੁ ਤਿਲੋਚਨੁ ਸਧਨਾ ਸੈਨ ਤਰੈ ॥ (੧੧੦੬)

ਧੰਨਾ ਜਟੁ ਵਖਾਣੀਐ ਸਧਨਾ ਜਾਤਿ ਅਜਾਤਿ ਕਸਾਈ। ਭਾ.ਗੁ. ਵਾਰ ੨੫ – ੫